# *Centre for Distance & Online Education*

**UNIVERSITY OF JAMMU**
**JAMMU**

# SELF LEARNING MATERIAL

## B.A. SEMESTER -II

**Subject: Punjabi** **COURSE NO. Pb-201**

**Unit I-III** **Lesson No. 1 -15**

**Course Coordinator**
**Dr.Jaspal Singh**

***Printed & Published on behalf of the Centre for Distance and Online Education, University of Jammu by the Director, CDOE, University of Jammu, Jammu.***

***http :/www.distanceeducationju.in***

# PUNJABI


| ***Course Writers*** | ***Lesson*** |
|---|---|
| Dr. Kuldeep Singh<br>Asst. Professor<br>MAM College, Jammu | 1-5 |
| Dr. Loveleen Kour<br>GDC, Poonch | 6-9 |
| Dr. Kuldeep Singh<br>Asst. Professor<br>MAM College, Jammu | 10-13 |
| Dr. Sushil Sharma<br>Associate Professor<br>CDOE, University of Jammu | 14-15 |



© Centre for Distance and Online Education, University of Jammu, Jammu, 2025

- All rights reserved. No part of this work may be reproduced in any form, by mimeograph or any other means, without permission in writing from the CDOE, University of Jammu.
- The script writer shall be responsible for the lesson/script submitted to the CDOE and any plagiarism shall be his/her entire responsibility

# ਪ੍ਰਸੰਗ ਸਹਿਤ ਵਿਆਖਿਆ

**ਸਾਗਰ ਪੁੱਛਦਾ : ਨਦੀਏ! ਸਾਰੇ ਬੂਟੇ ਬੂਟੀਆਂ ਲਯਾਵੇਂ,**
**'ਪਰ ਨਾ ਕਦੀ ਬੈਂਤ ਦਾ ਬੂਟਾ ਏਥੇ ਆਣ ਪੁਚਾਵੇਂ ?'**
**ਨਦੀ ਆਖਦੀ : 'ਆਕੜ ਵਾਲੇ, ਸਭ ਬੂਟੇ ਪੁੱਟ ਸੱਕਾਂ,**
**'ਪਰ ਜੋ ਝੁਕੇ, ਵਗੇ ਰਉਂ ਰੁੱਖ ਨੂੰ ਪੇਸ਼ ਨਾ ਉਸ ਤੇ ਜਾਵੇ।"**

**ਪ੍ਰਸੰਗ**—ਇਹ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ 'ਦੋ ਰੰਗ' ਵਿੱਚੋਂ ਲਈਆਂ ਗਈਆਂ ਹਨ। ਜਿਹਨਾਂ ਦੇ ਲੇਖਕ ਭਾਈ ਵੀਰ ਸਿੰਘ ਜੀ ਹਨ ਅਤੇ ਸਿਰਲੇਖ 'ਰਉ ਰੁੱਖ' ਕਵਿਤਾ ਅਧੀਨ ਹਨ। ਇਹ 'ਰਉਂ ਰੁੱਖ' ਨਾਮੀ ਕਵਿਤਾ ਭਾਈ ਵੀਰ ਸਿੰਘ ਜੀ ਦੇ ਕਾਵਿ ਸੰਗ੍ਰਹਿ 'ਲਹਿਰਾਂ ਦੇ ਹਾਰ' ਵਿਚ ਦਰਜ ਹੈ। ਇਹਨਾਂ ਸਤਰਾਂ ਦੁਆਰਾ ਭਾਈ ਵੀਰ ਸਿੰਘ ਜੀ ਨੇ ਨਿਮਰਤਾ ਦੀ ਮਹੱਤਤਾ ਨੂੰ ਦਰਸਾਇਆ ਹੋਇਆ ਹੈ।

**ਵਿਆਖਿਆ**—ਭਾਈ ਵੀਰ ਸਿੰਘ ਜੀ ਕੁਦਰਤ ਦੇ ਕਵੀ ਹਨ, ਕਿਉਂਕਿ ਉਹਨਾਂ ਜੋ ਕੁਝ ਵੀ ਕਵਿਤਾਵਾਂ ਰਾਹੀਂ ਪੇਸ਼ ਕੀਤਾ, ਉਹ ਪ੍ਰਕ੍ਰਿਤੀ ਸੰਬੰਧਤ ਹੀ ਹੈ। ਭਾਈ ਸਾਹਿਬ ਜੀ ਨੇ ਕਵਿਤਾ 'ਰਉਂ ਰੁੱਖ' ਰਾਹੀਂ ਨਿਮਰਤਾ ਦੀ ਮਹਤੱਤਾ ਨੂੰ ਦਰਸ਼ਾਉਂਦਿਆਂ ਹੋਇਆ ਮਨੁੱਖ ਨੂੰ ਸੰਬੋਧਨ ਕਰਦਿਆਂ ਹੋਇਆਂ ਸਮਝਾਉਣ ਦਾ ਯਤਨ ਕੀਤਾ ਹੈ ਕਿ ਜਿਹੜੇ ਮਨੁੱਖ ਹਮੇਸ਼ਾ ਹੀ ਨਿਮਰਤਾ ਵਿਚ ਰਹਿੰਦੇ ਹਨ। ਉਹਨਾਂ ਦਾ ਕੋਈ ਵੀ ਕੁਝ ਵਿਗਾੜ ਨਹੀਂ ਸਕਦਾ ਹੈ। ਭਾਈ ਸਾਹਿਬ ਨੇ ਨਦੀ ਅਤੇ ਸਾਗਰ ਦਾ ਪ੍ਰਸ਼ਨੋਉਤਰੀ ਸੰਵਾਦ ਰਚਾਇਆ ਹੋਇਆ ਹੈ। ਸਾਗਰ ਨਦੀ ਨੂੰ ਪ੍ਰਸ਼ਨ ਕਰਦਾ ਹੋਇਆ ਕਹਿੰਦਾ ਹੈ ਕਿ ਹੇ ਨਦੀਏ ਤੂੰ ਆਪਣੇ ਪਾਣੀ ਦੇ ਵਹਾਉ ਨਾਲ ਸਭ ਕੁਝ ਪੁਟ ਕੇ ਲੈ ਆਉਂਦੀ ਹੈਂ ਪਰ 'ਰਉ ਰੁੱਖ' ਕਦੀ ਵੀ ਨਹੀਂ ਲਿਆਂਦਾ। ਇਸ ਦਾ ਕਾਰਣ ਕੀ ਹੈ। ਜਵਾਬ ਵਿੱਚ ਨਦੀ ਸਾਗਰ ਨੂੰ 'ਰਉਂ ਰੁੱਖ' ਦੀ ਵਿਸ਼ੇਸ਼ਤਾ ਬਾਰੇ ਦੱਸਦੀ ਹੋਈ ਕਹਿੰਦੀ ਹੈ ਕਿ ਹੇ ਸਾਗਰ 'ਰਉਂ ਰੁੱਖ' ਵਿਚ ਨਿਮਰਤਾ ਬਹੁਤ ਹੀ ਵੱਡਾ ਗੁਣ ਹੈ। ਜਿਸ ਕਾਰਣ ਮੈਂ ਉਸ ਨੂੰ ਪੁੱਟਣ ਵਿੱਚ ਅਸਮਰਥ ਹੋ ਜਾਂਦੀ ਹਾਂ ਕਿਉਂਕਿ ਉਹ ਮੇਰੇ ਪਾਣੀ ਦੇ ਵਹਾਓ ਨਾਲ ਹੀ ਝੁੱਕ ਜਾਂਦਾ ਹੈ। ਜਿਸ ਕਾਰਣ ਮੇਰਾ ਉਸ ਉੱਤੇ ਕੋਈ ਵਸ ਨਹੀਂ ਚਲਦਾ ਹੈ ਤੇ ਮੈਂ ਉਸਨੂੰ ਪੁੱਟਣ ਤੋਂ ਬੇਵਸ ਹੋ ਜਾਂਦੀ ਹਾਂ।

ਇਹਨਾਂ ਸਤਰਾਂ ਤੋਂ ਕਵੀ ਦਾ ਇਹ ਭਾਵ ਹੈ ਕਿ ਮਨੁੱਖ ਨੂੰ ਹਮੇਸ਼ਾ ਹੀ ਨਿਮਰਤਾ ਵਿਚ ਜੀਵਨ ਗੁਜਾਰਨਾ ਚਾਹੀਦਾ ਹੈ, ਕਿਉਂਕਿ ਨਿਮਰਤਾ ਅੰਦਰ ਰਹਿਣ ਵਾਲੇ ਦਾ ਕੋਈ ਵੀ ਕੁਝ ਨਹੀਂ ਵਿਗਾੜ ਸਕਦਾ ਹੈ।

**ਆਖੀ — ਪ੍ਰੇਮ ਇਹ ਪਿਛਾਂ ਨਹੀਂ ਮੁੜਨ ਜੋਗਾ,**
**ਬੇੜੇ ਸਿਦਕ ਦੇ ਠਿਲ੍ਹਦੇ ਰਹਿਣਗੇ ਵੇ!**



..........................................................

..........................................................

**ਪਰਲੋ ਤੀਕ ਪਰ ਮੰਦਰਾਂ ਵਿਚ ਚਾਤ੍ਰਿਕ,**
**ਏਸੇ ਬੰਦੀ ਨੇ ਵੱਸਣਾ ਏਂ ਨਾਲ ਤੇਰੇ!**

**ਪ੍ਰਸੰਗ**—ਇਹ ਸਤਰਾਂ ਸਾਡੀ ਪੰਜਾਬੀ ਦੀ ਪਾਠ-ਪੁਸਤਕ "ਦੋ ਰੰਗ" ਵਿੱਚੋਂ ਲਈਆਂ ਗਈਆਂ ਹਨ, ਜਿਹਨਾਂ ਦੇ ਲੇਖਕ ਧਨੀ ਰਾਮ ਚਾਤ੍ਰਿਕ ਜੀ ਹਨ। "ਰਾਧਾ ਸੰਦੇਸ" ਸਿਰਲੇਖ ਅਧੀਨ ਲਿਖੀਆਂ ਗਈਆਂ ਸਤਰਾਂ ਉਹਨਾਂ ਦੇ ਕਾਵਿ ਸੰਗ੍ਰਹਿ "ਚੰਦਨ ਵਾੜੀ" ਵਿਚ ਦਰਜ ਹਨ। ਧਨੀ ਰਾਮ ਚਾਤ੍ਰਿਕ ਜੀ ਨੇ ਇਹਨਾਂ ਸਤਰਾਂ ਰਾਹੀਂ ਰਾਧਾ ਕ੍ਰਿਸ਼ਨ ਦੇ ਪਿਆਰ ਦਾ ਵਰਨਣ ਕੀਤਾ ਹੋਇਆ ਹੈ।

**ਵਿਆਖਿਆ**—ਇਹਨਾਂ ਸਤਰਾਂ ਦੁਆਰਾ ਧਨੀ ਰਾਮ ਚਾਤ੍ਰਿਕ ਨੇ ਰਾਧਾ ਕ੍ਰਿਸ਼ਨ ਪਿਆਰ ਪ੍ਰਸੰਗ ਦਾ ਵਰਨਣ ਕੀਤਾ ਹੋਇਆ ਹੈ। ਜਦੋਂ ਕ੍ਰਿਸ਼ਨ ਜੀ ਕੰਸ ਨੂੰ ਮਾਰ ਕੇ ਮਥੁਰਾ ਦੇ ਰਾਜ ਪ੍ਰਬੰਧ ਵਿੱਚ ਜੁੱਟ ਜਾਂਦੇ ਹਨ ਤਾਂ ਪਿੱਛੇ ਬ੍ਰਿਜ ਗੋਪੀਆਂ ਕ੍ਰਿਸ਼ਨ ਦੇ ਪਿਆਰ ਵਿਚ ਵਿਆਕੁਲ ਹੋ ਕੇ ਮਿਲਣ ਲਈ ਸੁਨੇਹੇ ਤੇ ਸੁਨੇਹਾ ਭੇਜਦੀਆਂ ਹਨ। ਅੰਤ ਵਿਚ ਕ੍ਰਿਸ਼ਨ ਆਪਣੀ ਲਾਚਾਰੀ ਜਿੱਤਾ ਕੇ ਊਧੋ ਦੁਆਰਾ ਸੰਦੇਸ ਭੇਜਦਾ ਹੈ। ਊਧੋ ਦੀਆਂ ਗੱਲਾਂ ਤੋਂ ਖਿੱਝ ਕੇ ਰਾਧਾ ਉਸ ਨੂੰ ਉੱਤਰ ਦੇਂਦੀ ਹੈ। ਰਾਧਾ ਕ੍ਰਿਸ਼ਨ ਦੇ ਪ੍ਰੇਮ ਵਿੱਚ ਝੱਲੀ ਹੋਈ ਊਧੋ ਨਾਲ ਗੱਲਾਂ ਕਰਦੀ ਹੋਈ, ਕਈ ਵਾਰ ਕ੍ਰਿਸ਼ਨ ਨੂੰ ਸਨਮੁਖ ਕਰ ਲੈਂਦੀ ਹੈ। ਰਾਧਾ ਆਪਣੇ ਸੱਚੇ ਪਿਆਰ ਦਾ ਵਾਸਤਾ ਪਾਉਂਦੀ ਹੋਈ ਊਧੋ ਰਾਹੀਂ ਆਪਣਾ ਸੰਦੇਸ਼ ਭੇਜਦੀ ਹੋਈ ਕਹਿੰਦੀ ਹੈ ਕਿ ਮੇਰਾ ਇਹ ਸੱਚਾ ਪਿਆਰ ਤੇਰੇ ਤੋਂ ਟੁੱਟ ਨਹੀਂ ਸਕਦਾ। ਮੈਂ ਸਬਰ ਤੇ ਸੰਤੋਖ ਨਾਲ ਅੱਗੇ ਹੀ ਵੱਧਦੀ ਜਾਵਾਂਗੀ। ਮੈਂ ਤੇਰੇ ਤੋਂ ਵੱਖ ਨਹੀਂ ਹੋ ਸਕਦੀ ਜਿਵੇਂ ਨਹੁੰ ਤੇ ਮਾਸ ਵੱਖ ਨਹੀਂ ਹੋ ਸਕਦੇ। ਜਿੱਥੇ ਵੀ ਕਿਧਰੇ ਚਾਰ ਮਨੁੱਖ ਪਿਆਰ ਦੀ ਗੱਲ ਕਰਨਗੇ, ਉਥੇ ਹੀ ਮੇਰਾ ਤੇ ਨਾਮ ਜ਼ਰੂਰ ਆਵੇਗਾ। ਬੇਸ਼ੱਕ ਤੂੰ ਮੇਰੇ ਤੋਂ ਦੂਰ ਹੋ ਗਿਆ ਹੈ ਪਰ ਫਿਰ ਵੀ ਤੇਰੇ ਤੋਂ ਪਹਿਲਾਂ ਮੇਰਾ ਹੀ ਨਾਮ ਲਿਆ ਜਾਵੇਗਾ। ਬੇਸ਼ੱਕ ਤੈਨੂੰ ਦੂਜੀਆਂ ਦਾ ਸਾਥ ਮਿਲ ਗਿਆ ਹੈ, ਜਿਹਨਾਂ ਨਾਲ ਤੇਰੇ ਜਸ਼ ਗਾਏ ਜਾ ਰਹੇ ਹਨ ਪਰ ਦੁਨੀਆਂ ਫਨਾਹ (ਨਾਸ਼) ਹੋਣ ਤੀਕ ਮੰਦਰਾਂ ਅੰਦਰ ਤੇਰੇ ਨਾਲ ਮੇਰੀ ਹੀ ਮੂਰਤੀ ਬਿਰਾਜਮਾਣ ਰਹੇਗੀ। ਕਹਿਣ ਤੋਂ ਭਾਵ ਇਹ ਹੈ ਕਿ ਮੇਰਾ ਅਤੇ ਤੇਰਾ ਪਿਆਰ ਅਮਰ ਹੈ ਤੇ ਹਮੇਸ਼ਾ ਅਮਰ ਹੀ ਰਹੇਗਾ। ਇਸੇ ਲਈ ਹੀ ਜਿੱਥੇ ਵੀ ਕਿਧਰੇ ਤੇਰੇ ਨਾਮ ਦੀ ਚਰਚਾ ਹੋਵੇਗੀ, ਉੱਥੇ ਹੀ ਤੇਰੇ ਨਾਲੋਂ ਵੀ ਪਹਿਲਾਂ ਮੇਰੇ ਨਾਂ ਦਾ ਜਿਕਰ ਜ਼ਰੂਰ ਹੋਵੇਗਾ। ਜਿਸ ਕਰਕੇ ਧਨੀ ਰਾਮ ਚਾਤ੍ਰਿਕ ਵੀ ਇਸ ਗੱਲ ਦਾ ਗਵਾਹ ਬਣਦਾ ਹੋਇਆ ਕਹਿੰਦਾ ਹੈ ਕਿ ਮੰਦਰਾਂ ਅੰਦਰ ਰਾਧਾ ਤੇ ਕ੍ਰਿਸ਼ਨ ਦੀ ਮੂਰਤੀ ਹੀ (ਬਿਰਾਜਮਾਣ) ਸਥਾਪਿਤ ਰਹੇਗੀ। ਜੋ ਕਿ ਰਾਧਾ ਕ੍ਰਿਸ਼ਨ ਦੇ ਸੱਚੇ ਪਿਆਰ ਦੀ ਸਹਾਦਤ ਹੈ।

**ਉਹ ਪੁਰਾਣਾ ਅਦਬ ਤੇ ਰਿਹਸ ਨਾਂਹ।**
**ਉਹ ਪ੍ਰੀਤ ਦੀਆਂ ਪੀਡੀਆਂ ਪੀਡੀਆਂ ਗੰਢਾਂ।**

..........................................................

..........................................................

**ਉਹ ਰੋਟੀਆਂ ਤੇ ਮਹਿਫਲਾਂ, ਉਹ ਡੂੰਘੀ ਡੂੰਘੀ ਸ਼ਰਮਾਂ,**
**ਸ਼ਰਾਰਤਾਂ, ਉਹ ਕਿਥੇ ?**

**ਪ੍ਰਸੰਗ**—ਇਹ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ 'ਦੋ ਰੰਗ' ਵਿੱਚੋਂ ਲਈਆਂ ਗਈਆਂ ਹਨ। ਇਹ

'ਪੁਰਾਣੇ ਪੰਜਾਬ ਨੂੰ ਅਵਾਜ਼ਾਂ" ਸਿਰਲੇਖ ਅਧੀਨ ਪ੍ਰੋ. ਪੂਰਨ ਸਿੰਘ ਦੇ ਕਾਵਿ ਸੰਗ੍ਰਹਿ ਖੁਲ੍ਹੇ ਮੈਦਾਨ ਵਿਚ ਦਰਜ ਹੈ। ਇਸ ਕਵਿਤਾ ਰਾਹੀਂ ਪ੍ਰੋ. ਪੂਰਨ ਸਿੰਘ ਨੇ ਅੱਜ ਦੇ ਪੰਜਾਬ ਨੂੰ ਪੁਰਾਣੇ ਪੰਜਾਬ ਨਾਲ ਤੁਲਨਾਇਆ ਹੋਇਆ ਹੈ।

**ਵਿਆਖਿਆ**—ਇਹਨਾਂ ਸਤਰਾਂ ਦੁਆਰਾ ਪ੍ਰੋ. ਪੂਰਨ ਸਿੰਘ ਜੀ ਨੇ ਅੱਜ ਦੇ ਪੰਜਾਬੀ ਸਭਿਆਚਾਰ ਨੂੰ ਪੁਰਾਣੇ ਪੰਜਾਬੀ ਸਭਿਆਚਾਰ ਨਾਲ ਤੁਲਨਾਇਆ ਹੋਇਆ ਹੈ। ਕਵੀ ਅੱਜ ਦੇ ਵਿਗੜੇ ਹੋਏ ਪੰਜਾਬੀ ਵਾਤਾਵਰਣ ਪ੍ਰਤੀ ਚਿੰਤਤ ਰੂਪ ਵਿੱਚ ਕਹਿੰਦੇ ਹਨ ਕਿ ਪਹਿਲਾਂ ਵਰਗਾ ਸਤਿਕਾਰ ਤੇ ਪਿਆਰ ਨਹੀਂ ਹੈ। ਪਹਿਲਾਂ ਪੰਜਾਬੀ ਲੋਕ ਆਪਸੀ ਪਿਆਰ ਦੀਆਂ ਤੰਦਾਂ ਵਿੱਚ ਬੱਝੇ ਹੋਏ ਸਨ। ਜਿਸ ਕਾਰਣ ਧੀਆਂ ਦਾ ਵੀ ਸਤਿਕਾਰ ਸੀ ਤੇ ਆਜਾਦ ਹੋ ਕੇ ਬਿਨਾਂ ਡਰ ਤੋਂ ਇਕੱਠੀਆਂ ਮਿਲ ਬੈਠ ਕੇ ਬੇਲਿਆਂ 'ਚ ਪੀਘਾਂ ਝੂਟਦੀਆਂ ਸਨ। ਆਪਸੀ ਸ਼ਰੀਕਾਂ ਭਾਈਚਾਰਾਂ ਮੁੱਕ ਗਿਆ ਹੈ। ਪੰਜਾਬੀਆਂ ਦਾ ਖੁਲ੍ਹਾ ਡੁਲ੍ਹਾ ਰੱਵਈਆ, ਸੇਵਾ ਭਾਵ ਅਤੇ ਅਣੱਖ ਲਈ ਮਰ ਮਿਟਨਾ ਸਮਾਪਤ ਹੁੰਦਾ ਜਾ ਰਿਹਾ ਹੈ। ਉਹਨਾਂ ਦਾ ਖੁਲ੍ਹਾ ਡੁਲ੍ਹਾ ਮਹਿਫਲਾਂ ਵਿੱਚ ਮਿਲ ਬੈਠ ਕੇ ਇਕ ਦੂਜੇ ਨਾਲ ਹਸੀ ਮਜਾਕ ਤੇ ਸ਼ਰਾਰਤਾਂ ਵਾਲਾ ਮਾਹੌਲ ਸਮਾਪਤ ਹੋ ਗਿਆ ਹੈ। ਪ੍ਰੋ. ਪੂਰਨ ਸਿੰਘ ਪੰਜਾਬ ਵਿਚਲੇ ਦਿਨੋਂ ਦਿਨ ਵਿਗੜਦੇ ਜਾ ਰਹੇ ਹਾਲਾਤਾਂ ਪ੍ਰਤੀ ਬਹੁਤ ਹੀ ਚਿੰਤਤ ਹੈ ਅਤੇ ਇਸ ਚਿੰਤਾ ਪ੍ਰਤੀ ਆਮ ਲੋਕਾਂ ਨੂੰ ਸੁਚੇਤ ਕਰਦਾ ਹੋਇਆ ਅਗੋਂ ਸੁਧਾਰ ਲਈ ਪ੍ਰੇਰਿਤ ਕਰਦਾ ਹੋਇਆ ਸੁਚੇਤ ਕਰਨ ਦੀ ਕੋਸ਼ਿਸ਼ ਕਰਦਾ ਹੈ।

**ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ,**
**ਹਾਂ ਮੈਂ ਪੇਂਡੂ ਪਰ ਸ਼ਹਿਰੀਏ ਰੰਗ ਦਾ ਹਾਂ।**
**.......................................**
**.......................................**
**ਮੈਂ ਪੰਜਾਬੀ, ਪੰਜਾਬ ਦਾ ਸਰਵ ਸੇਵਕ,**
**ਸਦਾ ਸ਼ੈਰ ਪੰਜਾਬੀ ਦੀ ਮੰਗਦਾ ਹਾਂ।**

**ਪ੍ਰਸੰਗ**—ਇਹ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ 'ਦੋ ਰੰਗ' ਵਿਚ ਦਰਜ ਹਨ। ਇਹ ਸ਼ਾਇਰੀ ਫੀਰੋਜ਼ਦੀਨ ਸ਼ਰਫ ਵਲੋਂ ਲਿਖੀ ਹੋਈ ਹੈ। ਜਿਸ ਦਾ ਸਿਰਲੇਖ "ਸ਼ੈਰ ਪੰਜਾਬੀ ਦੀ" ਹੈ। ਇਸ ਵਿਚ ਪੰਜਾਬ ਦੇ ਨੌਜਵਾਨ ਗਭਰੂ ਦੇ ਸੁੱਖ ਦੀ ਕਾਮਨਾ ਕੀਤੀ ਹੋਈ ਹੈ।

**ਵਿਆਖਿਆ**—ਫੀਰੋਜ਼ਦੀਨ ਸ਼ਰਫ "ਸ਼ੈਰ ਪੰਜਾਬੀ ਦੀ" ਸ਼ਾਇਰੀ ਰਾਹੀਂ ਪੰਜਾਬ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਦਾ ਹੋਇਆ ਕਹਿੰਦਾ ਹੈ ਕਿ ਮੈਂ ਪੰਜਾਬ ਦੇ ਪਿੰਡ ਦਾ ਰਹਿਣ ਵਾਲਾ ਹਾਂ ਪਰ ਸ਼ਹਿਰਾਂ ਦੇ ਵਾਸੀਆਂ ਵਾਂਗ ਸਾਰੇ ਹੀ ਗੁਣ ਮੇਰੇ ਅੰਦਰ ਮੌਜੂਦ ਹਨ। ਮੈਨੂੰ ਕਈਂ ਭਾਸ਼ਾਵਾਂ ਦਾ ਗਿਆਨ ਹੈ। ਅੰਗਰੇਜੀ ਬੋਲਦਿਆਂ ਹੋਇਆ ਵੀ ਸੰਗਦਾ ਨਹੀਂ ਹਾਂ। ਪਰ ਕਈਂ ਭਾਸ਼ਾਵਾਂ ਦਾ ਗਿਆਨ ਹੋਣ ਦੇ ਬਾਵਜੂਦ ਵੀ ਆਪਣੀ ਮਾਂ ਬੋਲੀ ਪੰਜਾਬੀ ਦਾ ਮਾਣ ਤੇ ਸਤਿਕਾਰ ਕਰਦਾ ਹਾਂ। ਪੰਜਾਬੀ ਰਿਸ਼ਤਿਆਂ ਵਿੱਚੋਂ ਹੀ ਮੈਂ ਕਿਸੇ ਦਾ ਪੁੱਤ, ਭਰਾ ਤੇ ਪਤੀ ਹਾਂ। ਇਸੇ ਲਈ ਹੀ ਪੰਜਾਬੀਆਂ ਦੇ ਸਤਿਕਾਰ ਦਾ ਚਾਹਵਾਣ ਹਾਂ। ਸੂਫੀਆਂ ਅਤੇ ਕਿੱਸਾਕਾਰਾਂ ਦਾ ਰੰਗ ਵੀ ਮੇਰੇ ਉੱਤੇ ਚੜ੍ਹਿਆ ਹੋਇਆ ਹੈ। ਪੰਜਾਬੀ ਸਭਿਆਚਾਰ ਅੰਦਰ ਰਹਿ ਕੇ ਕਿਸੇ ਦੂਜੇ ਸਭਿਆਚਾਰ ਦੀ ਗੱਲ ਕਰਨਾ ਮੇਰੇ ਲਈ ਸੁਭਾਵਿਕ ਨਹੀਂ ਹੈ। ਮੈਂ ਪੰਜਾਬ ਦਾ ਨੌਕਰ ਹਾਂ। ਜਿਸ ਕਾਰਣ ਪੰਜਾਬੀ ਨੌਜਵਾਨ ਗਭਰੂ ਦੇ ਜੀਵਨ ਦੀ ਰੱਖਿਆ ਲਈ ਮੰਗ ਮੰਗਦਾ ਹਾਂ।



ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।
ਫੁੱਲਾਂ ਨਾਲ ਗੁੰਦੇ ਲੜੀ ਹੀਰਿਆਂ ਦੇ ਹਾਰ ਦੀ।
.......................................
.......................................

**ਪ੍ਰਸੰਗ**—ਇਹ ਸਤਰਾਂ ਨੰਦ ਲਾਲ ਨੂਰ ਪੂਰੀ ਦੀਆਂ ਲਿਖੀਆਂ ਹੋਈਆਂ 'ਚੁੰਮ ਚੁੰਮ ਰੱਖੋ' ਗੀਤ ਸਿਰਲੇਖ ਅਧੀਨ ਸਾਡੀ ਪੰਜਾਬੀ ਦੀ ਪਾਠ ਪੁਸਤਕ 'ਦੋ ਰੰਗ' ਵਿਚ ਦਰਜ ਹਨ। ਇਹਨਾਂ ਸਤਰਾਂ ਰਾਹੀਂ ਨੰਦ ਲਾਲ ਨੂਰ ਪੂਰੀ ਦੇ ਦਸ਼ਮ ਪਿਤਾ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਲਾਲਾਂ ਦੇ ਜੀਵਨ ਦੀ ਕੁਰਬਾਣੀ ਦੀ ਪ੍ਰਸੰਸਾ ਕੀਤੀ ਹੋਈ ਹੈ।

**ਪਾਪਾਂ ਦੀ ਮਖਮਲ ਨਹੀਂ,**
**ਸੌਣਿਆਂ ਦੀ ਇਹ ਖਲ ਨਹੀਂ।**
**ਜੰਗਲਾਂ ਤੇ ਜੂਹਾਂ 'ਚ ਰਾਹੀਆਂ ਨੂੰ ਲੁਟਿਆ ਨਹੀਂ,**
**ਵਸਦੇ ਨੂੰ ਪੁਟਿਆ ਨਹੀਂ।**

**ਪ੍ਰਸੰਗ**—ਇਹ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ 'ਦੋ ਰੰਗ' ਵਿਚ ਦਰਜ ਹਨ। 'ਮਜਦੂਰ' ਨਾਮੀ ਕਵਿਤਾ ਦੇ ਸਿਰਲੇਖ ਅਧੀਨ ਪ੍ਰੋ. ਮੋਹਨ ਸਿੰਘ ਦੀਆਂ ਲਿਖੀਆਂ ਹੋਈਆਂ ਹਨ। ਉਹਨਾਂ ਦੀ ਇਹ ਕਵਿਤਾ ਸੁਗਾਤ ਨਾਮੀ ਕਾਵਿ ਸੰਗ੍ਰਹਿ ਵਿੱਚੋਂ ਲਈ ਗਈ ਹੈ। ਇਸ ਕਵਿਤਾ ਰਾਹੀਂ ਪ੍ਰੋ. ਮੋਹਨ ਸਿੰਘ ਨੇ ਇਕ ਮਜ਼ਦੂਰ ਦੀ ਤਸਵੀਰ ਪੇਸ਼ ਕੀਤੀ ਹੋਈ ਹੈ।

**ਵਿਆਖਿਆ**—ਪ੍ਰੋ. ਮੋਹਨ ਸਿੰਘ ਜੀ ਨੇ ਮਿਹਨਤਕਸ਼ ਮਜ਼ਦੂਰ ਦੇ ਜੀਵਨ ਦਾ ਬਿਉਰਾ ਮਜ਼ਦੂਰ ਨਾਮੀ ਕਵਿਤਾ ਰਾਹੀਂ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਇਹਨਾਂ ਸਤਰਾਂ ਰਾਹੀਂ ਮਜ਼ਦੂਰ ਦੇ ਮਿਹਨਤਕਸ਼ ਜੀਵਨ ਦੀ ਝਲਕ ਝਲਕਦੀ ਹੈ ਕਿ ਕਿਵੇਂ ਉਸ ਗਰੀਬ ਨੂੰ ਆਰਾਮ ਦੇਹ ਬਿਸਤਰ ਵੀ ਨਸੀਬ ਨਹੀਂ ਹੁੰਦਾ ਹੈ। ਮਜ਼ਦੂਰ ਦਾ ਜੀਵਨ ਹਮੇਸ਼ਾ ਹੀ ਸਵੇਰ ਤੋਂ ਸ਼ਾਮ ਤੱਕ ਮਜ਼ਦੂਰੀ ਵਿਚ ਵਿਅਸਤ ਹੋ ਕੇ ਬਤੀਤ ਹੋ ਜਾਂਦਾ ਹੈ। ਨਾ ਤਾਂ ਉਹ ਕਿਸੇ ਨਾਲ ਹੇਰਾ ਫੇਰੀ ਜਾਂ ਧੱਕਾ ਸ਼ਾਹੀ ਕਰਦਾ ਹੈ ਅਤੇ ਨਾ ਹੀ ਰਾਹ ਜਾਂਦੇ ਰਾਹੀਆਂ ਨਾਲ ਬੱਦਤਮੀਜੀ ਨਾਲ ਪੇਸ਼ ਆਉਂਦਾ ਹੈ। ਉਹ ਵੇਚਾਰਾ ਕਦੀ ਵੀ ਕਿਸੇ ਨਾਲ ਰਾਜਨੀਤੀ ਕਰਕੇ ਵੱਸਦੇ ਹੋਏ ਘਰ ਨੂੰ ਉਜਾੜਣ ਦੀ ਕੋਸ਼ਿਸ ਨਹੀਂ ਕਰਦਾ ਹੈ।

**ਕਿੱਕਰਾ ਵੇ ਕੰਡਿਆਲਿਆ!**
**ਉੱਤੋਂ ਚੜ੍ਹਿਆ ਚੇਤ,**
**ਜਾਗ ਪਈਆਂ ਅੱਜ ਪੈਲੀਆਂ,**
**ਜਾਗ ਪਏ ਅੱਜ ਖੇਤ।**

**ਪ੍ਰਸੰਗ**—ਇਹ ਸਤਰਾਂ ਅੰਮ੍ਰਿਤਾ ਪ੍ਰੀਤਮ ਦੀਆਂ ਲਿਖੀਆਂ ਹੋਈਆਂ 'ਬਾਰਾਂਮਾਹ' ਨਾਮੀ ਕਵਿਤਾ ਦੇ ਸਿਰਲੇਖ ਅਧੀਨ 'ਦੋ ਰੰਗ' ਪਾਠ ਪੁਸਤਕ ਵਿਚ ਦਰਜ ਹਨ। ਇਹਨਾਂ ਸਤਰਾਂ ਰਾਹੀਂ ਆਮ ਆਦਮੀ ਵਿਚ ਆ ਰਹੀ ਜਾਗ੍ਰਿਤੀ ਦੀ ਗੱਲ ਕੀਤੀ ਹੋਈ ਹੈ।

**ਵਿਆਖਿਆ**—ਅੰਮ੍ਰਿਤਾ ਪ੍ਰੀਤਮ ਪ੍ਰਗਤੀਵਾਦੀ ਕਵਿਤਰੀ ਹੈ, ਜੋ ਕਿ ਆਮ ਆਦਮੀ ਤੋਂ ਪ੍ਰਗਤੀਵਾਦੀ ਸੋਚ ਦੀ ਆਸ ਕਰਦੀ ਹੈ। ਇਹਨਾਂ ਸਤਰਾਂ ਦੁਆਰਾ ਉਸ ਇਹ ਸਪਸ਼ਟ ਕਰ ਦਿਖਾਇਆ ਹੈ ਕਿ ਚਿਰਾਂ ਤੋਂ (ਸਦੀਆਂ ਤੋਂ) ਲਤਾੜੇ ਤੇ ਨਿਰਬਲ ਮਨੁੱਖ ਨੇ ਵੀ ਕਰਵਟ ਬਦਲ ਲਈ ਹੈ। ਉਹ ਵੀ ਤਾਨਾਸ਼ਾਹੀ ਨਿਜਾਮ ਦਾ ਵਿਰੋਧ ਕਰਦਾ ਹੋਇਆ ਪੂਰੀ ਤਰ੍ਹਾਂ ਆਪਣੇ ਹੱਕਾਂ ਤੇ ਕੰਮਾਂ ਪ੍ਰਤੀ ਉਠ ਖਲੋਤਾ ਹੈ। ਜੋ ਕਿ ਇਕ ਤਾਨਾਸ਼ਾਹ ਨਿਜਾਮ ਲਈ ਲਲਕਾਰ ਹੈ।

**ਚਾਰੇ ਚਸ਼ਮੇ ਵੱਗੇ।**
**ਇਹ ਕੱਦਰਾਂ ਦੀ ਵਾਦੀ ਮਾਹੀਆਂ**
**ਇਸ ਵਾਦੀ ਵਿਚ ਕੁਝ ਨਾ ਉੱਗੇ**
**ਸਾਰੇ ਇਸ਼ਕ ਸਰਾਪੇ ਜਾਂਦੇ,**
**ਏਥੇ ਕੋਈ ਹੁਸਣ ਨਾ ਪੁੱਗੇ।**

**ਪ੍ਰਸੰਗ**—ਇਹ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ 'ਦੋ ਰੰਗ' ਵਿਚ ਦਰਜ ਹਨ। ਜਿਹਨਾਂ ਦੇ ਲੇਖਕ ਅੰਮ੍ਰਿਤਾ ਪ੍ਰੀਤਮ ਹਨ। ਅੰਮ੍ਰਿਤਾ ਪ੍ਰੀਤਮ ਦੀਆਂ ਇਹ ਪੰਕਤੀਆਂ ਉਹਨਾਂ ਦੇ ਕਾਵਿ ਸੰਗ੍ਰਹਿ 'ਸੁਨੇਹੜੇ' ਵਿੱਚੋਂ ਲੈ ਕੇ ਇਸ ਪਾਠ ਪੁਸਤਕ ਅੰਦਰ "ਸੰਯੋਗ ਵਿਯੋਗ" ਸਿਰਲੇਖ ਅਧੀਨ ਦਰਜ ਹਨ। ਇਹਨਾਂ ਸਤਰਾਂ ਵਿਚ ਪਿਆਰ ਦੀ ਅਸਫਲਤਾ ਬਾਰੇ ਗੱਲ ਕੀਤੀ ਹੋਈ ਹੈ।

**ਵਿਆਖਿਆ**—ਅੰਮ੍ਰਿਤਾ ਪ੍ਰੀਤਮ ਰੁਮਾਂਟਿਕ ਕਵਿਤਰੀ ਹੈ। ਇਸੇ ਲਈ ਹੀ ਉਸ ਨੇ ਸੰਯੋਗ ਵਿਯੋਗ ਕਵਿਤਾ ਅੰਦਰ ਅਧੂਰੇ ਤੇ ਅਸਫਲ ਪਿਆਰ ਦੀ ਗੱਲ ਕੀਤੀ ਹੈ। ਕਵਿਤਰੀ ਅੱਜ ਦੇ ਸਮਾਜ ਦੀ ਕਾਇਰਤਾ ਵੱਲ ਸੰਕੇਤ ਕਰਦੀ ਹੋਈ ਕਹਿੰਦੀ ਹੈ ਕਿ ਇੱਥੇ ਕੋਈ ਵੀ ਪਿਆਰ ਦੀ ਕਦਰ ਕਰਨ ਯੋਗ ਨਹੀਂ ਹੈ। ਜਦੋਂ ਚਾਰ ਅੱਖਾਂ ਭਾਵ ਕਿ ਦੋ ਪਿਆਰ ਕਰਨ ਵਾਲਿਆਂ ਦੀਆਂ ਅੱਖਾਂ ਚੋ ਛਮ ਛਮ ਦਰਦ ਦੇ ਹੰਝੂ ਵਹਿ ਟੁਰਦੇ ਹਨ ਤਾਂ ਵੀ ਜਾਲਿਮ ਸਮਾਜ ਉਹਨਾਂ ਵਿਚ ਵੀ ਸ਼ਰੀਕ ਨਹੀਂ ਹੁੰਦਾ ਹੈ। ਇਹ ਉਹ ਭੂਮੀ ਹੈ ਜਿਸ ਵਿੱਚ ਕਦੀ ਫਸਲ ਹੀ ਪੈਦਾ ਨਹੀਂ ਹੋ ਸਕੀ ਹੈ ਭਾਵ ਕਿ ਉਹ ਜ਼ਾਲਮ ਹਿਰਦੇ ਹਨ, ਜਿਹਨਾਂ ਵਿੱਚ ਪਿਆਰ ਤੇ ਹਮਦਰਦੀ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ ਹੈ। ਇਸ ਸੰਸਾਰ ਵਿੱਚ ਦੋ ਪਿਆਰ ਕਰਨ ਵਾਲੇ ਬੇਦਰਦ ਦੁਨੀਆਂ ਚੋਂ ਪਿਆਰ ਤੋਂ ਵਾਂਝੇ ਹੀ ਚਲੇ ਜਾਂਦੇ ਹਨ।





# ਕਵਿਤਾ ਦਾ ਵਿਸ਼ਾ ਤੇ ਉਦੇਸ਼

**ਰਉਂ ਰੁਖ**

ਭਾਈ ਵੀਰ ਸਿੰਘ ਪੰਜਾਬੀ ਸਾਹਿਤ ਦਾ ਉਹ ਹੀਰਾ ਹੈ। ਜਿਸ ਦੀ ਚਮਕ ਕਦੀ ਵੀ ਫਿੱਕੀ ਨਹੀਂ ਪਵੇਗੀ। ਭਾਈ ਸਾਹਿਬ ਨੂੰ ਕੁਦਰਤ ਦਾ ਕਵੀ ਕਿਹਾ ਜਾਂਦਾ ਹੈ, ਕਿਉਂਕਿ ਉਹਨਾਂ ਕੁਦਰਤ ਦੀ ਹਰ ਸ਼ੈਅ ਨੂੰ ਬਹੁਤ ਹੀ ਵਧੀਆ ਤੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੋਇਆ ਹੈ। "ਰਉ ਰੁੱਖ" ਕਵਿਤਾ ਦਾ ਵਿਸ਼ਾ ਨਿਮਰਤਾ ਨੂੰ ਆਪਣੇ ਅੰਦਰ ਧਾਰਨ ਕਰਨਾ ਹੈ। ਕਵੀ ਨੇ ਇਹ ਬਿਆਨ ਕੀਤਾ ਹੋਇਆ ਹੈ ਕਿ ਨਿਮਣ ਰਹਿਣ ਦੇ ਕੀ ਗੁਣ ਹਨ ਅਤੇ ਆਕੜ ਕੇ ਰਹਿਣ ਦੇ ਕੀ ਨੁਕਸਾਨ ਹਨ। ਇਸ ਤੱਥ ਦੇ ਸਪਸ਼ਟੀਕਰਨ ਲਈ ਉਹਨਾਂ ਨਦੀ ਅਤੇ ਸਾਗਰ ਦਾ ਪ੍ਰਸ਼ਨੋਤਰੀ ਰਾਹੀਂ ਸੰਵਾਦ ਰਚਾਇਆ ਹੈ। ਜੋ ਕਿ ਬਹੁਤ ਹੀ ਭਾਵ ਪੂਰਵਕ ਹੈ। ਸਾਗਰ ਕਿਵੇਂ ਨਦੀ ਨੂੰ ਸਵਾਲ ਕਰਦਾ ਹੈ ਤੇ ਨਦੀ ਕਿਵੇਂ ਉਸ ਦਾ ਉਤਰ ਬਹੁਤ ਹੀ ਸਾਦੇ ਢੰਗ ਵਿੱਚ ਦੇ ਕੇ ਆਪਣਾ ਪੱਖ ਪੇਸ਼ ਕਰਦੀ ਹੈ। ਨਦੀ ਦਾ ਉੱਤਰ ਬਹੁਤ ਹੀ ਗਹਿਰਾ ਹੈ ਕਿ ਨਿਮਣ ਰਹਿਣ ਵਾਲੇ ਦਾ ਮੈਂ ਕੁਝ ਵੀ ਨਹੀਂ ਵਿਗਾੜ ਸਕਦੀ ਹਾਂ ਤੇ ਹਮੇਸ਼ਾ ਉਹਨਾਂ ਨੂੰ ਹੀ ਤੋੜਦੀ ਹਾਂ, ਜਿਹੜੇ ਮੇਰੇ ਅੱਗੇ ਆਕੜਦੇ ਹਨ।

ਭਾਈ ਵੀਰ ਸਿੰਘ ਜੀ ਦੀ ਇਸ ਕਵਿਤਾ ਦਾ ਵਿਦਿਆਰਥੀ ਲਈ ਸਿੱਧਾ ਸਾਧਾ ਸਪੱਸ਼ਟ ਰੂਪ ਵਿੱਚ ਉਦੇਸ਼ ਹੈ ਕਿ ਜੇਕਰ ਆਪਣੇ ਜੀਵਨ ਵਿੱਚ ਵਿਕਾਸ ਕਰਨਾ ਹੈ ਤਾਂ ਨਿਮਰਤਾ ਅੰਦਰ ਰਹਿ ਕੇ ਹੀ ਕੀਤਾ ਜਾ ਸਕਦਾ ਹੈ। ਜੇਕਰ ਨਿਮਰਤਾ ਜਾਂ ਸਲੀਕਾ ਜੀਵਨ ਵਿਚ ਨਹੀਂ ਆਇਆ ਹੈ ਤਾਂ ਆਕੜੇ ਰੁੱਖ ਵਾਂਗ ਉਖਾੜ ਕੇ ਸੁੱਟ ਦਿੱਤੇ ਜਾਵੋਗੇ।

**ਸਮਾਂ**

ਭਾਈ ਸਾਹਿਬ ਦੀ ਦੂਜੀ ਕਵਿਤਾ 'ਸਮਾਂ' ਸਿਰਲੇਖ ਅਧੀਨ ਦਾ ਮੁੱਖ ਵਿਸ਼ਾ ਹੈ ਕਿ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਇਹ ਨਿਰੰਤਰ ਬਿਨਾ ਕਿਸੇ ਦੀ ਪਰਵਾਹ ਕੀਤਿਆਂ ਚਲਦਾ ਰਹਿੰਦਾ ਹੈ। ਜੋ ਇਸ ਦੀ ਕਦਰ (ਪਛਾਣ) ਨਹੀਂ ਕਰਨਗੇ, ਉਹ ਹਮੇਸ਼ਾ ਹੀ ਇਸ ਤੋਂ ਪੱਛੜ ਕੇ ਰਹਿ ਜਾਣਗੇ। ਇੱਥੇ ਸਮੇਂ ਦੀ ਮਹੱਤਤਾ ਨੂੰ ਵੀ ਦਰਸਾਇਆ ਗਿਆ ਹੈ ਕਿ ਇਹ ਸਮਾਂ ਕਦੀ ਵੀ ਕਿਸੇ ਦੁਆਰਾ ਪਾਈਆਂ ਹੋਈਆਂ ਰੋਕਾਂ ਦੀ ਰੁਕਾਵਟ ਨੂੰ ਵੀ ਪਾਰ ਕਰ ਜਾਂਦਾ ਹੈ। ਸਮੇਂ ਦੀ ਤੇਜ਼ ਚਾਲ ਲਗਾਤਾਰ ਨਿਰੰਤਰ ਅੱਗੇ ਟੁਰਦੀ ਰਹਿੰਦੀ ਹੈ। ਕਿਸੇ ਦੇ ਰੋਕਣ ਦੇ ਬਾਵਜੂਦ ਵੀ ਇਹ ਰੁਕਦਾ ਨਹੀਂ ਹੈ ਕਿਉਂਕਿ ਰੁਕਣਾ ਇਸ ਦਾ ਸੁਭਾਅ ਹੀ ਨਹੀਂ ਹੈ ਤੇ ਜੋ ਵੀ ਇਕ ਵਾਰ ਅਗਾਂਹ ਉਡਾਰੀ ਮਾਰਦਾ ਹੈ, ਫਿਰ ਵਾਪਸ ਮੁੜ ਕੇ ਨਹੀਂ ਆਂਵਦਾ ਹੈ।

ਵਿਦਿਆਰਥੀ ਲਈ ਇਸ ਕਵਿਤਾ ਦਾ ਉਦੇਸ਼ ਹੈ ਕਿ ਆਪਣੇ ਜੀਵਨ ਵਿੱਚ ਉੱਚਾ ਮਨੋਰਥ ਲੈ ਕੇ ਸਮੇਂ

ਵਾਂਗ ਨਿਰੰਤਰ ਅੱਗੇ ਵੱਧਣਾ ਹੈ। ਇਕ ਵਿਦਿਆਰਥੀ ਜੀਵਨ ਅੰਦਰ ਉੱਚੀ ਮੰਜ਼ਿਲ ਉਦੋਂ ਹੀ ਪ੍ਰਾਪਤ ਕਰ ਸਕੇਗਾ, ਜਦੋਂ ਉਹ ਮਿਹਨਤ ਕਰਕੇ ਮੰਜ਼ਿਲ ਦੀ ਪ੍ਰਾਪਤੀ ਲਈ ਨਿਰੰਤਰ ਤੁਰਦਾ ਰਹੇਗਾ। ਸਮਾਜਕ ਜੀਵਨ ਅੰਦਰ ਕਈ ਪ੍ਰਕਾਰ ਦੀਆਂ ਰੁਕਾਵਟਾਂ ਵੀ ਆਉਣਗੀਆਂ ਪਰ ਸਮੇਂ ਵਾਂਗ ਉਹਨਾਂ ਦੀ ਪਰਵਾਹ ਕੀਤੇ ਬਿਨਾ ਹੀ ਮੰਜ਼ਿਲ ਵੱਲ ਵੱਧਣਾ ਹੈ।

**ਇੱਛਾ ਬੱਲ ਤੇ ਡੂੰਘੀਆਂ ਸ਼ਾਮਾਂ**

ਭਾਈ ਵੀਰ ਸਿੰਘ ਨੇ "ਇੱਛਾ ਬਲ ਤੇ ਡੂੰਘੀਆਂ ਸ਼ਾਮਾਂ" ਦੇ ਸਿਰਲੇਖ ਅਧੀਨ ਨਦੀ ਅਤੇ ਚਸ਼ਮੇ ਦਾ ਮਾਨਵੀਕਰਨ ਕਰਕੇ ਪ੍ਰਸ਼ਨੋਤਰੀ ਰਾਹੀਂ ਸੰਵਾਦ ਰਚਾਇਆ ਹੈ। ਇਸ ਕਵਿਤਾ ਦਾ ਵਿਸ਼ਾ ਵੀ ਪਿਆਰ ਪ੍ਰਤੀ ਖਿੱਚ ਨੂੰ ਪੇਸ਼ ਕਰਦਾ ਹੈ। ਚਸ਼ਮੇ/ਨਦੀ ਨੂੰ ਸਵਾਲ ਕੀਤਾ ਜਾ ਰਿਹਾ ਹੈ ਕਿ ਸ਼ਾਮ ਹੋ ਚੁੱਕੀ ਹੈ, ਹਰ ਜੀਵ/ਸ਼ੈਅ ਖਾਮੋਸ਼ ਹੋ ਚੁਕੀ ਹੈ ਪਰ ਤੂੰ ਨਿਰੰਤਰ ਕਿਉਂ ਟੁਰਦੀ ਜਾ ਰਹੀ ਹੈਂ। ਹਰ ਪਾਸੇ ਇਕ ਖਾਮੋਸ਼ੀ ਤੇ ਸਵਾਦਲਾ ਸੈਮ ਛਾਇਆ ਹੋਇਆ ਹੈ ਪਰ ਤੂੰ ਇਸ ਖਾਮੋਸ਼ੀ ਵਿਚ ਵੀ ਨਿਰੰਤਰ ਸੰਘਰਸ਼ਸ਼ੀਲ ਕਿਉਂ ਹੈ। ਇਸ ਸਵਾਲ ਦਾ ਉੱਤਰ ਚਸ਼ਮੇਂ ਨੇ ਬਹੁਤ ਹੀ ਵਧੀਆ ਢੰਗ ਨਾਲ ਦਿੰਦਾ ਹੋਇਆ ਕਹਿੰਦਾ ਹੈ ਕਿ ਜਿਹਨਾਂ ਨੂੰ ਦਿਲੀ ਰੂਪ ਵਿਚ ਕਿਸੇ ਨਾਲ ਪਿਆਰ ਹੈ। ਉਹ ਉਸੇ ਹੀ ਪਿਆਰ ਦੀ ਖਿੱਚ ਵਿੱਚ ਦਿਨ ਰਾਤ ਟੁਰਦੀ ਹਾਂ। ਕਵੀ ਅਨੁਸਾਰ ਸੱਚੇ ਪਿਆਰ ਦੀ ਪ੍ਰਾਪਤੀ ਵੀ ਪ੍ਰਭੂ ਪ੍ਰਾਪਤੀ ਨਾਲੋਂ ਘੱਟ ਨਹੀਂ ਹੈ ਕਿਉਂਕਿ ਜਿਹਨਾਂ ਨੂੰ ਸੱਚੀ ਲਗਨ ਲੱਗਦੀ ਹੈ। ਉਹ ਦਿਨ ਰਾਤ ਉਸੇ ਹੀ ਲਗਨ ਦੀ ਪ੍ਰਾਪਤੀ ਲਈ ਤੜਫਦੇ ਰਹਿੰਦੇ ਹਨ।

ਭਾਈ ਸਾਹਿਬ ਦੀ ਇਸ ਕਵਿਤਾ ਦਾ ਉਪਦੇਸ਼ ਹੈ ਕਿ ਸ਼ਰਧਾ ਅਤੇ ਲਗਨ ਨਾਲ ਕੀਤਾ ਹੋਇਆ ਕਾਰਜ ਹੀ ਸੱਚੀ ਭਗਤੀ ਹੈ। ਵਿਦਿਆਰਥੀ ਦਾ ਆਪਣੀ ਮੰਜ਼ਿਲ ਪ੍ਰਾਪਤੀ ਵੱਲ ਨਿਰੰਤਰ ਸ਼ਰਧਾ ਅਤੇ ਮਿਹਨਤ ਕਰਨਾ ਹੀ ਸੱਚੀ ਭਗਤੀ ਹੈ।

**"ਪੁਰਾਣੇ ਪੰਜਾਬ ਨੂੰ ਅਵਾਜ਼ਾਂ"**

ਪ੍ਰੋ. ਪੂਰਨ ਸਿੰਘ ਨੇ "ਪੁਰਾਣੇ ਪੰਜਾਬ ਨੂੰ ਅਵਾਜ਼ਾਂ" ਕਵਿਤਾ ਰਾਹੀਂ ਪਿੱਛੇ ਬੀਤੇ ਪੰਜਾਬ ਦੇ ਸਭਿਆਚਾਰਕ ਪੱਖ ਨੂੰ ਸਾਹਮਣੇ ਰੱਖ ਕੇ ਅੱਜ ਦੇ ਪੰਜਾਬੀ ਸਭਿਆਚਾਰ ਨੂੰ ਤੁਲਨਾਇਆ ਹੋਇਆ ਹੈ। ਉਹਨਾਂ ਅਨੁਸਾਰ ਪੁਰਾਣਾ ਪੰਜਾਬੀ ਸਭਿਆਚਾਰ ਅੱਜ ਦੇ ਪੰਜਾਬੀ ਸਭਿਆਚਾਰ ਨਾਲੋਂ ਕਿਧਰੇ ਬਿਹਤਰ ਸੀ। ਪੁਰਾਣੇ ਲੋਕਾਂ ਦਾ ਆਪਸੀ ਮਿਲਵਰਤਣ, ਇਕ ਦੂਜੇ ਦੀ ਇੱਜਤ ਭਾਵ, ਸ਼ਰੀਕੇ ਭਾਈਚਾਰੇ ਦਾ ਆਪਸੀ ਪਿਆਰ ਵਧੀਆ ਸੀ ਜਦ ਕਿ ਅੱਜ ਇਸ ਦੀ ਘਾਟ ਨਜ਼ਰ ਆ ਰਹੀ ਹੈ। ਕਵੀ ਵਲੋਂ ਅੱਜ ਦੇ ਪੜ੍ਹੇ ਲਿਖੇ ਨੌਜਵਾਨ ਨੂੰ ਪ੍ਰਸ਼ਨ ਰਾਹੀਂ ਪੁੱਛਿਆ ਗਿਆ ਹੈ ਕਿ ਤੁਸਾਂ ਨਾਲੋਂ ਸਾਡਾ ਅੱਨਪੜ੍ਹਾਂ ਦਾ ਸਮਾਜ ਬਿਹਤਰ ਸੀ ਕਿਉਂਕਿ ਆਪਸੀ ਭਾਈਚਾਰਾ ਮਜ਼ਬੂਤ ਸੀ। ਸਾਡੇ ਅੱਨਪੜ੍ਹਾਂ ਦੇ ਦਿਲ ਦਰਿਆ ਵਾਂਗ ਸਨ, ਖੁਲ੍ਹ ਦਿਲੀ ਨਾਲ ਨੂਹਾਂ ਧੀਆਂ ਦਾ ਸਤਿਕਾਰ ਕੀਤਾ ਜਾਂਦਾ ਸੀ। ਖੁੱਲ ਦਿਲੀ ਨਾਲ ਦਰਿਆਵਾਂ ਕੰਢੇ ਬੈਠ ਕੇ ਮੌਜਾਂ ਮਾਣਦੇ ਸਾਂ। ਅੱਜ ਵਾਂਗ ਸਮਾਜ ਅੰਦਰ ਕਿਧਰੇ ਵੀ ਕੋਈ ਸਹਿਮ (ਡਰ) ਨਹੀਂ ਸੀ। ਪੁਰਾਣੇ ਪੰਜਾਬ ਦੇ ਵਾਪਾਰੀਆਂ ਦੇ ਵਪਾਰ ਵਿਚ ਕੋਈ ਹੇਰ ਫੇਰ ਨਹੀਂ ਸੀ। ਖੁਲ੍ਹ ਦਿਲੀ ਨਾਲ ਇਕ ਦੂਜੇ ਤੋਂ ਕਹਿ ਕੁਹਾ ਕੇ ਲੈਣ ਦੇਣ ਕੀਤਾ ਜਾਂਦਾ ਸੀ। ਅੱਜ ਵਾਂਗ ਬੇਈਮਾਨੀ ਭਰਿਆ ਵਪਾਰ ਨਹੀਂ ਸੀ। ਜੇਕਰ ਉਹਨਾਂ ਲੋਕਾਂ ਦਾ ਸਮਾਜ ਵਹਿਮਾ ਭਰਿਆ ਸੀ ਪਰ ਉਹ ਵਹਿਮ ਅੱਜ ਵੀ ਮੌਜੂਦ ਹਨ। ਸਿਰਫ ਉਹਨਾਂ ਨੂੰ ਮੰਨਣ ਵਾਲਿਆਂ ਦੇ ਢੰਗ ਵਿਚ ਥੋੜ੍ਹਾ ਬਹੁਤ ਪਰਿਵਰਤਨ ਜ਼ਰੂਰ ਆ ਗਿਆ ਹੈ। ਪੁਰਾਣੇ ਪੰਜਾਬ ਦੇ ਲੋਕ ਗਰੀਬ ਜ਼ਰੂਰ ਸਨ ਪਰ ਸਨ ਈਮਾਨਦਾਰ। ਇਕ ਦੂਜੇ ਦੇ ਦੁੱਖ ਦਰਦ ਨੂੰ ਆਪਣਾ ਦੁੱਖ ਸਮਝ ਕੇ ਮਦਦ ਕਰਦੇ ਸਨ।



ਕਵੀ ਦੇ ਕਹਿਣ ਤੋਂ ਭਾਵ ਪੁਰਾਣੇ ਪੰਜਾਬੀਆਂ ਦਾ ਉਹ ਰਹਿਣ ਸਹਿਣ, ਖਾਣ-ਪੀਣ, ਰੀਤੀ ਰਿਵਾਜ ਮਿਲ-ਵਰਤਣ ਆਦਿ ਸਭ ਕੁਝ ਬਦਲ ਗਿਆ। ਜਿਸ ਪ੍ਰਤੀ ਕਵੀ ਚਿੰਤਿਤ ਹੈ ਤੇ ਪੁਰਾਣੇ ਪੰਜਾਬ ਨੂੰ ਘੋਖ ਰਿਹਾ ਹੈ।

ਪ੍ਰੋ. ਪੂਰਨ ਸਿੰਘ ਕਵਿਤਾ "ਪੁਰਾਣੇ ਪੰਜਾਬ ਨੂੰ ਅਵਾਜ਼ਾਂ" ਤੋਂ ਅੱਜ ਦੇ ਨੌਜਵਾਨ ਨੂੰ ਸੰਬੋਧਨ ਕਰਕੇ ਕਿਹਾ ਗਿਆ ਹੈ ਕਿ ਬੇਸ਼ੱਕ ਅੱਜ ਦੇ ਸਮਾਜ ਅੰਦਰਲੀ ਤਬਦੀਲੀ ਬਹੁਤ ਹੀ ਜ਼ਰੂਰੀ ਹੈ, ਪਰ ਇਹ ਪਰਿਵਰਤਨ ਅਗਾਂਹ ਵਧੂ ਹੋਣਾ ਚਾਹੀਦਾ ਹੈ। ਪਿਛਾਂਹ ਖਿੱਚੂ ਪਰਿਵਰਤਨਾਂ ਕਾਰਣ ਹੀ ਪ੍ਰੋ. ਸਾਹਿਬ ਚਿੰਤਿਤ ਹਨ। ਮਿਸਾਲ ਦੇ ਤੌਰ ਤੇ ਪਹਿਰਾਵੇ, ਖਾਣਪੀਣ ਰੀਤੀ-ਰਿਵਾਜ਼ ਰਿਵਾਜ ਅਤੇ ਆਪਣੇ ਸਰੂਪ ਵਿਚ ਪਰਿਵਰਤਣ ਲਿਆਉਣਾ ਕੋਈ ਚੰਗੀ ਗੱਲ ਨਹੀਂ ਹੈ। ਜਿਵੇਂ ਅੱਜ ਦੇ ਪੰਜਾਬੀ ਤੇ ਪੁਰਾਣੇ ਪੰਜਾਬੀ ਦੇ ਸਰੂਪ ਵਿਚ ਜੋ ਪਰਿਵਰਤਨ ਧੜਾ ਧੜ ਹੋ ਰਿਹਾ ਹੈ। ਉਸ ਪ੍ਰਤੀ ਪ੍ਰੋ. ਸਾਹਿਬ ਚਿੰਤਤ ਹੋ ਕੇ ਨੌਜਵਾਨ ਨੂੰ ਆਪਣੇ ਸਰੂਪ ਵਿਚਲੇ ਪਰਿਵਰਤਨ ਲਈ ਜਾਗਰੂਕ ਕਰਦੇ ਹੋਏ, ਸੁਚੇਤ ਕਰ ਰਹੇ ਹਨ। ਉਹਨਾਂ ਅਨੁਸਾਰ ਪੁਰਾਣੇ ਪੰਜਾਬੀ ਵਿਰਸੇ ਦੀ ਸੰਭਾਲ ਲਈ ਯਤਨਸ਼ੀਲ ਰਹਿਣਾ ਹੈ।

**ਕੁਰਬਾਨੀ**

ਫ਼ੀਰੋਜਦੀਨ ਸ਼ਰਫ ਆਪਣੀ ਕਵਿਤਾ 'ਕੁਰਬਾਣੀ' ਦੇ ਸਿਰਲੇਖ ਅਧੀਨ ਦੇਸ਼ ਭਗਤੀ ਦੇ ਜਜ਼ਬੇ ਨੂੰ ਬੁਲੰਦ ਕਰਦਿਆ ਹੋਇਆ ਆਪਣੇ ਆਪੇ ਦੀ ਸ਼ਹਾਦਤ ਲਈ ਤਿਆਰ ਰਹਿਣ ਦੀ ਤਾਕੀਦ ਕਰਦੇ ਹਨ। ਇਸ ਵਿਸ਼ੇ ਦੀ ਮਹਾਨਤਾ ਨੂੰ ਪ੍ਰਗਟਾਉਂਦਿਆਂ ਹੋਇਆ ਕਵੀ ਦਾ ਮੰਨਣਾ ਹੈ ਕਿ ਦੁੱਖ ਤੋਂ ਬਿਨਾਂ ਖੁਸ਼ੀ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਆਪਣੇ ਆਪੇ ਦੀ ਕੁਰਬਾਨੀ ਤੋਂ ਬਿਨਾ ਇਤਿਹਾਸ ਅੰਦਰ ਨਾਂ ਨਹੀਂ ਆਉਂਦਾ। ਖੁਸ਼ੀ ਤੋਂ ਬਿਨਾਂ ਮੁਸਕੁਰਾਇਆ ਨਹੀਂ ਜਾਂਦਾ ਤੇ ਗ਼ਮ ਤੋਂ ਬਿਨਾ ਹੰਝੂ ਕਦੀ ਵੀ ਨਹੀਂ ਵਹਾਏ ਜਾ ਸਕਦੇ ਹਨ। ਗੁਲਾਮੀ ਦੇ ਦਾਗ ਨੂੰ ਕੌਮੀ ਜਜ਼ਬੇ ਤੋਂ ਬਿਨਾ ਧੋਇਆ ਨਹੀਂ ਜਾ ਸਕਦਾ ਹੈ। ਜੇਕਰ ਕਿਸੇ ਨੂੰ ਦੇਸ਼ ਪ੍ਰਤੀ ਸੱਚੀ ਆਸ਼ਕੀ ਹੋਵੇ ਤਾਂ ਉਹ ਆਸ਼ਕ ਦੇਸ਼ ਲਈ ਕੁਰਬਾਣ ਹੋਣ ਦੀ ਤਾਕ ਵਿਚ ਰਹਿੰਦੇ ਹਨ। ਜਿਸ ਪ੍ਰਕਾਰ ਪਤੰਗੇ ਨੂੰ  ਸ਼ਮਾਂ ਨਾਲ ਪਿਆਰ ਹੈ ਤਾਂ ਉਹ ਉਸ ਸ਼ਮਾਂ ਤੇ ਹੱਸ ਹੱਸ ਕੇ ਆਪਣਾ ਆਪਾ ਜਲਾ ਦਿੰਦਾ ਹੈ। ਕੁਰਬਾਣੀ ਦੇਣ ਵਾਲਾ ਉਸ ਕੁਰਬਾਣੀ ਦਾ ਲਾਹਾ ਨਹੀਂ ਲੈ ਸਕਦਾ ਪਰ ਦੂਜਿਆਂ ਦੇ ਭਲੇ ਲਈ ਕੁਰਬਾਣ ਹੋਣਾ ਜਾਣਦਾ ਹੋਇਆ ਕੁਰਬਾਨੀ ਦੇਣ ਲਈ ਤਿਆਰ ਰਹਿੰਦਾ ਹੈ। ਕਵੀ ਦੇ ਕਹਿਣ ਤੋਂ ਭਾਵ ਫਲਦਾਰ ਰੁੱਖਾਂ ਨੂੰ ਹੀ ਇੱਟਾ ਪੱਥਰ ਪੈਂਦੇ ਹਨ। ਇਸੇ ਹੀ ਪ੍ਰਕਾਰ ਸ਼ੇਰ ਦਿਲ ਹੀ ਪਿੰਜਰਿਆਂ 'ਚ ਪਾਏ ਜਾਂਦੇ ਹਨ। ਡਰਪੋਕਾਂ ਦੀ ਕੋਈ ਮਹੱਤਤਾ ਨਹੀਂ ਹੁੰਦੀ ਹੈ। ਸੋ ਕੁਰਬਾਣ ਹੋਣਾ ਜਜ਼ਬੇ ਵਾਲਿਆਂ ਦੀ ਹੀ ਦਲੇਰੀ ਤੇ ਹਿੰਮਤ ਹੁੰਦੀ ਹੈ।

ਇਹ ਕਵਿਤਾ 'ਕੁਰਬਾਨੀ' ਵਿਦਿਆਰਥੀ ਅੰਦਰ ਦੇਸ਼ ਭਗਤੀ ਦੇ ਜਜਬੇ ਨੂੰ ਉਜਾਗਰ ਕਰਦੀ ਹੈ। ਕਵਿਤਾ ਦਾ ਉਦੇਸ਼ ਹੈ ਕਿ ਕਿਵੇਂ ਆਪਣੀ ਅਣਖ ਨੂੰ ਬਰਕਰਾਰ ਅਤੇ ਦੇਸ਼ ਦੀ ਆਜ਼ਾਦੀ ਨੂੰ ਸਲਾਮਤ ਰੱਖਦਿਆਂ ਹੋਇਆ ਹੱਸ ਹੱਸ ਕੇ ਕੁਰਬਾਨ ਹੋਣ ਲਈ ਤਿਆਰ ਬਰ-ਤਿਆਰ ਰਹਿਣਾ ਹੈ।

**"ਸ਼ੇਰ ਪੰਜਾਬੀ ਦੀ"**

ਇਸ ਕਵਿਤਾ ਰਾਹੀਂ ਕਵੀ "ਫ਼ੀਰੋਜ਼ਦੀਨ ਸ਼ਰਫ" ਨੇ ਪੰਜਾਬੀ ਨੌਜਵਾਨ ਦੀ ਸੁਰੱਖਿਆ ਦੀ ਮੰਗ ਮੰਗੀ ਹੋਈ ਹੈ। ਕਵੀ ਪੰਜਾਬ ਅਤੇ ਪੰਜਾਬੀ ਦੀ ਰੱਖਿਆ ਦੀ ਮੰਗ ਕਿਉਂ ਮੰਗਦਾ ਹੈ ? ਕਿਉਂਕਿ ਉਸ ਨੂੰ ਪੰਜਾਬ ਅਤੇ ਪੰਜਾਬੀ ਨਾਲ ਅਟੁੱਟ ਪਿਆਰ ਹੈ। ਉਹ ਆਪ ਕਹਿੰਦਾ ਹੈ ਕਿ ਮੈਂ ਪੰਜਾਬ ਦੇ ਪਿੰਡ ਦਾ ਵਸਨੀਕ ਹਾਂ ਪਰ ਸ਼ਹਿਰੀ ਵਾਂਗ ਜੀਉਂਦਾ ਹਾਂ। ਕਈਂ ਭਾਸ਼ਾਵਾਂ ਦਾ ਗਿਆਤਾ ਹੋਣ ਦੇ ਬਾਵਜੂਦ ਵੀ ਪੰਜਾਬੀ ਭਾਸ਼ਾ ਨੂੰ ਪਿਆਰ ਕਰਦਾ ਹਾਂ। ਮੈਂ

ਪੰਜਾਬੀ ਰਿਸ਼ਤਿਆਂ ਵਿੱਚੋਂ ਹੀ ਹਾਂ। ਜਿਸ ਕਾਰਣ ਪੰਜਾਬ ਦੀ ਸ਼ਾਨ ਅਤੇ ਸ਼ੌਕਤ ਦੀ ਉਮੰਗ ਕਰਦਾ ਹਾਂ। ਮੈਂ ਪੰਜਾਬ ਦਾ ਨਮਕ ਖਾ ਕੇ ਨਮਕ ਹਲਾਲੀ ਨਹੀਂ ਕਰ ਸਕਦਾ ਹਾਂ।

ਇਸ ਕਵਿਤਾ ਦਾ ਉਦੇਸ਼ ਵਿਦਿਆਰਥੀ ਲਈ ਹੈ ਕਿ ਜਿਸ ਦੇਸ਼ ਜਾਂ ਰਾਜਿਆਂ ਵਿੱਚ ਰਹੀਏ। ਉਸ ਨਾਲ ਸਾਡਾ ਰਿਸ਼ਤਾ ਸੱਚਾ ਸੁੱਚਾ ਹੋਣਾ ਚਾਹੀਦਾ ਹੈ। ਜਿੱਥੇ ਰਹੀਏ ਉੱਧੇ ਦੇ ਹੀ ਸੇਵਕ ਬਣ ਕੇ ਰਹੀਏ। ਉਧੋਂ ਦੀ ਖੁਸ਼ਹਾਲੀ ਲਈ ਹੀ ਮੰਗ ਮੰਗੀਏ।

**ਚੁੰਮ ਚੁੰਮ ਰੱਖੋ**

ਇਸ ਕਵਿਤਾ ਦਾ ਵਿਸ਼ਾ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਸਾਹਿਬਜਾਦਿਆ ਦੀ ਸ਼ਹਾਦਤ ਨਾਲ ਸੰਬੰਧਤ ਹੈ। ਕਵੀ ਨੰਦ ਲਾਲ ਨੂਰ ਪੁਰੀ ਸਤਿਕਾਰ ਸਹਿਤ ਜਨਤਾ ਨੂੰ ਸੰਬੋਧਨ ਕਰਦਾ ਹੋਇਆ ਕਹਿੰਦਾ ਹੈ ਕਿ ਪਿਆਰਿਆਂ ਦੀ ਕਲਗੀ ਨੂੰ ਪਿਆਰ ਨਾਲ ਚੁੰਮ ਚੁੰਮ ਕੇ ਰੱਖੋ। ਫੁੱਲਾਂ ਵਾਂਗ ਗੁੰਦ ਕੇ ਸਤਿਕਾਰ ਨਾਲ ਰੱਖੋ। ਦੂਜੇ ਪਾਸੇ ਉਹਨਾਂ ਬੱਚਿਆਂ ਦੀ ਦਾਦੀ ਮਾਂ ਉਹਨਾਂ ਦੇ ਆਉਣ ਦੀ ਉਡੀਕ ਵਿੱਚ ਹੈ ਤੇ ਨਾਲ ਖੁਸ਼ੀ ਵਿੱਚ ਕਿ ਮੇਰੇ ਪਿਆਰੇ ਆਪਣੇ ਸਿਦਕ ਤੋਂ ਡੋਲੇ ਨਹੀਂ। ਮਾਸੂਮ ਹੋਣ ਦੇ ਬਾਵਜੂਦ ਵੀ ਦੁਸ਼ਮਣਾਂ ਤੋਂ ਡਰੇ ਨਹੀਂ। ਦਾਦੀ ਉਡੀਕ ਵਿਚ ਹੈ ਕਿ ਕਦੋਂ ਘੋੜਿਆਂ ਦੇ ਟਾਪਾਂ ਦੀਆਂ ਅਵਾਜ਼ਾਂ ਮੇਰੇ ਕੰਨਾਂ ਵਿਚ ਆ ਪੈਣ ਪਰ ਉਸ ਘੋੜੀ ਨੇ ਆ ਕੇ ਸੰਕੇਤ ਇਹ ਦਿੱਤਾ ਕਿ ਦਾਦੀ ਨੂੰ ਜਿਹਨਾਂ ਪਿਆਰਿਆਂ ਦੀ ਆਸ ਸੀ, ਉਹ ਘੋੜੀ ਖਾਲੀ ਹੀ ਮੁੜ ਆਈ ਹੈ। ਉਹ ਪਿਆਰਾ ਮਾਸੂਮ ਜੋੜਾ ਅੱਜ ਆਪਣੇ ਦਾਦੇ ਪਾਸ ਜਾ ਵੱਸਿਆ ਹੈ।

ਇਹ ਕਵਿਤਾ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਸਾਹਿਬਜਾਦਿਆਂ ਦੀ ਸ਼ਹਾਦਤ ਦੁਆਰਾ ਵਿਦਿਆਰਥੀਆਂ ਦੀ ਅਣਖ ਨੂੰ ਜਗਾਉਂਦੀ ਹੈ। ਉਹ ਪਿਆਰੇ ਪਿਆਰੇ ਮਾਸੂਮ ਬੱਚੇ ਆਪਣੀ ਅਣਖ ਨੂੰ ਬਰਕਰਾਰ ਰੱਖਦੇ ਹੋਏ ਕੌਮ ਲਈ ਕੁਰਬਾਣ ਹੋ ਗਏ। ਦੁਸ਼ਮਣਾਂ ਦੀ ਅਣਖ ਨੂੰ ਵੰਗਾਰਦੇ ਹੋਏ, ਆਪਣੀ ਅਣੱਖ ਨੂੰ ਸਭਾਲਦੇ ਹੋਏ ਡੋਲੇ ਨਹੀਂ ਬਲਕਿ ਹੱਸਦੇ-ਹੱਸਦੇ ਕੁਰਬਾਣ ਹੋ ਗਏ।

"ਮਜ਼ਦੂਰ" ਕਵਿਤਾ ਦਾ ਵਿਸ਼ਾ ਇਕ ਮਜ਼ਦੂਰ ਦੇ ਜੀਵਨ ਦੀ ਤਸਵੀਰ ਪੇਸ਼ ਕਰਦਾ ਹੈ। ਇਸ ਵਿਚ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਇਕ ਮਜ਼ਦੂਰ ਅੰਮ੍ਰਿਤ ਵੇਲੇ ਹੀ ਉੱਠ ਕੇ ਆਪਣੇ ਕੰਮ ਉੱਤੇ ਜਾਣ ਦੀ ਤਿਆਰੀ ਕਰਦਾ ਹੈ। ਮੌਸਮ ਭਾਵੇਂ ਕੈਸਾ ਵੀ ਹੋਵੇਂ ਕੜਕ ਸਰਦੀ, ਹੱਡ ਸਾੜਦੀ ਗਰਮੀ ਅਤੇ ਕਹਿਰਾ ਦੀ ਬਰਸਾਤ ਆਦਿ ਪਰਿਸਥਿਤੀਆਂ ਦਾ ਟਾਕਰਾ ਕਰਦਾ ਹੋਇਆ ਘਬਰਾਉਂਦਾ ਨਹੀਂ ਬਲਕਿ ਪੂਰੀ ਹਿਮਤ ਨਾਲ ਆਪਣੇ ਕੰਮ ਨੂੰ ਪੂਜਾ ਸਮਝਦਾ ਹੋਇਆ ਯਤਨਸ਼ੀਲ ਰਹਿੰਦਾ ਹੈ। ਮਿਹਨਤੀ ਮਜ਼ਦੂਰ ਹਮੇਸ਼ਾ ਆਪਣੇ ਕੰਮ ਨੂੰ ਸਰੇਜਾਮ ਦਿੰਦਾ ਹੋਇਆ ਖੁਸ਼ੀ ਮਹਿਸੂਸ ਕਰਦਾ ਹੈ। ਕੋਈ ਕਿਸੇ ਨਾਲ ਗਿਲਾ ਸ਼ਿਕਵਾ ਨਹੀਂ ਹੈ। ਕਿਸੇ ਵੀ ਦੁਖੀਏ ਨੂੰ ਦੁਖਾਣ ਦੀ ਕੋਸ਼ਿਸ਼ ਨਹੀਂ ਕਰਦਾ ਹੈ। ਗਰੀਬੀ ਅੰਦਰ ਰਹਿ ਕੇ ਵੀ ਸ਼ਾਂਤ ਸੁਭਾਅ ਹੈ ਕਦੀ ਸਾਦਗੀ ਕਿਸੇ ਨਾਲ ਕੋਈ ਹੇਰਾ ਫੇਰੀ ਨਹੀਂ, ਕੋਈ ਕਿਸੇ ਨਾਲ ਕੋਈ ਚਾਲ ਬਾਜ਼ੀ ਨਹੀਂ। ਪੂਰਾ ਦਿਨ ਮਿਹਨਤ ਮਜ਼ੂਦਰੀ ਕਰਦਾ ਹੋਇਆ ਸਾਦਗੀ ਭਰਿਆ ਜੀਵਨ ਗੁਜ਼ਾਰਦਾ ਹੈ।

ਇਹ ਕਵਿਤਾ ਵਿਦਿਆਰਥੀ ਨੂੰ ਸਦਾਚਾਰਕ ਜੀਵਨ ਗੁਜਾਰਨ ਲਈ ਪ੍ਰੇਰਨਾ ਦਿੰਦੀ ਹੈ। ਇਕ ਮਿਹਨਤੀ ਮਜ਼ਦੂਰ ਦੇ ਜੀਵਨ ਰਾਹੀਂ ਸੰਕੇਤ ਹੈ ਕਿ ਕਿਵੇਂ ਮਜ਼ਦੂਰ ਦੇ ਮਨ ਵਿੱਚ ਕੋਈ ਲਾਲਸਾ ਜਾਂ ਸ਼ਿਕਵਾ ਨਹੀਂ ਹੈ। ਆਪਣੀ ਮਜ਼ਦੂਰੀ ਵਿਚ ਹੀ ਖੁਸ਼ ਰਹਿ ਕੇ "ਕਰ ਮਜ਼ਦੂਰੀ ਖਾਂ ਚੂਰੀ" ਦਾ ਪ੍ਰਮਾਣ ਪੇਸ਼ ਕਰਦਾ ਹੈ।



ਅੰਮ੍ਰਿਤਾ ਪ੍ਰੀਤਮ 'ਪੰਜਾਬ ਦੀ ਆਵਾਜ਼' ਆਪਣੀਆਂ ਕਵਿਤਾਵਾਂ ਰਾਹੀਂ ਪ੍ਰਗਤੀਵਾਦ ਦਾ ਸੰਦੇਸ਼ ਦਿੰਦੀ ਹੋਈ। ਹਰ ਇਕ ਸ਼ੈਅ ਨੂੰ ਜਗਾਉਣ ਦੀ ਕੋਸ਼ਿਸ਼ ਕਰਦੀ ਹੈ। ਉਹ ਆਪ ਵੀ ਕਵਿਤਾ 'ਬਾਰਾਂਮਾਹ' ਰਾਹੀਂ ਸਦੀਆਂ ਤੋਂ ਦੱਬੇ ਤੇ ਕੁਚਲੇ ਆ ਰਹੇ ਮਜ਼ਦੂਰ ਤੇ ਕਿਸਾਨ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਦੀ ਹੋਈ ਵੰਗਾਰਦੀ ਹੈ। ਉਸ ਅਨੁਸਾਰ ਅੱਜ ਉਹ ਸਮਾਂ ਨਹੀਂ ਰਿਹਾ ਕਿ ਚਿਰਾਂ ਤੋਂ ਸਮਰਾਜ ਦੇ ਦਬਾਅ ਹੇਠ ਦੱਬੇ ਲੋਕਾਂ ਅੰਦਰ ਚੇਤਨਤਾ ਆ ਚੁੱਕੀ ਹੈ ਤੇ ਹੁਣ ਉਹਨਾਂ ਅੰਦਰਲੀ ਤਬਦੀਲੀ ਨੂੰ ਕੋਈ ਰੋਕ ਨਹੀਂ ਸਕਦਾ ਹੈ। ਉਹ ਮਜ਼ਦੂਰ ਅੰਦਰ ਇੰਨੀ ਚੇਤਨਤਾ ਆ ਚੁੱਕੀ ਹੈ ਕਿ ਉਹ ਅੱਜ ਆਪਣੇ ਹੱਕ ਆਪ ਹੀ ਰਖਾਉਣ ਦੇ ਜੋਗ ਹੋ ਚੁੱਕਾ ਹੈ ਤੇ ਉਹ ਆਪ ਹੀ ਆਪਣੇ ਹੱਕ ਲੈ ਲਵੇਗਾ। ਹੁਣ ਉਹਨਾਂ ਲੋਕਾਂ ਦਾ ਆਪ ਰਾਜ ਹੈ ਤੇ ਉਹ ਇਸ ਆਪ ਰਾਜ ਵਿੱਚ ਸਫਲ ਹੋ ਕੇ ਰਹਿਣਗੇ।

ਉਹਨਾਂ ਦੀ ਦੂਜੀ ਕਵਿਤਾ ਸੰਯੋਗ ਵਿਯੋਗ ਵਿਚ ਇਹ ਦਰਸਾਇਆ ਹੋਇਆ ਹੈ ਕਿ ਇਹ ਬੇ-ਦਰਦ ਦੁਨੀਆਂ ਕਿਸੇ ਦੇ ਦੁੱਖ ਤੇ ਦਰਦ ਨੂੰ ਸਮਝਣ ਦੇ ਯੋਗ ਨਹੀਂ ਹੈ। ਇਸ ਲਈ ਇਹਨਾਂ ਉੱਤੇ ਕੋਈ ਮਾਣ ਜਾਂ ਭਰੋਸਾ ਕਰਨਾ ਨਿਰਮੂਲ ਤੇ ਬੇ-ਅਰਥ ਹੈ। ਭਾਵ ਕਿ ਮਨੁੱਖ ਨੂੰ ਆਪਣੇ ਆਪੇ ਤੇ ਹੀ ਨਿਰਭਰ ਹੋਣ ਲਈ ਉਤਸਾਹਿਤ ਕੀਤਾ ਹੋਇਆ ਹੈ। ਬੇਸ਼ੱਕ ਕੋਈ ਦਰਦੀ ਕਿਸੇ ਦੂਜੇ ਦੁਖੀ ਦੇ ਗੱਲ ਵੀ ਲੱਗ ਕੇ ਰੋਵੇ ਤਾਂ ਵੀ ਬੇ-ਦਰਦ ਜਮਾਨੇ ਉੱਤੇ ਕੋਈ ਅਸਰ ਨਹੀਂ ਹੈ।

ਅੰਮ੍ਰਿਤਾ ਪ੍ਰੀਤਮ ਦੀਆਂ ਇਹ ਦੋਵੇਂ ਹੀ ਕਵਿਤਾਵਾਂ ਇਹ ਸੰਦੇਸ਼ ਛੱਡਦੀਆਂ ਹਨ ਕਿ ਕੋਈ ਵੀ ਇਸ ਦੁਨੀਆਂ 'ਚ ਤੁਹਾਡਾ ਨਹੀਂ ਹੈ। ਆਪ ਨੇ ਆਪ ਹੀ ਆਪਣੇ ਹੱਕਾਂ ਪ੍ਰਤੀ ਸੁਚੇਤ ਰਹਿ ਕੇ ਸੰਭਾਲ ਕਰਨੀ ਹੈ। ਇਸ ਸੰਸਾਰ ਅੰਦਰ ਕੋਈ ਵੀ ਐਸਾ ਨਹੀਂ, ਜੋ ਤੁਹਾਡੇ ਦਰਦ ਨੂੰ ਸਮਝ ਕੇ ਤੁਹਾਡੀ ਹਮਦਰਦੀ ਕਰੇਗਾ।

| B.A. SEMESTER - II | Lesson No. 3 |
|---|---|
| COURSE NO. : PU-201 | UNIT-I |

# ਕਵਿਤਾ ਦੀ ਸਾਹਿਤਕ ਆਲੋਚਨਾ

ਭਾਈ ਵੀਰ ਸਿੰਘ ਦੀ ਕਵਿਤਾ ਕਾਫੀ ਲੋਕ ਪ੍ਰਿਯ ਹੋਈ ਹੈ। ਉਹਨਾ ਨੇ ਕਵਿਤਾ ਦੀ ਆਲੋਚਨਾ ਦੇ ਵਿਸ਼ੇ ਉਪਰ ਕਈ ਪੁਸਤਕਾਂ ਲਿਖੀਆਂ ਹਨ। ਭਾਈ ਸਾਹਿਬ ਦੀ ਕਵਿਤਾ ਅੰਦਰ ਕਈਂ ਗੁਣ ਹਨ, ਜਿਹਨਾਂ ਕਰਕੇ ਉਹਨਾਂ ਦੀ ਬਹੁਤ ਭਾਰੀ ਪ੍ਰਸੰਸਾ ਹੋਈ ਹੈ। ਉਹਨਾਂ ਦੀ ਕਵਿਤਾ ਦੇ ਕੁਝ ਅਜਿਹੇ ਗੁਣ ਹਨ ਜੋ ਆਪਣੇ ਆਪ ਸਵੈ-ਸਪੱਸ਼ਟ ਹਨ।

ਕਵਿਤਾ ਕੀ ਹੈ ? What is poetry ? ਕਵਿਤਾ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਮਿਲਦੀਆਂ ਹਨ। ਮਹਾਂਦੇਵੀ ਵਰਮਾ ਹਿੰਦੀ ਦੀ ਪ੍ਰਸਿੱਧ ਕਵਿਤਰੀ ਦੀ ਦਿੱਤੀ ਪਰਿਭਾਸ਼ਾ ਇਸ ਪ੍ਰਕਾਰ ਹੈ—

'ਕਵਿਤਾ ਕਵੀ ਵਿਸ਼ੇਸ਼ ਦੀਆਂ ਭਾਵਨਾਵਾਂ ਦਾ ਚਿਤ੍ਰਨ ਹੈ ਅਤੇ ਉਹ ਚਿਤ੍ਰਨ ਇਤਨਾ ਠੀਕ ਹੋਵੇ ਕਿ ਉਸ ਤੋਂ ਉਹੋ ਜਿਹੀਆਂ ਹੀ ਭਾਵਨਾਵਾਂ ਕਿਸੇ ਦੂਜੇ ਦੇ ਮਨ ਅੰਦਰ ਪੈਦਾ ਹੋਣ। ਹਿੰਦੀ ਦੇ ਪ੍ਰਸਿੱਧ ਕਵੀ ਸੁਮਿਤਰਾ ਨੰਦਨ ਨੇ ਲਿਖਿਆ ਹੈ— 'ਕਵਿਤਾ ਸਾਡੇ ਪਰਿਪੂਰਣ ਛਿਣਾ ਦੀ ਬਾਣੀ ਹੈ। ਕਵਿਤਾ ਦੀ ਇਕ ਪਰਿਭਾਸ਼ਾ ਇਕ ਪੱਛਮੀ ਕਵੀ ਨੇ ਇਸ ਪ੍ਰਕਾਰ ਦਿੱਤੀ ਹੈ—

'Poetry is the art of expressing in melodious words thoughts, which are the creation of Imagination and feelings. ਭਾਵ ਕਵਿਤਾ ਮਿੱਠੇ ਸ਼ਬਦਾਂ ਅਤੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਕਲਾ ਹੈ, ਜਿਹੜੇ ਕਲਪਨਾ ਅਤੇ ਅਹਿਸਾਸ ਦੀ ਉਪਜ ਹਨ।

ਭਾਈ ਵੀਰ ਸਿੰਘ ਇਸ ਹੁਨਰ ਵਿਚ ਮਾਹਿਰ ਹਨ ਕਿ ਉਹ ਆਪਣੀਆਂ ਭਾਵਨਾਵਾਂ ਭਲੀ ਭਾਂਤ ਹੋਰਨਾਂ ਤਕ ਪਹੁੰਚਾ ਸਕਣ। ਪ੍ਰੋ. ਸੇਜ ਅਨੁਸਾਰ, 'ਜਿਹੜੇ ਗੁਣ ਅੰਗਰੇਜੀ ਕਵਿਤਾ ਨੂੰ ਨਵੀਆਂ ਲੀਹਾਂ ਉਪਰ ਤੋਰਨ ਵਾਲੇ ਵਿਲੀਅਮ ਬਲੇਕ ਦੀ ਕਵਿਤਾ ਵਿਚ ਵਿਦਵਾਨ ਹਨ, ਉਹੋ ਭਾਈ ਸਾਹਿਬ ਦੀ ਕਵਿਤਾ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਬਲੇਕ ਨੂੰ ਰੁਮਾਂਟਿਕ ਪੋਇਟਰੀ ਦਾ ਮੋਢੀ ਦੱਸਿਆ ਜਾਂਦਾ ਹੈ। ਉਸ ਨੇ ਪ੍ਰੰਪਰਾਵਾਦੀ, ਤੁਕਬੰਦੀ ਵਿਚ ਸਜਰੇ ਮਜਮੂਨ ਭਰੇ। ਲੰਮੇਰੀਆਂ ਦੀ ਥਾਂ ਤੇ ਨਿੱਕੀਆਂ ਕਵਿਤਾਵਾਂ ਲਿਖੀਆਂ ਅਤੇ ਇਹ ਸਾਰੀਆਂ ਹੀ ਰਹੱਸਯੁਕਤ ਹਨ। ਭਾਈ ਵੀਰ ਸਿੰਘ ਵੀ ਇਸੇ ਹੀ ਪ੍ਰਕਾਰ ਦੇ ਕਵੀ ਸਨ। ਉਹਨਾਂ ਦੀਆਂ ਛੋਟੀਆਂ ਕਵਿਤਾਵਾਂ ਅੰਦਰ ਇਹ ਗੁਣ ਮੌਜੂਦ ਸੀ ਕਿ ਉਹ ਆਪਣੀਆਂ ਭਾਵਨਾਵਾਂ ਠੀਕ ਪ੍ਰਕਾਰ ਅੱਗੇ ਪਹੁੰਚਾ ਸਕਣ। ਉਹ ਰੋਮਾਂਸਵਾਦੀ ਵੀ ਸਨ, ਉਹਨਾਂ ਅੰਦਰ ਵਰਡਜ ਵਰਥ ਰੋਮਾਂਟਿਕ ਕਵੀ ਵਾਲੇ ਮਿਲਦੇ ਸਨ। ਉਹਨਾਂ ਨੇ ਕੁਦਰਤ ਸੰਬੰਧਤ ਕਵਿਤਾਵਾਂ ਲਿਖੀਆਂ। ਉਹਨਾਂ ਨੇ ਧੋਬੀ ਇਕ ਆਮ ਜਿਹੇ ਵਿਅਕਤੀ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ। ਉਹ ਚਿੰਨ੍ਹਾਂ ਰਾਹੀਂ ਆਪਣੀ ਗੱਲਬਾਤ ਪਹੁੰਚਾਉਂਦੇ ਹਨ।



**ਭਾਈ ਵੀਰ ਸਿੰਘ ਦੀ ਕਵਿਤਾ ਹਰ ਪੱਖ ਤੋਂ ਉੱਚੀ ਹੈ**

**(Bhai Vir Singh's Poetry is subline from all aspects)**

ਭਾਈ ਵੀਰ ਸਿੰਘ ਦੀ ਕਵਿਤਾ ਹਰ ਪੱਖ ਤੋਂ ਉੱਚੀ ਹੈ। ਇਸ ਨੂੰ ਵੱਖ-ਵੱਖ ਪੱਖਾਂ ਤੋਂ ਵੇਖਣਾ ਜ਼ਰੂਰੀ ਹੈ।

ਵਿਸ਼ਾ ਪੱਖ (inner material aspect) : ਵਿਸ਼ਾ ਪੱਖ ਤੋਂ ਭਾਈ ਵੀਰ ਸਿੰਘ ਦੀ ਕਵਿਤਾ ਉੱਚ ਦਰਜੇ ਦੀ ਹੈ। ਉਸਦਾ ਮੁੱਖ ਵਿਸ਼ਾ ਅਧਿਆਤਮਕ ਅਨੁਭੂਤੀਆਂ ਨੂੰ ਪ੍ਰਗਟਾਉਣਾ ਹੈ। ਇਹ ਅਜਿਹਾ ਵਿਸ਼ਾ ਹੈ ਜਿਸ ਨੂੰ ਪ੍ਰਗਟਾਉਣਾ ਬਹੁਤ ਔਖਾ ਕੰਮ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਅਧਿਆਤਮਕ ਕਿਸਮ ਦੇ ਅਹਿਸਾਸਾਂ ਨੂੰ ਲਿਖਿਤ ਵਿਚ ਲਿਆਉਣਾ ਅਤਿ ਕਠਿਨ ਹੈ ਕਿਉਂਕਿ ਇਸ ਪ੍ਰਕਾਰ ਦੇ ਅਹਿਸਾਸ ਗੁੰਗੇ ਦੀ ਮਠਿਆਈ ਖਾਉਣ ਵਾਂਗ ਹੁੰਦੇ, ਜੋ ਇਹ ਦਸ ਨਹੀਂ ਸਕਦਾ ਕਿ ਕੀ ਸੁਆਦ ਹੈ। ਵਿਸ਼ਾ ਉੱਚ ਹੈ। ਇਤਨੇ ਉੱਚ ਵਿਸ਼ੇ ਨੂੰ ਕੋਈ ਕੋਈ ਹੀ ਹੱਥ ਪਾ ਸਕਦਾ ਹੈ। ਭਾਈ ਸਾਹਿਬ ਨੇ ਅੰਦਰਲੇ ਅਹਿਸਾਸ ਦੁਆਰਾ ਪ੍ਰਮਾਤਮਾ ਨਾਲ ਜੁੜਨ ਦੀ ਗੱਲ ਕੀਤੀ ਹੈ, ਉਹ ਖੁਦ ਪ੍ਰਮਾਤਮਾ ਨਾਲ ਜੁੜੇ ਹੋਏ ਸਨ ਅਤੇ ਖੇੜੇ ਦੀ ਅਵਸਥਾ ਤੱਕ ਪੁਜ ਚੁੱਕੇ ਹਨ। ਭਾਈ ਵੀਰ ਸਿੰਘ ਦੇ ਕਾਵਿ ਸਿਧਾਂਤ ਬਾਰੇ ਡਾ. ਤਾਰਨ ਸਿੰਘ ਲਿਖਦੇ ਹਨ—Bhai Vir Singh believes that the sublimity of the poetry is the dweller of the starry plans of celertical hights. ਭਾਵ ਭਾਈ ਵੀਰ ਸਿੰਘ ਦਾ ਵਿਸ਼ਵਾਸ ਹੈ ਕਿ ਕਵਿਤਾ ਉੱਚੇ ਨੱਛਤਰਾਂ ਵਿੱਚ ਵੱਸਦੀ ਹੈ।

ਪ੍ਰਮਾਤਮਾ ਤੱਕ ਪੁੱਜਣ ਦਾ ਮਾਰਗ ਉਹਨਾਂ ਨੇ ਪਿਆਰ ਹੀ ਦੱਸਿਆ ਹੈ, ਇਸ ਨੂੰ ਹੀ ਅਸੀਂ ਉਹਨਾਂ ਦਾ ਕਾਵਿ ਸਿਧਾਂਤ ਕਹਿ ਸਕਦੇ ਹਾਂ। ਉਹ 'ਮਰਦ ਦਾ ਕੁੱਤਾ' ਕਵਿਤਾ ਵਿਚ ਲਿਖਦੇ ਹਨ—

ਸੱਚੀ ਰਿਸ਼ਮ ਪਿਆਰ ਦੀ
ਜੁਗ ਜੁਗ ਚਮਕ ਦਿਖਾਏ,
ਸੱਚੀ ਰੀਢ ਪਿਆਰ ਦੀ
ਪੀੜੀ ਹੁੰਦੀ ਜਾਇ
ਸੱਚੀ ਰੀਢ ਪਿਆਰ ਦੀ
ਸਦਾ ਸਦਾ ਮਹਿਕਾਇ
ਸੱਚੀ ਅੰਸ਼ ਪਿਆਰ ਦੀ
ਸਾਂਈ ਚਰਨ ਪੁਚਾਇ।

ਉਹ ਪਿਆਰ ਨੂੰ ਉਹ ਕੁੰਜੀ ਸਮਝਦੇ ਹਨ, ਜਿਸ ਦੁਆਰਾ ਪ੍ਰਮਾਤਮਾ ਤੱਕ ਪਹੁੰਚਿਆ ਜਾ ਸਕਦਾ ਹੈ।

**ਖੇੜੇ ਦਾ ਸਿਧਾਂਤ (Theory of Khera or Blissfulness)** —ਖੇੜੇ ਦਾ ਸਿਧਾਂਤ ਉਹਨਾਂ 'ਜੀਵਨ ਕੀ ਹੈ' ? ਵਿਚ ਇਸ ਪ੍ਰਕਾਰ ਪ੍ਰਗਟਾਇਆ ਹੈ—

ਤਨ ਮਨ ਖੀਵਾ ਪੀ ਪੀ
ਖੇੜਾ ਸਾਰੀ ਹੋਈ,
ਖੇੜਾਂ ਤਾਂ ਆਪਾਂ ਇਕ ਹੋਏ
ਲੂੰ ਲੂੰ ਗਈ ਪਰੋਈ।

ਹੋਰ ਵੀ ਕਈ ਥਾਵਾਂ ਤੇ ਖੇੜੇ ਸੰਬੰਧੀ ਆਪਣੇ ਵਿਚਾਰ ਭਾਈ ਸਾਹਿਬ ਨੇ ਪ੍ਰਗਟਾਏ ਹਨ। ਭਾਈ ਸਾਹਿਬ ਬਹੁਤ ਜਿਆਦਾ ਧਾਰਮਿਕ ਵਾਤਾਵਰਣ ਵਿੱਚ ਪੱਕੇ ਸਨ। ਉਹਨਾਂ ਦੇ ਵੱਡੇ ਵਡੇਰੇ ਗੁਰਬਾਣੀ ਦੇ ਰਸੀਏ ਸਨ। ਇਸ ਵਿਸ਼ੇਸ਼ ਤੌਰ ਤੇ ਭਾਈ ਵੀਰ ਸਿੰਘ ਉੱਪਰ ਉਹਨਾਂ ਦੇ ਨਾਨੇ ਗਿਆਨੀ ਹਜਾਰਾ ਸਿੰਘ ਦਾ ਪ੍ਰਭਾਵ ਪਿਆ। ਇਸ ਨਾਲ ਉਹਨਾਂ ਦੀ ਵਿਚਾਰਧਾਰਾ ਅਧਿਆਤਮਕ ਕਿਸਮ ਦੀ ਹੋ ਗਈ। ਖੇੜੇ ਵਿਚ ਭਾਈ ਵੀਰ ਸਿੰਘ ਦੇ ਸਿਧਾਂਤ ਨੂੰ ਸ. ਬਲਵੰਤ ਸਿੰਘ ਆਨੰਦ ਨੇ ਇਸ ਪ੍ਰਕਾਰ ਪ੍ਰਗਟਾਇਆ ਹੈ—

'The end of mystieism is explained by Bhai Vir Singh in his long poem entitled What is life ? He describes the experiences of a young women in search of the meaning of life. It is only when, over whelmed in a state of semiconscious ness, she experiences rising with in her a fountain of beauty and her body and mined are filled with such abundance of happiness that all the doubts are resolved. Ther purpose of life according to the poet is boattain the higher state of consciousness in which body and mind are attined with the absolute resulting in upper happiness and blissfulness.

ਭਾਵ ਭਾਈ ਵੀਰ ਸਿੰਘ ਨੇ ਰਹੱਸਵਾਦ ਦਾ ਉਦੇਸ਼ ਆਪਣੀ ਲੰਮੀ ਕਵਿਤਾ ਜੀਵਨ ਕੀ ਹੈ ? ਵਿਚ ਪ੍ਰਗਟਾਇਆ ਹੈ। ਉਹਨਾ ਇਕ ਨੌਜਵਾਨ ਇਸਤਰੀ ਦੇ ਤਜਰਬਿਆਂ ਨੂੰ ਪ੍ਰਗਟਾਇਆ ਹੈ, ਜਿਹੜੀ ਜੀਵਨ ਦੇ ਅਰਥ ਤਲਾਸ਼ ਕਰਨਾ ਚਾਹੁੰਦੀ ਹੈ। ਜਦੋਂ ਉਹ ਕੁਦਰਤ ਦੀ ਸੁੰਦਰਤਾ ਦੁਆਰਾ ਮੰਤਰ-ਮੁਗਧ ਹੋ ਜਾਂਦੀ ਹੈ ਅਤੇ ਨੀਮ ਬੇਹੋਸ਼ੀ ਦੀ ਹਾਲਤ ਵਿਚ ਪਹੁੰਚ ਜਾਂਦੀ ਹੈ, ਉਸਨੂੰ ਆਪਣੇ ਅੰਦਰੋਂ ਸੁੰਦਰਤਾ ਦੇ ਦਰਸ਼ਨ ਹੁੰਦੇ ਹਨ ਅਤੇ ਉਸ ਦਾ ਦਿਮਾਗ ਅਤੇ ਸਰੀਰ ਅਕਹਿ ਆਨੰਦ ਦੀ ਹਾਲਤ ਵਿਚ ਪਹੁੰਚ ਜਾਂਦੇ ਹਨ। ਇਥੇ ਉਸ ਦੇ ਸਾਰੇ ਹੀ ਸ਼ੰਕੇ ਦੂਰ ਹੋ ਜਾਂਦੇ ਹਨ। ਕਵੀ ਅਨੁਸਾਰ ਜੀਵਨ ਦਾ ਉਦੇਸ਼ ਉਚੇਰੀ ਚੇਤਨਾ ਤਕ ਪੁੱਜਣਾ ਹੈ। ਜਿਸ ਵਿਚ ਸ਼ਰੀਰ ਅਤੇ ਦਿਮਾਗ ਉਸ ਪ੍ਰਭੂ ਨਾਲ ਜੁੜ ਜਾਂਦੇ ਹਨ, ਜੋ ਵਿਅਕਤੀ ਨੂੰ ਖੁਸ਼ੀ, ਖੇੜੇ ਅਤੇ ਆਨੰਦ ਦੀ ਅਵਸਥਾ ਵਿੱਚ ਪਹੁੰਚਾਉਂਦੇ ਹਨ।

**ਕਲਪਨਾ ਪੱਖ (Aspect of Imagination)** —ਭਾਈ ਵੀਰ ਸਿੰਘ ਅੰਦਰ ਕਲਪਨਾ ਬਹੁਤ ਉੱਚ ਹੈ। ਇਹ ਉਹਨਾਂ ਇਸ ਪਾਸੇ 'ਫੁੱਲ' ਤੇ ਕਵਿਤਾ ਲਿਖੀ ਅਤੇ ਦੂਜੇ ਪਾਸੇ 'ਕੰਡੇ' ਉਪਰ ਵੀ ਕਵਿਤਾ ਲਿਖ ਦਿੱਤੀ। ਇਹ ਉਹਨਾਂ ਦੀ ਕਲਪਨਾ ਦਾ ਕਮਾਲ ਸੀ। ਜਾਹਨਸਨ (Johnson) ਨੇ ਕਵਿਤਾ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਹੈ—

'Poetry is the art of uniting pleasure with truth by calling imagination to the help of reason' ਭਾਵ ਕਵਿਤਾ ਖੁਸ਼ੀ ਨੂੰ ਸੱਚ ਨਾਲ ਜੋੜਨ ਦੀ ਕਲਾ ਹੈ, ਪਰ ਇਸ ਪ੍ਰਕਾਰ ਦੀ ਪ੍ਰਕ੍ਰਿਆ ਵਿਚ ਤਰਕ ਦੀ ਸਹਾਇਤਾ ਕਲਪਨਾ ਕਰਦੀ ਹੈ।

ਕੰਡੇ ਕਵਿਤਾ ਤੋਂ ਉਹਨਾਂ ਦੀ ਕਲਪਨਾ ਦਾ ਪਤਾ ਲੱਗ ਜਾਂਦਾ ਹੈ—

ਫੁੱਲ ਗੁਲਾਬ ਤੋਂ ਕਿਸੇ ਪੁੱਛਿਆ,
ਆਵੇ ਕੋਮਲਤਾ ਦੇ ਸਾਂਈਂ!



ਇਹ ਸੁਹਪਣ, ਇਸ ਸੁਹਲ ਸੁਹਜ ਨੂੰ
ਨੂੰ ਕਿਉਂ ਕੰਡਿਆ ਬਜ ਲਾਈ ?
ਮਸਤ ਅਲਸਤੀ ਸੁਰ ਵਿਚ ਸੋਹਣੇ
ਹਸ ਕਿਹਾ : 'ਖਬਰ ਨਹੀਂ ਮੈਨੂੰ,
ਤੋੜ ਨਹੀਂ ਦੀ ਫੱਟੀ ਭਾਵੇਂ
ਮੇਰੇ ਮੌਲਾ ਨੇ ਲਿਖ ਲਾਈ।

ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਵਿਚ ਉਚ ਦਰਜੇ ਦੀ ਕਲਪਨਾ ਵੇਖੀ ਜਾ ਸਕਦੀ ਹੈ। ਡਾ. ਭਾਗੀਰਥ ਮਿਸ਼ਰ ਹਿੰਦੀ ਦੇ ਪ੍ਰਸਿੱਧ ਆਲੋਚਕ ਲਿਖਦੇ ਹਨ—ਅਨੁਭੂਤੀ ਵਿੱਚ ਡੁੱਬੀ ਹੋਈ ਕਲਪਨਾ ਜਾਂ ਪ੍ਰਤਿਭਾ ਵਿਚ ਜਦੋਂ ਕਿਸੇ ਸੁੰਦਰ ਵਿਚਾਰ ਦਾ ਪ੍ਰਵੇਸ਼ ਬਾਨੀ ਦੀ ਕਿਰਪਾ ਨਾਲ ਹੁੰਦਾ ਹੈ ਤਾਂ ਕਵਿਤਾ ਦਾ ਜਨਮ ਹੁੰਦਾ ਹੈ।

**ਅਰਥ ਪੱਖ (Aspect of Meaning)**—ਭਾਈ ਸਾਹਿਬ ਦੀ ਕਵਿਤਾ ਅੰਦਰ ਡੂੰਘੇ ਅਰਥ ਮਿਲਦੇ ਹਨ। ਇਸ ਪੱਖ ਤੋਂ ਵੀ ਉਹ ਬਹੁਤ ਹੀ ਉੱਚ ਦਰਜੇ ਦੇ ਕਵੀ ਹਨ। ਅਰਥ ਪੱਖ ਤੋਂ ਕਈ ਛੋਟੀਆਂ ਕਵਿਤਾਵਾਂ ਬਹੁਤ ਉੱਚੇ ਦਰਜੇ ਦੀਆਂ ਹਨ—

ਮਿੱਠੇ ਤਾਂ ਲਗਦੇ ਮੈਨੂੰ
ਫੁੱਲਾਂ ਦੇ ਹੁਲਾਰੇ
ਜਾਨ ਮੇਰੀ ਪਰ ਕੁੱਸਦੀ।

ਧੋਬੀ ਕਵਿਤਾ ਵੀ ਇਸੇ ਹੀ ਪ੍ਰਕਾਰ ਦੀ ਹੈ—

ਧੋਬੀ ਕਪੜੇ ਧੋਂਦਿਆਂ
ਵੀਰਾ! ਹੋ ਹੁਸਿਆਰ!
ਪਿਛਲੇ ਪਾਸਯੋਂ ਆ ਰਿਹਾ,
ਮੂੰਹ ਅੱਡੀ ਸੰਸਾਰ।

ਉਪਰੋਕਤ ਦੋਹਾਂ ਕਵਿਤਾਵਾਂ ਅੰਦਰ ਹੀ ਭਾਈ ਸਾਹਿਬ ਤੇ ਉੱਚ ਅਰਥ ਪ੍ਰਗਟਾਏ ਹਨ। ਪਹਿਲੀ ਕਵਿਤਾ ਨੇ ਭਾਈ ਸਾਹਿਬ ਦੀ ਮਾਨਸਿਕ ਸਥਿਤੀ ਰਾਹੀਂ ਉਹਨਾਂ ਲੋਕਾਂ ਦੇ ਮਨਾਂ ਨੂੰ ਪ੍ਰਗਟਾਇਆ ਹੈ, ਜਿਹੜੇ ਪ੍ਰਮਾਤਮਾ ਨਾਲ ਅੰਦਰੋ ਹੁੰਦੇ ਹਨ। ਆਲੇ ਦੁਆਲੇ ਦੇ ਸੰਸਾਰਕ ਪਦਾਰਥ ਉਹਨਾਂ ਨੂੰ ਚੰਗੇ ਨਹੀਂ ਲਗਦੇ ਅਤੇ ਇਹਨਾਂ ਨੂੰ ਉਹ ਭੋਗਦੇ ਹੋਏ ਵੀ, ਔਖੇ ਔਖੇ ਮਹਿਸੂਸ ਕਰਦੇ ਹਨ। ਇਸ ਕਵਿਤਾ ਰਾਹੀਂ ਨਿਮਰਤਾ ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਕਵਿਤਾ ਤੋਂ ਉਚੇਰੇ ਅਰਥ ਇਹ ਮਿਲਦੇ ਹਨ ਕਿ ਵਿਅਕਤੀ ਨੂੰ ਚੁਗਲ ਖੋਰੀ, ਨਿੰਦਾ ਆਦਿ ਬੁਰਾਈਆਂ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਹ ਬੁਰੀਆਂ ਚੀਜ਼ਾਂ ਹੀ ਹਨ ਜੋ ਸਾਨੂੰ ਪ੍ਰਮਾਤਮਾ ਤੋਂ ਦੂਰ ਲੈ ਕੇ ਚਲੀਆਂ ਜਾਂਦੀਆਂ ਹਨ ਪਰ ਸਾਨੂੰ ਮਹਿਸੂਸ ਵੀ ਨਹੀਂ ਹੋਣ ਦਿੰਦੀਆਂ।

**ਕਮਲ ਗੋਦੀ ਵਿਚ ਤ੍ਰੇਲ ਮੋਤੀ (Kamal Godi wich trail moti)**—ਕਮਲ ਗੋਦੀ ਵਿੱਚ ਤ੍ਰੇਲ ਮੋਤੀ ਵੀ ਅਰਥ ਪੱਖ ਤੋਂ ਬਹੁਤ ਹੀ ਉੱਚੀ ਕਵਿਤਾ ਹੈ। ਇਸ ਦਾ ਅੰਤਿਮ ਸੰਦੇਸ਼ ਬਹੁਤ ਹੀ ਅਰਥਪੂਰਣ ਹੈ—

'ਘੱਲੇ ਸੱਦੇ ਪਾਤਸ਼ਾਹ ਏਥੇ ਉਥੇ ਆਪ,
ਅਮਰ ਖੇਡ ਮੈਂ ਉਸਦੀ ਖੇਡ ਖਿਡਾਵੇ ਬਾਪ।'

ਇਥੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਪ੍ਰਮਾਤਮਾ ਹੀ ਕਰਨ ਕਰਾਵਨਹਾਰ ਹੈ। ਸਾਰੀ ਹੀ ਸ੍ਰਿਸ਼ਟੀ ਉਸਦੀ ਰਚੀ ਹੋਈ ਹੈ ਅਤੇ ਉਸ ਦੁਆਰਾ ਬਣਾਈ ਗਈ ਇਕ ਖੇਡ ਹੈ। ਉਹ ਪ੍ਰਮਾਤਮਾ ਖੁਦ ਮਨੁੱਖਾਂ ਨੂੰ ਇਸ ਸੰਸਾਰ ਅੰਦਰ ਭੇਜਦਾ ਹੈ ਅਤੇ ਉਹਨਾਂ ਨੂੰ ਜੀਵਨ ਨਾਟਕ ਅੰਦਰ ਰੋਲ ਦਿੰਦਾ ਹੈ। ਹਰੇਕ ਮਨੁੱਖ ਨੂੰ ਆਪਣਾ ਰੋਲ ਨਿਭਾਉਣਾ ਪੈਂਦਾ ਹੈ। ਇਹ ਸੰਸਾਰ ਇਕ ਖੇਡ ਤੋਂ ਸਿਵਾ ਕੁਝ ਹੋਰ ਨਹੀਂ ਹੈ।

**ਸੌਂਦਰਯ ਪੱਖ (Aspect of beauty)**—ਸੌਂਦਰਯ ਪੱਖ ਤੋਂ ਭਾਈ ਵੀਰ ਸਿੰਘ ਨੇ ਬਹੁਤ ਉੱਚ ਪੱਧਰ ਦੀਆਂ ਕਵਿਤਾਵਾਂ ਲਿਖੀਆਂ ਹਨ। 'ਕੰਬਦੀ 'ਕਲਾਈ' ਵਿਚਲਾ ਸੌਂਦਰਯ ਅਨੁਪਮ ਹੈ। ਇਸ ਵਿਚ ਲਿਖਿਆ ਹੈ—

"ਸੁਪਨੇ ਵਿਚ ਤੁਸੀ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ।"

'ਧਾ ਗਲਵਕੜੀ ਪਾਈ' ਸ਼ਬਦ ਆਪਣੇ ਆਪ ਵਿੱਚ ਅਰਥਪੂਰਨ ਹਨ ਅਤੇ ਭਾਰੀ ਸੁੰਦਰਤਾ ਪੈਦਾ ਕਰਦੇ ਹਨ। 'ਨਿਰਾ ਨੂਰ' ਵਿੱਚ 'ਨ' ਦੀ ਦੋ ਵਾਰ ਵਰਤੋਂ ਨੇ ਅਨੁਪ੍ਰਾਸ ਪੈਦਾ ਕੀਤਾ ਹੈ, ਜਿਸ ਤੋਂ ਸੁੰਦਰਤਾ ਦਾ ਜਨਮ ਹੋਇਆ ਹੈ।

ਪੱਥਰਾਂ ਵਿੱਚੋਂ ਆਵਾਜ਼ ਨੂੰ ਸੁਨਣਾ ਵੀ ਇਕ ਨਵੀਂ ਪ੍ਰਕਾਰ ਦੀ ਸੁੰਦਰਤਾ ਹੈ। ਕੰਬਦੇ ਪੱਥਰ ਵਿੱਚ ਕਵੀ ਲਿਖਦਾ ਹੈ—

ਮਾਰਦੰਡ ਨੂੰ ਮਾਰ ਪਿਆ
'ਹੋਈ ਮੁੱਦਤ' ਕਹਿੰਦੀ ਲੋਈ
ਪਰ ਕੰਬਦੀ ਪੱਥਰਾਂ ਵਿਚ ਹੁਣ ਤਕ
ਸਾਨੂੰ ਸੀ ਸਹੀ ਹੋਈ।

ਭਾਈ ਸਾਹਿਬ ਨੇ ਇਥੇ ਦੱਸਿਆ ਹੈ ਕਿ ਹਿੰਦੂਸਤਾਨ ਅੰਦਰਲੀ ਫੁੱਟ ਕਿਸ ਪ੍ਰਕਾਰ ਵਿਦੇਸ਼ੀ ਹਮਲਾਵਰਾਂ ਨੂੰ ਇਥੇ ਲਿਆਈ ਅਤੇ ਦੇਸ਼ ਦੇ ਹੁਨਰ ਤੇ ਵਿਦਿਆਂ ਦੀ ਤਬਾਹੀ ਦਾ ਕਾਰਣ ਬਣੀ।

ਸੌਂਦਰਯ ਉਪਜਾਉਣ ਵਿਚ ਭਾਈ ਸਾਹਿਬ ਦੁਆਰਾ ਵਰਤੇ ਗਏ ਅਲੰਕਾਰਾਂ ਅਤੇ ਰਸਾਂ ਨੇ ਭਾਰੀ ਹਿੱਸਾ ਪਾਇਆ ਹੈ।

**ਭਾਸ਼ਾ ਪੱਖ (Aspect of Language)** —ਭਾਸ਼ਾ ਦੇ ਪੱਖ ਤੋਂ ਕਵਿਤਾ ਦਾ ਨਿਰਣਾ ਕਰਨ ਲਈ ਬਹੁਤ ਕੁੱਝ ਵੇਖਣਾ ਪੈਂਦਾ ਹੈ। ਇਹ ਵੇਖਣਾ ਪੈਂਦਾ ਹੈ ਕਿ ਕੀ ਵਰਤੀ ਗਈ ਭਾਸ਼ਾ ਸਪੱਸ਼ਟ ਹੈ, ਕੀ ਭਾਸ਼ਾ ਅੰਦਰ ਰਿਦਮ ਅਤੇ ਵਹਾ ਹਨ, ਕੀ ਭਾਸ਼ਾ ਵਿਸ਼ੇ ਨੂੰ ਠੀਕ ਤਰ੍ਹਾਂ ਪ੍ਰਗਟਾ ਸਕੀ ਹੈ, ਕੀ ਵਿਸ਼ੇ ਅਤੇ ਪ੍ਰਗਟਾ-ਢੰਗ ਵਿਚਕਾਰ ਸਮਾਯੋਜਨ ਮੌਜੂਦ ਹੈ।



ਜਦੋਂ ਭਾਈ ਵੀਰ ਸਿੰਘ ਦੀ ਕਵਿਤਾ ਉਪਰ ਨਜ਼ਰ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਸਾਰੀਆਂ ਉਪਰਲੀਆਂ ਚੀਜ਼ਾਂ ਹਨ, ਸਪਸ਼ਟਤਾ ਹੈ, ਸ਼ੈਲੀ ਅਤੇ ਵਿਸ਼ੇ ਵਿਚਕਾਰ ਸੰਤੁਲਨ ਹੈ, ਭਾਸ਼ਾ ਵਿਸ਼ੇ ਦੇ ਅਨੁਕੂਲ ਹੈ, ਸ਼ਬਦਾਂ ਦੀ ਚੋਣ ਧਿਆਨ ਨਾਲ ਕੀਤੀ ਗਈ ਹੈ, ਸ਼ਬਦਾਂ ਨੂੰ ਠੀਕ ਤਰ੍ਹਾਂ ਫਿੱਟ ਕੀਤਾ ਗਿਆ ਹੈ। ਕਿਤੇ ਕੋਈ ਵਾਧੂ ਸ਼ਬਦ ਨਹੀਂ ਮਿਲਦਾ ਅਤੇ ਹਰੇਕ ਸ਼ਬਦ ਚੰਗੇ ਕਾਰੀਗਰ ਵਾਂਗ ਆਪਣੀ ਥਾਂ ਫਿੱਟ ਹੈ। ਭਾਸ਼ਾ ਅਧਿਆਤਮਕ ਭਾਵਾਂ ਨੂੰ ਸਰਲ ਢੰਗ ਨਾਲ ਪ੍ਰਗਟਾ ਰਹੀ ਹੈ। 'ਅਟਕ' ਕਵਿਤਾ ਤੋਂ ਭਾਈ ਸਾਹਿਬ ਦੀ ਭਾਸ਼ਾ ਦੀ ਸਰਲਤਾ ਦਾ ਗਿਆਨ ਹੁੰਦਾ ਹੈ—

"ਅਟਕਣਾ ਨਾ ਕੰਮ ਮੇਰਾ
ਅਟਕਿਆ ਸੋ ਮਾਰਿਆ ਹੈ
ਅਟਕ ਨਾਮ ਮੌਤ ਦਾ ਹੈ
ਕੋਈ ਅਟਕਦਾ ਨਹੀਂ।"

ਭਾਈ ਵੀਰ ਸਿੰਘ ਦੀ ਖੂਬੀ ਇਹ ਹੈ ਕਿ ਉਹ ਸਰਲ ਸ਼ਬਦਾਂ ਰਾਹੀਂ ਬਹੁਤ ਡੂੰਘੀਆਂ ਰਹੱਸਪੂਰਨ ਰਮਜ਼ਾਂ ਪ੍ਰਗਟਾਉਣ ਵਿਚ ਸਫਲ ਹੋਏ ਹਨ। ਪ੍ਰੋ. ਸੋਜ ਭਾਈ ਵੀਰ ਸਿੰਘ ਦੁਆਰਾ ਦਰਸਾਏ 'ਤ੍ਰੇਲ ਦੇ ਤੁਪਕੇ' ਦੇ ਸੰਬੰਧ ਵਿਚ ਲਿਖਦੇ ਹਨ— ਇਹ ਤ੍ਰੇਪ ਤੁਪਕਾ ਵਾਸੀ ਦੇਸ਼ ਅਰੂਪ ਦਾ ਹੈ। ਧਰਤੀ ਨਾਲ ਇਸ ਦਾ ਸੰਬੰਧ ਕਿਉਂ ਜੋ ਗੁਲਾਬ ਦੀ ਹੋਂਦ ਕਾਰਣ ਹੈ, ਇਸ ਲਈ ਉਹ ਆਮ ਚਿੱਕੜ ਵਿਚ ਆਪਣਾ ਵਜੂਦ ਲਬੇੜ ਨਹੀਂ ਸਕਦਾ।

'ਬ੍ਰਿਛ' ਵਿਚ ਲਿਖਿਆ ਹੈ—

ਧਰਤੀ ਦੇ ਹੇ ਤੰਗ ਦਿਲ ਲੋਕੋ।
ਨਾਲ ਅਸਾਂ ਕਿਉਂ ਲੜਦੇ ?

ਪ੍ਰਸ਼ਨਾਂਤਮਕ ਢੰਗ ਨੇ ਕਵਿਤਾ ਨੂੰ ਵਧੀਆ ਬਣਾਇਆ ਹੈ। ਭਾਈ ਵੀਰ ਸਿੰਘ ਦੀ ਕਵਿਤਾ ਤੋਂ ਆਨੰਦ ਦੀ ਪ੍ਰਾਪਤੀ ਵੀ ਹੁੰਦੀ ਹੈ ਅਤੇ ਪ੍ਰਭੂ ਨਾਲ ਮਿਲਣ ਦੀ ਉੱਚ ਅਵਸਥਾ ਉਪਰ ਪੁੱਜਣ ਦੀ ਹੱਲਾ ਸ਼ੇਰੀ ਵੀ ਮਿਲਦੀ ਹੈ।

**ਨਾਟਕੀ ਤੱਤ (Dramatic Element)**—ਭਾਈ ਵੀਰ ਸਿੰਘ ਅੰਦਰ ਨਾਟਕੀ ਤੱਤ ਵਲ ਸ੍ਰੀ.ਜੀ. ਐਸ ਖੋਸਲਾ (G.S. Khosla) ਨੇ ਸੰਕੇਤ ਕੀਤਾ ਹੈ। ਉਹਨਾਂ ਨੇ ਇਸ ਸੰਬੰਧ ਵਿੱਚ 'ਰਾਣਾ ਸੂਰਤ ਸਿੰਘ' ਵਿਚੋਂ ਉਦਾਹਰਣਾਂ ਦਿੱਤੀਆਂ ਹਨ। ਭਾਈ ਸਾਹਿਬ ਦੀਆਂ ਛੋਟੀਆਂ ਕਵਿਤਾਵਾਂ ਅੰਦਰ ਵੀ ਇਹ ਨਾਟਕੀ ਤੱਤ ਵੇਖਿਆ ਜਾ ਸਕਦਾ ਹੈ। ਇਸ ਨੂੰ ਅਸੀਂ ਪਿੰਜਰੇ ਦੀ ਸਹੂਲਤਾਂ ਕਰਨ ਵਾਲੇ ਨੂੰ ਕਵਿਤਾ ਅੰਦਰ ਵੇਖ ਸਕਦੇ ਹਾਂ—

ਜ਼ਾਲਮ ਖੜ੍ਹਾ ਹਵਾ ਖੁਲ੍ਹੀ ਵਿਚ
ਆਖੇ 'ਪਿੰਜਰਾ ਸੋਹਣਾ'
ਵਿਚ ਆ ਜਾਵੇ ਫਿਰ ਮੈਂ ਪੁੱਛਾਂ
ਕਿੰਨਾ ਹੈ ਮਨ ਮੁਹਣਾ ?

ਹੋਰ ਵੀ ਕਵਿਤਾਵਾਂ ਅੰਦਰ ਇਹ ਗੱਲ ਵੇਖੀ ਜਾ ਸਕਦੀ ਹੈ। 'ਤਿਆਰੀਆਂ' ਕਵਿਤਾ ਅੰਦਰ ਵੀ ਇਸ

ਪ੍ਰਕਾਰ ਦਾ ਤੱਤ ਮਿਲਦਾ ਹੈ—

ਰਾਂਝਾ ਬੈਠਾ ਤਖਤ ਹਜ਼ਾਰੇ ਨਾਲ ਭਾਬੀਆਂ ਅੜਦਾ।

**ਕਲਾ ਦਾ ਮਹੱਤਵ ਨੈਤਿਕਤਾ ਦਾ ਪਸਾਰ ਹੈ (Purpose of Art is moral exaltation)** —ਕਲਾ ਦਾ ਮਹੱਤਵ ਨੈਤਿਕਤਾ ਦਾ ਪਸਾਰ ਹੈ ਅਤੇ ਵਿਅਕਤੀ ਨੂੰ ਨੈਤਿਕ ਤੌਰ ਤੇ ਉੱਚਾ ਉਠਾਉਣਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਇਸ ਉਦੇਸ਼ ਨੂੰ ਪੂਰਾ ਕਰਦੀ ਹੈ। ਇਹ ਵਿਅਕਤੀ ਨੂੰ ਅਧਿਆਤਮਕ ਤੌਰ ਤੇ ਉੱਚਾ ਉਠਾਉਣ ਦੀ ਕੋਸ਼ਿਸ਼ ਕਰਦੀ ਹੈ।

ਭਾਈ ਵੀਰ ਸਿੰਘ ਇਕ ਉੱਚ ਦਰਜੇ ਦਾ ਮਹਾਨ ਕਵੀ ਹੈ।

**ਨਿਸ਼ਕਰਸ਼ (Conclusion)**—ਭਾਈ ਵੀਰ ਸਿੰਘ ਦੀ ਕਵਿਤਾ ਵਿਸ਼ੇ ਅਤੇ ਕਲਾ ਦੋਹਾਂ ਪੱਖਾਂ ਤੋਂ ਉੱਚੀ ਹੈ। ਉਹਨਾਂ ਦੀ ਇਹਨਾਂ ਪੱਖਾਂ ਤੋਂ ਉਚੱਤਾ ਨੇ ਹੀ ਉਨ੍ਹਾਂ ਨੂੰ ਇਕ ਬਹੁਤ ਉੱਚਾ ਕਵੀ ਬਣਾਇਆ ਹੈ। ਇਸ ਲਈ ਉਹਨਾਂ ਨੂੰ ਇਕ ਮਹਾਣ ਕਵੀ ਕਹਿਣਾ ਹੀ ਉਚਿਤ ਹੈ।





# ਕਵਿਤਾ ਦੀ ਸਾਹਿਤਕ ਆਲੋਚਨਾ

**ਕਵਿਤਾ ਦੇ ਅਧਾਰ ਤੇ ਕਵੀ ਦੀ ਕਾਵਿ ਕਲਾ/ਵਿਸ਼ੇਸ਼ਤਾਈਆਂ**

ਭਾਈ ਵੀਰ ਸਿੰਘ ਦੀ ਸ਼ੈਲੀ ਨਿਜੀ ਤੇ ਮੌਲਿਕ ਹੈ। ਉਹਨਾਂ ਦੀ ਕਾਵਿ ਭਾਸ਼ਾ ਨੂੰ ਵੇਖਣ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਦੀ ਕਾਵਿ ਭਾਸ਼ਾ ਅੰਦਰ ਕੁਝ ਖਾਸ ਵਿਸ਼ੇਸ਼ਤਾਵਾਂ ਹਨ, ਜਿਹਨਾਂ ਕਾਰਨ ਉਹ ਬਹੁਤ ਜ਼ਿਆਦਾ ਲੋਕਪ੍ਰਿਯ ਹੋਏ ਅਤੇ ਅੱਜ ਵੀ ਉਹਨਾਂ ਦੀ ਕਵਿਤਾ ਨੂੰ ਬਹੁਤ ਜ਼ਿਆਦਾ ਪੜ੍ਹਿਆ ਜਾਂਦਾ ਹੈ।

ਕਾਵਿ ਭਾਸ਼ਾ ਨੂੰ ਚੰਗੇ ਹੋਣ ਲਈ ਜਿਸ ਚੀਜ਼ ਦੀ ਸਭ ਤੋਂ ਜ਼ਿਆਦਾ ਲੋੜ ਹੁੰਦੀ ਹੈ ਉਹ ਇਹ ਹੈ ਕਿ ਕਹਿਣ ਵਾਲੇ ਕੋਲ ਕਹਿਣ ਲਈ ਕੋਈ ਗੱਲ ਹੋਣੀ ਚਾਹੀਦੀ ਹੈ। ਪ੍ਰਸਿੱਧ ਦਾਰਸ਼ਨਿਕ ਸਘਨਹਾਵਰ (Schopenhaure) ਨੇ ਲਿਖਿਆ ਹੈ—

The first rule, for a good style is that the author should have some thing to say the longest of this rule is a fundamental defect in the philosophical writing.

**ਭਾਈ ਵੀਰ ਸਿੰਘ ਦੀ ਕਾਵਿ ਭਾਸ਼ਾ ਦੇ ਵਿਸ਼ੇਸ਼ ਗੁਣ**—ਭਾਸ਼ਾ ਖਿਆਲਾਂ ਦੇ ਪ੍ਰਗਟ ਦਾ ਮਹੱਤਵਪੂਰਨ ਸਾਧਨ ਹੁੰਦੀ ਹੈ। ਕਈ ਲੇਖਕ ਤਾਂ ਇਹ ਕਹਿੰਦੇ ਹਨ ਕਿ ਭਾਸ਼ਾ ਇਤਨੀ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ਕਿ ਅਸੀਂ ਗੱਲ ਕਹਿ ਸਕਦੇ ਹਾਂ ਕਿ ਸਾਹਿਤ ਆਪਣੇ ਆਪ ਵਿਚ ਭਾਸ਼ਾ ਦਾ ਪ੍ਰਗਟਾ ਹੁੰਦਾ ਹੈ। ਕਵਿਤਾ ਅੰਦਰ ਭਾਸ਼ਾ ਵੱਲ ਵਿਸ਼ੇਸ਼ ਧਿਆਨ ਦੇਣਾ ਪੈਂਦਾ ਹੈ ਕਿਉਂਕਿ ਕਵਿਤਾ ਦੀ ਸਫ਼ਲਤਾ ਕਾਫ਼ੀ ਹੱਦ ਤੱਕ ਇਸ ਗੱਲ ਉੱਪਰ ਹੀ ਨਿਰਭਰ ਕਰਦੀ ਹੈ।

ਭਾਈ ਵੀਰ ਸਿੰਘ ਦੀ ਭਾਸ਼ਾ ਭਾਵੇਂ ਅਧਿਆਤਮਕ ਵਿਚਾਰਾਂ ਨੂੰ ਪ੍ਰਗਟਾਉਣ ਕਾਰਣ ਆਮ ਵਿਅਕਤੀ ਦੀ ਭਾਸ਼ਾ ਤੋਂ ਕੁੱਝ ਵੱਖਰੀ ਹੈ, ਪਰੰਤੂ ਫਿਰ ਵੀ ਉਸ ਅੰਦਰ ਸਪਸ਼ਟਤਾ ਦੀ ਕਮੀ ਨਹੀਂ। ਉਸ ਦੁਆਰਾ ਲਿਖੀ ਗਈ ਭਾਸ਼ਾ ਹਰੇਕ ਨੂੰ ਸਮਝ ਆ ਜਾਂਦੀ ਹੈ। ਕਈਂ ਲੇਖਕ ਅਜਿਹੇ ਹੁੰਦੇ ਹਨ ਜਿਹੜੇ ਬੋਝਲ ਭਾਸ਼ਾ ਆਪਣੇ ਗਿਆਨ ਕਾਰਨ ਵਰਤ ਲੈਂਦੇ ਹਨ ਅਤੇ ਆਪਣੇ ਮਨ ਅੰਦਰ ਇਹ ਵਿਚਾਰ ਬਣਾ ਲੈਂਦੇ ਹਨ ਕਿ ਹਰੇਕ ਇਸ ਭਾਸ਼ਾ ਨੂੰ ਸਮਝਦਾ ਹੈ। ਪਰ ਭਾਈ ਸਾਹਿਬ ਨੇ ਅਜਿਹੀ ਭਾਸ਼ਾ ਡੂੰਘੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਰਤੀ ਹੈ ਜਿਹੜੀ ਹਰੇਕ ਨੂੰ ਤੁਰੰਤ ਸਮਝ ਆ ਜਾਂਦੀ ਹੈ। ਅਤੇ ਆਮ ਪਾਠਕ ਨੂੰ ਉਸ ਉਪਰ ਬਹੁਤੀ ਮਿਹਨਤ ਨਹੀਂ ਕਰਨੀ ਪੈਂਦੀ। ਇਥੇ ਕਵੀ ਦੀ ਕਵਿਤਾ 'ਵੱਧ ਪਿਆਰ ਵਿੱਚ ਪ੍ਰੀਤਮ' ਵਿੱਚੋਂ ਉਦਾਹਰਣ ਦਿੱਤੀ ਜਾ ਰਹੀ ਹੈ—

ਸਿਕਦੀ ਨਦੀ ਜਾਲ ਜੱਫਰਾਂ

ਜਦ ਸਹੁ-ਸਾਗਰ ਪਹੁੰਚੀ
ਉਸ ਤੋਂ ਵੱਧ ਪਿਆਰ ਵਿਚ ਪ੍ਰੀਤਮ
ਮਿਲਣ ਅਗਾਹਾਂ ਆਇਆ।
(ਲਹਿਰ ਹੁਲਾਰੇ, ਪੰਨਾ 60)

ਭਾਈ ਵੀਰ ਸਿੰਘ ਨੇ ਡੂੰਘੇ ਭਾਵ ਸਰਲ ਭਾਸ਼ਾ ਵਿਚ ਸਮਝਾਏ ਹਨ ਕਿ ਜੇਕਰ ਮਨੁੱਖ ਪ੍ਰਮਾਤਮਾ ਨੂੰ ਪਿਆਰ ਕਰਦਾ ਹੈ ਤਾਂ ਉਹ ਪ੍ਰਮਾਤਮਾ ਅੱਗੇ ਵੱਧ ਕਿ ਅਜਿਹੇ ਵਿਅਕਤੀ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਜੇ ਮਨੁੱਖ ਪ੍ਰਭੂ ਪਿਆਰ ਵਿਚ ਚਾਰ ਕਦਮ ਤੁਰਦਾ ਹੈ ਤਾਂ ਪ੍ਰਭੂ ਅੱਠ ਕਦਮ ਚਲ ਕੇ ਅੱਗੇ ਵੱਲ ਨੂੰ ਵੱਧਦਾ ਹੈ।

**ਭਾਸ਼ਾ ਵਿਚ ਮੌਲਿਕਤਾ (Orgionality in literature)** ਭਾਈ ਸਾਹਿਬ ਮਾਝੇ ਦੇ ਸਨ। ਇਸ ਕਾਰਣ ਉਹਨਾਂ ਕੇਂਦਰੀ ਭਾਸ਼ਾ ਦੀ ਵਰਤੋਂ ਕੀਤੀ ਹੈ। ਉਹਨਾਂ ਦੁਆਰਾ ਵਰਤੀ ਗਈ ਭਾਸ਼ਾ ਟਕਸਾਲੀ ਹੈ।

ਉਹ ਕਵੀ ਸਫਲ ਕਹਾਉਣ ਦਾ ਹੱਕਦਾਰ ਹੁੰਦਾ ਹੈ। ਜਿਸ ਦੀ ਕਾਵਿ ਭਾਸ਼ਾ ਵਿਚ ਮੌਲਿਕਤਾ ਹੁੰਦੀ ਹੈ। ਪ੍ਰਸਿੱਧ ਅਮਰੀਕੀ ਦਾਰਸ਼ਨਕ ਐਮਰਸਨ ਨੇ ਇਸ ਗੁਣ ਨੂੰ ਬਹੁਤ ਹੀ ਸਲਾਹਿਆ ਹੈ। ਉਹ ਕਹਿੰਦਾ ਹੈ—

Origionality is independence, not rebellion : It is sincerity, not antagonism.

ਭਾਵ ਮੌਲਿਕਤਾ ਸੁਤੰਤਰਤ ਹੁੰਦੀ ਹੈ, ਇਹ ਬਗਾਵਤ ਨਹੀਂ ਹੁੰਦੀ, ਇਹ ਵਫਾਦਾਰ ਹੁੰਦੀ ਹੈ, ਵਿਰੋਧੀ ਨਹੀਂ।

ਭਾਈ ਵੀਰ ਸਿੰਘ ਦੀ ਕਵਿਤਾ ਅੰਦਰ ਜਿਹੜੀ ਵੀ ਭਾਸ਼ਾ ਵਰਤੀ ਗਈ ਹੈ, ਉਹ ਕਾਫੀ ਜਿਆਦਾ ਮੌਲਿਕ ਹੈ। ਪ੍ਰੋ. ਪੂਰਨ ਸਿੰਘ ਦਾ ਵਿਚਾਰ ਹੈ ਕਿ ਇਹ ਭਾਸ਼ਾ ਕੇਵਲ ਬਾਹਰਲਾ ਪ੍ਰਭਾਵ ਨਹੀਂ ਪਾਉਂਦੀ, ਸਗੋਂ ਧੁਰ ਆਤਮਾ ਨੂੰ ਟੁੰਬਦੀ ਹੈ। ਭਾਈ ਸਾਹਿਬ ਨੇ ਕੁਝ ਤੁਕਾਂ ਗੁਰਬਾਣੀ ਵਿਚੋਂ ਲਈਆਂ ਹਨ, ਪਰ ਕਵਿਤਾਵਾਂ ਅੰਦਰ ਵਰਤੀ ਗਈ ਭਾਸ਼ਾ ਉਹਨਾਂ ਦੀ ਆਪਣੀ ਹੀ ਹੈ। ਉਹਨਾਂ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਆਪਣੀ ਕਾਵਿ ਭਾਸ਼ਾ ਖੁਦ ਘੜੀ ਅਤੇ ਅੰਦਰ ਨਿਰਾਲਾ ਚਮਤਕਾਰ ਪੈਦਾ ਕੀਤਾ। ਉਹ ਨਸੀਮ ਬਾਗ਼ ਕਵਿਤਾ ਵਿਚ ਲਿਖਦੇ ਹਨ—

ਜਿਉਂ ਮਾਵਾਂ ਤਿਉਂ ਠੰਡੀਆਂ ਛਾਵਾਂ
ਅਸਾਂ ਤੂਧੇ ਦੀਆਂ ਡਿਠੀਆਂ,
ਠੰਡੀ ਪਯਾਰੀ ਗੰਦ ਤੁਧੇ ਦੀ
ਛਾਵਾਂ ਮਿੱਠੀਆਂ ਮਿੱਠੀਆਂ।

ਇਹਨਾਂ ਸਤਰਾਂ ਅੰਦਰ ਭਾਸ਼ਾ ਅੰਦਰ ਚਮਤਕਾਰ ਪੈਦਾ ਕਰਨ ਲਈ ਅਲੰਕਾਰਾਂ ਦੀ ਵਰਤੋਂ ਕੀਤੀ ਹੋਈ ਹੈ। "ਜਿਉਂ ਮਾਵਾਂ ਤਿਉਂ ਠੰਡੀਆਂ ਛਾਵਾਂ" ਸ਼ਬਦਾਂ ਨੂੰ ਪੜ੍ਹਣ ਤੋਂ ਪਤਾ ਲੱਗਦਾ ਹੈ ਕਿ ਇੱਥੇ ਉਪਮਾਂ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ।

**ਪਾਠਕ ਜਾਂ ਸ੍ਰੋਤੇ ਨੂੰ ਜੋੜਣ ਦੀ ਸ਼ਕਤੀ (Power of luring reader or listener** ਭਾਈ ਵੀਰ ਸਿੰਘ ਦੀ ਕਵਿਤਾ ਅੰਦਰਲੀ ਭਾਸ਼ਾ ਅੰਦਰ ਇਕ ਵਿਸ਼ੇਸ਼ ਗੁਣ ਇਹ ਹੈ ਕਿ ਪਾਠਕ ਜਾਂ ਸ੍ਰੋਤੇ ਨੂੰ ਆਕਰਸ਼ਿਤ ਕਰਕੇ ਆਪਣੇ ਨਾਲ ਪੂਰੀ ਤਰ੍ਹਾਂ ਜੋੜ ਲੈਂਦੀ ਹੈ।



**ਐਫ.ਐਲ. ਲੁਕਾਸ (F.L. Lucas)** ਨੇ ਕਿਹਾ ਹੈ ਕਿ ਸ਼ਬਦ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਵੀ ਹੋ ਸਕਦੇ ਹਨ ਅਤੇ ਬਹੁਤ ਜ਼ਿਆਦਾ ਦਗਾਬਾਜ਼ ਵੀ ਹੋ ਸਕਦੇ ਹਨ (words can be more powerful and more treacherous than we some times suspect)

ਇੱਥੇ ਸ਼ਬਦਾਂ ਦੀ ਮਹੱਤਤਾ ਪ੍ਰਗਟਾਈ ਗਈ ਹੈ। ਇਨ੍ਹਾਂ ਨੇ ਇੱਥੋਂ ਤੱਕ ਕਿਹਾ ਹੈ ਕਿ ਜਿਸ ਭਾਸ਼ਾ ਦੇ ਚਮਤਕਾਰ ਦਾ ਅਹਿਸਾਸ ਨਹੀਂ ਹੁੰਦਾ, ਉਹ ਸਾਹਿਤ ਨੂੰ ਪਰਖਣ ਦੇ ਮਾਮਲੇ ਵਿੱਚ (half blind and half dumb) ਅੰਨ੍ਹਾਂ ਅਤੇ ਗੁੰਗਾ ਹੁੰਦਾ ਹੈ।

ਭਾਈ ਵੀਰ ਸਿੰਘ ਸ਼ਬਦਾਂ ਦੇ ਜਾਦੂ ਦੇ ਮਹੱਤਵ ਨੂੰ ਸਮਝਦੇ ਹਨ ਅਤੇ ਉਨ੍ਹਾਂ ਤੋਂ ਪੂਰਾ-ਪੂਰਾ ਲਾਭ ਉਠਾਉਂਦੇ ਹਨ।

**ਸ਼ਬਦਾਂ ਅੰਦਰਲਾ ਨਾਦ (Nad in the words)**—ਭਾਈ ਵੀਰ ਸਿੰਘ ਦੀ ਕਵਿਤਾ ਅੰਦਰ ਇਕ ਪ੍ਰਕਾਰ ਦਾ ਨਾਦ ਹੈ, ਜਿਹੜਾ ਬਹੁਤ ਹੀ ਘਟ ਕਵੀਆਂ ਵਿਚ ਮਿਲਦਾ ਹੈ। ਸ਼ਬਦ ਜਾਂ ਅੱਖਰ ਅੰਦਰਲੇ ਨਾਦ ਦਾ ਲਾਭ ਇਹ ਵੀ ਰਹਿੰਦਾ ਹੈ ਕਿ ਲਿਖੀਆਂ ਸਤਰਾਂ ਵਿਚ ਸੰਗੀਤਾਤਮਕਤਾ ਆ ਜਾਂਦੀ ਹੈ। ਇਹ ਕ੍ਰਿਆ ਸਹਿਜ ਸੁਭਾਵਕ ਹੋ ਜਾਂਦੀ ਹੈ ਅਤੇ ਕਵੀ ਨੂੰ ਇਸ ਬਾਰੇ ਕੋਈ ਜਤਨ ਨਹੀਂ ਕਰਨਾ ਪੈਂਦਾ। ਸ਼ਬਦਾਂ ਦੇ ਅੰਦਰਲੇ ਨਾਦ ਦੀਆਂ ਉਦਾਹਰਣਾਂ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਥਾਂ-ਥਾਂ ਮਿਲਦੀਆਂ ਹਨ। ਕਵੀ 'ਇਹਨਾਂ ਨੈਣਾ ਨੇ ਮਾਰ ਮੁਕਾ ਲਿਆ' ਵਿਚ ਲਿਖਦਾ ਹੈ—

ਇਹਨਾਂ ਨੈਣਾਂ ਨੇ ਮਾਰ ਮੁਕਾ ਲਿਆ
ਟੁਰ ਜਾਂਦੇ ਨੇ ਬੈਨ ਬਹਾ ਲਿਆ।
ਬਿਨਾਂ ਸੰਗਲਾਂ ਦੇ ਕੱਸ ਕਸਾ ਲਿਆ
ਬਿਨਾ ਕੰਮਾਂ ਦੇ ਬਰਦਾ ਬਨਾ ਲਿਆ।

**ਸ਼ਬਦ ਅਨੁਪ੍ਰਾਸ (Shabad Anupras)**—ਭਾਈ ਵੀਰ ਸਿੰਘ ਦੀ ਕਵਿਤਾ ਵਿਚ ਸ਼ਬਦ ਅਨੁਪ੍ਰਾਸ ਦੀ ਵਰਤੋਂ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। 'ਲਲੀ' ਸ਼ਬਦ ਅਤੇ 'ਲ' ਅੱਖਰ ਦੀ ਵਰਤੋਂ ਵਾਰ-ਵਾਰ ਕਰਕੇ ਭਾਈ ਸਾਹਿਬ ਨੇ ਆਪਣੀ ਕਵਿਤਾ 'ਅੰਦਰ ਦੀ ਟੇਕ' ਵਿਚ ਵਧੀਆ ਢੰਗ ਨਾਲ ਅਨੁਪ੍ਰਾਸ ਪੈਦਾ ਕੀਤਾ ਹੈ—

ਅੰਤ ਹਾਰ ਕੇ ਬਹਿ ਗਿਆ ਮਜਨੂੰ
'ਲੈਲੀ' 'ਲੈਲੀ' ਜਪਦਾ
ਲਿਵ ਲੈਲੀ ਵਿਚ ਲੱਗ ਗਈ ਅੰਦਰ
ਅੰਦਰ ਲੈਲੀ ਆਈ।
ਲੈਲੀ ਵੀ ਹੁਣ ਖਿੱਚ ਖਾਇ ਕੇ
ਮਜਨੂੰ ਲਭਦੀ ਆਈ
ਮੈਂ 'ਲੈਲੀ' 'ਲੈਲੀ' ਪਈ ਕੂਕੇ
ਮਜਨੂੰ ਸਯਾਣ ਨਾ ਕਾਈ।
'ਲ' ਦੀ ਵਾਰ ਵਾਰ ਵਰਤੋਂ ਕਮਾਲ ਦੀ ਹੈ।

**ਅਰਥਾਂ ਅਤੇ ਸੰਗੀਤ ਦਾ ਸੁਮੇਲ (Right use of meaning and musical aspects both)**—ਭਾਈ ਵੀਰ ਸਿੰਘ ਦੀ ਕਾਵਿ ਭਾਸ਼ਾ ਇਸ ਪ੍ਰਕਾਰ ਦੀ ਹੈ ਕਿ ਉਸ ਅੰਦਰ ਸਾਊਂਡ (Sound) ਅਤੇ ਸੈਂਸ (Sense) ਇਕਮਿਕ ਹੋ ਗਏ ਹਨ। ਦੋਹਾਂ ਨੂੰ ਨਿਖੇੜਨਾ ਮੁਸ਼ਕਿਲ ਹੈ, ਪਰ ਦੋਹਾਂ ਦੇ ਮਿਲਵੇਂ ਰੂਪ ਨਾਲੋਂ ਅਤੇ ਦੋਹਾਂ ਵਿਚਕਾਰ ਇਕ ਪ੍ਰਕਾਰ ਦਾ ਸੰਤੁਲਨ ਹੋਣ ਨਾਲ ਭਾਈ ਸਾਹਿਬ ਦੀ ਕਵਿਤਾ ਵਿਚ ਇਕ ਪ੍ਰਕਾਰ ਦਾ ਚਮਤਕਾਰ ਪੈਦਾ ਹੋ ਗਿਆ ਹੈ। ਜਿਵੇਂ—

ਅੱਗੇ ਜਿਹੜਾ ਵੱਧਦਾ ਨਾ
ਜਾਣੋ ਪਿਛਾਂਹ ਮੁੜ ਰਿਹਾ ਹੈ
ਬੇੜਦੀ ਆਪਣੀ ਬੋੜਦਾ ਤੇ
ਰੋੜ੍ਹਦਾ ਹੈ ਨਾਮਣਾ।
(ਲਹਿਰ ਹੁਲਾਰੇ ਪੰਨਾ 91)

**ਕਾਵਿ ਭਾਸ਼ਾ ਅੰਦਰਲੀ ਸੁੰਦਰਤਾ (Beauty in poetic language)**—ਭਾਈ ਸਾਹਿਬ ਦੀ ਕਵਿਤਾ ਅੰਦਰਲੀ ਸੁੰਦਰਤਾ ਹੀ ਨਹੀਂ, ਉਹਨਾਂ ਦੀ ਕਾਵਿ ਭਾਸ਼ਾ ਅੰਦਰ ਵੀ ਇਕ ਪ੍ਰਕਾਰ ਦੀ ਸੁੰਦਰਤਾ ਹੈ। ਇਹ ਸੁੰਦਰਤਾ ਆਉਣ ਦਾ ਕਾਰਣ ਭਾਈ ਸਾਹਿਬ ਦੀ ਵਧੀਆ ਸ਼ੈਲੀ ਹੈ। ਇਹ ਸੁੰਦਰਤਾ ਸ਼ਬਦਾਂ ਦੀ ਠੀਕ ਚੋਣ, ਉਹਨਾਂ ਦੀ ਠੀਕ ਵਰਤੋਂ ਰਾਹੀਂ, ਸ਼ਬਦਾਂ ਅੰਦਰਲੀ ਧੁਨੀ ਅਤੇ ਗਤੀ ਨੂੰ ਪਛਾਨਣ ਨਾਲ ਪੈਦਾ ਹੁੰਦੀ ਹੈ।

'ਅਟੱਕ' ਕਵਿਤਾ ਵਿਚੋਂ ਇਸ ਦੀ ਉਦਾਰਣ ਮਿਲਦੀ ਹੈ—

ਰੋੜ੍ਹੇ ਨੀਂ ਮੈਂ ਪੂਰਾ ਪੂਰ
ਛੋਬੇ ਕੀਤੇ ਕਈ ਚੂਰ,
ਅੱਗੋਂ ਭੰਨ੍ਹਦੇ ਤੁਸੀ ਮੂੰਹ
ਵੈਰੀ ਮੂੰਹ ਚ ਮੋੜਦਾ।

ਭਾਵਾਂ ਦੇ ਕੁਦਰਤੀ ਪ੍ਰਗਟਾ ਰਾਹੀਂ ਵੀ ਭਾਈ ਸਾਹਿਬ ਦੀ ਕਵਿਤਾ ਅੰਦਰ ਇਕ ਪ੍ਰਕਾਰ ਦੀ ਅਜਿਹੀ ਸੁੰਦਰਤਾ ਆਈ ਹੈ, ਜਿਹੜੀ ਵਰਨਣ ਤੋਂ ਬਾਹਰ ਹੈ। ਆਪਣੀਆਂ ਅੰਦਰਲੀਆਂ ਭਾਵਨਾਵਾਂ ਨੂੰ ਉਹਨਾਂ ਬਿਨਾਂ ਝਿਜਕ ਪ੍ਰਗਟਾਇਆ ਹੈ।

**ਅਖਾਣਾਂ ਅਤੇ ਮੁਹਾਵਰਿਆਂ ਦੀ ਵਰਤੋਂ (Use of Sayings)**—ਭਾਈ ਸਾਹਿਬ ਦੀ ਕਵਿਤਾ ਵਿਚ ਅਖਾਵਾਂ ਅਤੇ ਮੁਹਾਵਰਿਆਂ ਦੀ ਵਰਤੋਂ ਥਾਂ-ਥਾਂ ਮਿਲਦੀ ਹੈ, ਇਹ ਵਰਤੋਂ ਬਹੁਤ ਸਿਆਣਪ ਨਾਲ ਕੀਤੀ ਗਈ ਹੈ ਅਤੇ ਇਸ ਪ੍ਰਕਾਰ ਕੀਤੀ ਗਈ ਹੈ ਕਿ ਕਵਿਤਾ ਅੰਦਰ ਸੁੰਦਰਤਾ ਆਵੇ। 'ਅੰਦਰ ਦੀ ਟੇਕ' 'ਵਿਚ ਪੰਘਰਨ ਜਾਣਾ' 'ਪੱਥਰ ਸ਼ੀਸ਼ਾ ਹੀਰ' ਵਿਚ ਆਪਾ ਪੀਹਨਾ ਆਦਿ। ਇਸ ਪ੍ਰਕਾਰ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। 'ਪੱਥਰ ਸ਼ੀਸ਼ਾ ਹੀਰਾ' ਅੰਦਰ ਲਿਖਿਆ ਹੈ—

ਆਪਾ ਪੀਰ ਅਗੈ ਤਾਪ ਸਹਿ,
ਬਣ ਸ਼ੀਸ਼ਾ ਨੂਰ ਮੈਂ ਪਾਇਆ



ਹੁਣ ਲੋਚਾਂ ਮੈਂ ਹੀਰ ਬਣਨਾ,
ਜੇ ਜ਼ਰਬ ਨਾ ਕੋਈ ਆਵੇ। (ਪੰਨਾ 72)

ਇਥੇ 'ਆਪਾ ਪੀਹਨਾ' ਅਤੇ 'ਜਰਬ ਆਉਂਦਾ' ਦੋ ਮੁਹਾਵਰੇ ਵਰਤੇ ਹਨ।

**ਨਵੇਂ ਸ਼ਬਦ ਸਮਾਸ (New Samas)**—ਭਾਈ ਵੀਰ ਸਿੰਘ ਨੇ ਬਹੁਤ ਸਾਰੇ ਨਵੇਂ ਸਮਾਸ ਘੜੇ ਹਨ ਜਿਵੇਂ 'ਸੁਖ ਨੀਂਦੇ' ਜੋਸ਼ ਮਜ਼ਬ ਕਦਰ ਹੁਨਰ ਆਦਿ। ਇਸ ਪ੍ਰਕਾਰ ਦੀ ਉਦਾਹਰਣ ਵੇਖੋ—

ਮੈਂ ਪੱਥਰ ਸੁੱਖ ਨੀਦੇ ਸੁੱਤਾ
ਵਿਚ ਸੁਪਨੇ ਕੋਈ ਸੁਣਾਵੇ।

ਇੱਥੇ ਸਮਾਸ ਦੀ ਵਰਤੋਂ ਸਹੀ ਢੰਗ ਨਾਲ ਕੀਤੀ ਹੋਈ ਹੈ। ਭਾਈ ਸਾਹਿਬ ਦੀ ਕਾਵਿ ਭਾਸ਼ਾ ਬਹੁਤ ਹੀ ਉੱਚ ਦਰਜੇ ਦੀ ਹੈ। ਭਾਸ਼ਾ ਸੰਚਾਰ ਦਾ ਮਾਧਿਅਮ ਹੁੰਦੀ ਹੈ। ਜੇ ਵਿਚਾਰ ਅੱਗੇ ਠੀਕ ਤਰ੍ਹਾਂ ਨਾ ਪਹੁੰਚਣ ਤਾਂ ਸਮਝੋ ਕਿ ਭਾਸ਼ਾ ਨੁਕਸਾਨਦਾਰ ਹੈ। ਭਾਈ ਸਾਹਿਬ ਦੁਆਰਾ ਵਰਤੀ ਗਈ ਭਾਸ਼ਾ ਸੰਚਾਰ ਦੇ ਉਦੇਸ਼ ਨੂੰ ਪੂਰਾ ਕਰਦੀ ਹੈ। ਉਹ ਭਾਸ਼ਾ ਰਾਹੀਂ ਹੀ ਆਪਣੀ ਕਹੀ ਗੱਲ ਭਲੀ ਭਾਂਤੀ ਅੱਗੇ ਪਹੁੰਚਾਉਣ ਵਿਚ ਸਫਲ ਹਨ। ਉਹਨਾਂ ਭਾਸ਼ਾ ਰਾਹੀਂ ਹੀ ਜੋ ਵਿਚਾਰ ਅੱਗੇ ਦਿੱਤਾ, ਉਹ ਆਮ ਲੋਕਾਂ ਨੂੰ ਪ੍ਰਭਾਵਿਤ ਰੂਪ ਵਿਚ ਸਫ਼ਲ ਹੋਇਆ ਹੈ।

**ਪ੍ਰੋ. ਮੋਹਨ ਸਿੰਘ ਦੀ ਕਾਵਿ ਕਲਾ ਉਪਰ ਵਿਚਾਰ ਕਰੋ।**

ਪ੍ਰੋ. ਮੋਹਨ ਸਿੰਘ ਪੰਜਾਬੀ ਕਾਵਿ-ਖੇਤਰ ਵਿਚ ਇਕ ਉੱਘਾ ਨਾਂ ਹੈ। ਉਸਨੇ 'ਸਾਵੇ ਪੱਤਰ' ਕੁਸੰਭੜੇ, ਜੰਦਰੇ, ਜੈ ਮੀਰ, ਨਾਨਕਾਇਣ ਆਦਿ ਕਈ ਕਾਵਿ ਪੁਸਤਕਾਂ ਲਿਖੀਆਂ ਅਤੇ ਕਾਵਿ ਖੇਤਰ ਅੰਦਰ ਆਪਣਾ ਸਥਾਨ ਬਣਾਇਆ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਦਾ ਪੱਧਰ ਬਹੁਤ ਉੱਚਾ ਹੈ ਅਤੇ ਇਸ ਨੂੰ ਬਹੁਤ ਸਲਾਹਿਆ ਗਿਆ ਹੈ। ਉਸ ਦੀ ਪੁਸਤਕ 'ਤਿੰਨ ਪੜਾ' ਦੇ ਸੰਬੰਧ ਵਿਚ ਪ੍ਰੋ. ਜਤਿੰਦਰ ਬੀਰ ਸਿੰਘ ਨੰਦਾ ਨੇ ਲਿਖਿਆ ਹੈ—

"ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਵਿਚ ਭਾਈ ਵੀਰ ਸਿੰਘ ਤੋਂ ਬਾਅਦ ਇੱਕ ਵਸ਼ਿਸ਼ਟ ਸਥਾਨ ਰੱਖਦਾ ਹੈ। ਭਾਈ ਸਾਹਿਬ ਦੀ ਕਵਿਤਾ ਦਾਰਸ਼ਨਿਕ ਅਤੇ ਸੱਮਵਾਦੀ ਪ੍ਰਵਿਰਤੀ ਦੀ ਹੋਣ ਕਾਰਣ ਭਾਵੇਂ ਮੋਹਨ ਸਿੰਘ ਜੀ ਦੀ ਕਵਿਤਾ ਜਿਤਨੀ ਲੋਕਪ੍ਰਿਯ ਨਹੀਂ ਕਹੀ ਜਾ ਸਕਦੀ ਪਰੰਤੂ ਆਦਿ-ਵਿਅੰਜਨਾ ਦੇ ਪੱਖੋਂ ਭਾਈ ਸਾਹਿਬ ਦੀ ਕਵਿਤਾ ਵਧੇਰੇ ਸਾਹਿਤਕ ਗੁਣਾਂ ਸਦਕਾ ਉੱਚੇ ਗੌਰਵ ਦੀ ਲਖਾਇਕ ਹੈ। ਮੋਹਨ ਸਿੰਘ ਨੂੰ ਸਮੂਹ ਦਾ ਕਵੀ (Poet of the masses) ਕਿਹਾ ਜਾ ਸਕਦਾ ਹੈ। ਤਿੰਨ ਪੜਾ ਪੁਸਤਕ ਕਵੀ ਦੇ ਸਾਵੇ ਪੱਤਰ ਕੰਸੁਭੜਾ ਅੱਧ ਵਾਟੇ ਵਿੱਚੋਂ ਚੋਣਵੀਆਂ ਕਵਿਤਾਵਾਂ ਨੂੰ ਲੈ ਕੇ ਸੰਪਾਦਿਤ ਕੀਤੀ ਗਈ ਹੈ। ਇਨ੍ਹਾਂ ਕਵਿਤਾਵਾਂ ਦਾ ਅਮੀਰ ਪੱਖ ਇਹ ਹੈ ਕਿ ਕਵੀ ਨੇ ਪੰਜਾਬੀ ਸਭਿਆਚਾਰ ਦਾ ਇੱਕ ਵਿਸਤ੍ਰਿਤ ਅਤੇ ਕਲਾਤਮਕ ਰੂਪ ਪ੍ਰਸਤੁਤ ਕੀਤਾ ਹੈ। ਕਵੀ ਨੇ ਦੋ ਪ੍ਰਕਾਰ ਨਾਲ ਪੰਜਾਬੀ ਸਭਿਆਚਾਰ ਨੂੰ ਚਿਤਰਿਆ ਹੈ। ਸੁਚੇਤ ਤੌਰ ਤੇ ਮੋਹਨ ਸਿੰਘ ਨੇ ਦੇਸ਼ ਦੇ ਸੂਰਬੀਰਾਂ, ਗੁਰੂਆਂ, ਇਮਾਰਤਾਂ, ਸਥਾਨਾਂ ਦਾ ਜ਼ਿਕਰ ਕੀਤਾ ਹੈ ਅਤੇ ਅਚੇਤ ਤੌਰ ਤੇ ਕਵੀ ਨੇ ਰੂਪਕ ਪੱਖ ਤੋਂ ਜੋ ਅਲੰਕਾਰ ਅਤੇ ਪ੍ਰਤੀਕ ਹਨ, ਉਨ੍ਹਾਂ ਰਾਹੀਂ ਪੰਜਾਬੀ ਸੰਸਕ੍ਰਿਤੀ ਨੂੰ ਦਰਸਾਇਆ ਹੈ। ਪੰਜਾਬੀ ਸਭਿਆਚਾਰ ਦੀ ਸੀਮਾ ਨੂੰ ਨਿਰਧਾਰਿਤ ਕਰਦੇ ਵਰਤੇ ਹੋਏ ਇਹ ਗੱਲ ਕਹੀ ਜਾ ਸਕਦੀ ਹੈ ਕਿ ਸਾਡੀਆਂ ਰਸਮਾਂ ਰਿਵਾਜਾਂ, ਰਹਿਣ ਸਹਿਣ ਦੇ ਢੰਗ ਵਿਚ ਜੋ ਸਮਾਜਿਕ ਵਤੀਰਾ ਨਿਰਧਾਰਿਤ ਹੁੰਦਾ ਹੈ।

**ਪ੍ਰੋ. ਮੋਹਨ ਸਿੰਘ ਦੀ ਕਾਵਿ ਕਲਾ ਦੇ ਵਿਸ਼ੇਸ਼ ਗੁਣ**

ਪ੍ਰੋ. ਮੋਹਨ ਸਿੰਘ ਦੀ ਕਵਿਤਾ ਦੀ ਭਾਰੀ ਪ੍ਰਸ਼ੰਸਾ ਹੀ ਇਸੇ ਕਾਰਣ ਹੋਈ ਹੈ ਕਿ ਉਸਦੀ ਕਵਿਤਾ ਅੰਦਰ ਸਾਨੂੰ ਬਹੁਤ ਭਾਰੀ ਗੁਣ ਵਿਖਾਈ ਦਿੰਦੇ ਹਨ। ਉਹ ਇਕ ਖਾਸ ਨਜ਼ਰੀਏ ਤੋਂ ਆਪਣੀ ਵਿਸ਼ਾ ਸਮੱਗਰੀ ਹੀ ਨਹੀਂ ਦਿੰਦਾ, ਉਸਨੂੰ ਖਾਸ ਢੰਗ ਨਾਲ ਪੇਸ਼ ਕਰਕੇ ਵਾਹ-ਵਾਹ ਵੀ ਖੱਟਦਾ ਹੈ। ਆਰੰਭ ਵਿਚ ਉਹ ਸਟੇਜਾਂ ਤੇ ਵੀ ਜਾਂਦਾ ਰਿਹਾ ਅਤੇ ਉਥੇ ਵੀ ਨਾਮਣਾ ਖਟਿਆ।

**ਸੰਗੀਤਾਤਮਕਤਾ ਅਤੇ ਵਲਵਲਾ**—ਪ੍ਰੋ. ਮੋਹਨ ਸਿੰਘ ਦੀ ਕਵਿਤਾ ਅੰਦਰ ਸੰਗੀਤਾਤਮਕਤਾ ਅਤੇ ਵਲਵਲੇ ਦਾ ਜ਼ੋਰ ਹੈ। ਇਨ੍ਹਾਂ ਦੋਹਾਂ ਚੀਜ਼ਾਂ ਤੋਂ ਬਿਨਾਂ ਚੰਗੀ ਕਵਿਤਾ ਹੋਂਦ ਵਿਚ ਆ ਹੀ ਨਹੀਂ ਸਕਦੀ ਹੈ। ਉਹਨਾਂ ਦੀ ਕਿਸੇ ਵੀ ਕਵਿਤਾਂ 'ਚੋਂ ਉਦਾਹਰਣ ਦਿੱਤੀ ਜਾ ਸਕਦੀ ਹੈ। ਜਿਵੇਂ—

ਬਹਿ ਨਾ ਐਵੇਂ ਬਣ ਬਣ ਵਹੁਟੀ,
ਤੂੰ ਤਾ ਕੁੜੀਏ ਨਹੂੰ ਨਹੂੰ ਖੋਟੀ।
ਤੇਰੀਆਂ ਲੂਣਾ ਵਰਗੀਆਂ ਅੱਖਾਂ
'ਪੂਰਨ ਭਗਤ' ਦਿਲਾਂ ਦੇ ਲੱਖਾਂ
ਠੋਡੀ ਦੇ ਖੂਹ ਅੰਦਰ ਪਾਏ
ਨਾਲ ਤਸੀਹਾਂ ਦੇ ਤੜਫਾਏ।
ਲਾਂ ਨਾ ਵਾਧੂ ਲੱਪੇ ਲਾਰੇ
ਫੰਦਾ ਤੇਰੇ ਮੈਂ ਜਾਣਾ ਸਾਰੇ।

**ਕਵਿਤਾ ਅੰਦਰ ਵਹਾ ਅਤੇ ਆਪ ਮੁਹਾਰਾਪਨ ਮਿਲਦੇ ਹਨ**—ਪ੍ਰੋ. ਮੋਹਨ ਸਿੰਘ ਦੀ ਕਵਿਤਾ ਅੰਦਰ ਆਪ ਮੁਹਾਰਾਪਨ ਕਾਫੀ ਮਿਲਦਾ ਹੈ। ਕਵਿਤਾ ਦੀਆਂ ਸਤਰਾਂ ਇਸ ਪ੍ਰਕਾਰ ਆਪਣੇ ਆਪ ਤੁਰਦੀਆਂ ਹਨ ਜਿਵੇਂ ਨਿਰਮਲ ਨਦੀ ਦਾ ਪਾਣੀ ਆਪਣੀ ਮਸਤੀ ਵਿਚ ਵਹਿ ਰਿਹਾ ਹੋਵੇ। ਕਿਤੇ ਕੋਈ ਰੋਕ ਨਹੀਂ ਕਿਤੇ ਕੋਈ ਟੋਕ ਨਹੀਂ। ਕਿਧਰੇ ਵੀ ਕੋਈ ਬਨਾਵਟੀਪਨ ਵਿਖਾਈ ਨਹੀਂ ਦਿੰਦਾ ਹੈ।

**ਪ੍ਰੋ. ਮੋਹਨ ਸਿੰਘ ਦੀ ਕਵਿਤਾ ਅੰਦਰ ਸੰਜਮ ਵੀ ਹੈ**—ਪ੍ਰੋ. ਮੋਹਨ ਸਿੰਘ ਦੀ ਕਵਿਤਾ ਅੰਦਰ ਕਿਤੇ-ਕਿਤੇ ਕਾਫੀ ਵਿਸਤਾਰ ਹੈ ਜਿਵੇਂ ਕਿ 'ਸਾਨੂੰ' 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਅਤੇ ਹੋਰ ਵੀ ਕਈ ਕਵਿਤਾਵਾਂ ਵਿਚ ਮਿਲਦਾ ਹੈ। ਪਰ ਫਿਰ ਵੀ ਉਸ ਅੰਦਰ ਇਕ ਪ੍ਰਕਾਰ ਦਾ ਸੰਜਮ ਕਿਉਂ ਹੈ। ਇਸ ਬਾਰੇ ਪ੍ਰਿੰ. ਤੇਜਾ ਸਿੰਘ ਨੇ ਲਿਖਿਆ ਹੈ—

"ਇਹ ਸੰਜਮ ਤੇ ਗਾੜ੍ਹਾਪਨ ਉਸ ਦੀ ਫਾਰਸੀ ਕਵਿਤਾ ਤੇ ਅਸਰ ਨੇ ਸਿਖਾਇਆ ਹੈ। ਲਫ਼ਜਾਂ ਨੂੰ ਚੁਣ-ਚੁਣ ਕੇ ਲਿਆਉਣਾ, ਮਾਂਜ ਮਾਂਜ ਲਿਸ਼ਕਾਉਣਾ ਅਤੇ ਚੁਸਤੀ ਨਾਲ ਬੀੜਨਾ ਇਸ ਕਵੀ ਦਾ ਹੀ ਕੰਮ ਹੈ।

**ਕਾਵਿ ਰੂਪਾਂ ਦੇ ਪੱਖੋਂ ਕਵਿਤਾ ਦੀ ਵੰਡ**—ਕਾਵਿ ਰੂਪ ਦੇ ਪੱਖ ਤੋਂ ਪ੍ਰੋ. ਮੋਹਨ ਸਿੰਘ ਦੀ ਕਵਿਤਾ ਨੂੰ ਅਸੀਂ ਗੀਤਾਂ, ਵਰਣਾਤਮਕ ਕਵਿਤਾ, ਮੁਕਤਕ ਕਾਵਿ ਅਤੇ ਗਜ਼ਲਾਂ ਵਿੱਚ ਵੰਡ ਸਕਦੇ ਹਾਂ। ਵਰਣਾਤਮਕ ਕਵਿਤਾ ਦਾ ਪੱਧਰ ਉੱਚਾ ਹੈ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇਸ ਗੱਲ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ। ਪ੍ਰੋ. ਚਰਨਜੀਤ ਨੇ ਇਸ ਪੱਖ ਤੋਂ ਡੂੰਘਾਈ ਵਿਚ ਜਾ ਕੇ ਵਿਦਵਤਾ ਭਰਿਆ ਅਧਿਐਨ ਕੀਤਾ ਹੈ ਅਤੇ ਉਸਦੀ ਵਰਣਾਤਮਕ ਕਵਿਤਾ ਦੇ ਡੂੰਘੇ ਰਹੱਸਾਂ ਦੀ ਜਾਣਕਾਰੀ ਤੋਂ ਪਿੱਛੋਂ ਉਹਨਾਂ ਬਾਰੇ ਆਪਣੀ ਰਾਏ ਦਿੱਤੀ ਹੈ।



**ਗੀਤਾਂ ਦੇ ਖੇਤਰ ਵਿਚ ਪੇਸ਼ਕਾਰੀ**—ਗੀਤਾਂ ਦੇ ਖੇਤਰ ਵਿੱਚ ਵੀ ਪ੍ਰੋ. ਮੋਹਨ ਸਿੰਘ ਨੇ ਭਾਰੀ ਨਾਂ ਕਮਾਇਆ ਹੈ। ਉਸ ਦੇ ਗੀਤਾਂ ਅੰਦਰ ਮਿਠਾਸ ਅਤੇ ਰਸ ਹੈ। ਜਿਵੇਂ—

ਨਾ ਵੰਝ ਢੋਲਾ ਚਨੰਣਾ
ਨਿਤ ਨਿਤ ਅਸਾਂ ਨਾ ਹਾੜੇ ਕਢਣੇ,
ਨਿਤ ਨਿਤ ਤੂੰ ਨਹੀਂ ਮੰਨਣਾ।

ਪ੍ਰੋ. ਮੋਹਨ ਸਿੰਘ ਗੀਤਕਾਰ ਜਿੰਨੇ ਰਸ, ਨਿਪੁੰਨਤਾ ਤੇ ਮਧੁਰਤਾ ਨਾਲ ਆਪਣੇ ਗੀਤਾਂ ਨੂੰ ਪੇਸ਼ ਕਰ ਸਕਿਆ ਹੈ, ਕੋਈ ਹੋਰ ਕਵੀ ਉਸ ਢੰਗ ਨਾਲ ਪੇਸ਼ ਨਹੀਂ ਕਰ ਸਕਿਆ ਹੈ। ਉਸਦੇ ਗੀਤਾਂ ਅਤੇ ਕਵਿਤਾਵਾਂ ਅੰਦਰ ਇੰਤਹਾਂ ਦਾ ਜਜ਼ਬਾਤੀਪਨ ਹੁੰਦਾ ਹੈ। ਜਿਸ ਕਾਰਣ ਗੀਤਾਂ ਨੂੰ ਸਹਿਜੇ ਹੀ ਗਾਇਆ ਜਾ ਸਕਦਾ ਹੈ।

**ਚਿੱਤਰਾਤਮਕਤਾ ਅਤੇ ਬਿੰਬ**—ਪ੍ਰੋ. ਮੋਹਨ ਸਿੰਘ ਅੰਦਰ ਇਕ ਪ੍ਰਕਾਰ ਦੀ ਚਿਤਰਾਤਮਕਤਾਂ ਵੀ ਮਿਲਦੀ ਹੈ। ਜਿਸ ਵੀ ਕਵਿਤਾ ਨੂੰ ਲਉ ਉਸ ਨੇ ਦਰਸਾਈ ਗੱਲ ਦਾ ਚਿੱਤਰ ਪਾਠਕਾਂ ਜਾਂ ਸ੍ਰੋਤਿਆਂ ਦੇ ਸਾਹਮਣੇ ਪੇਸ਼ ਕੀਤਾ ਹੈ। 'ਅੰਬੀ ਦਾ ਬੂਟਾ' ਇਸ ਦੀ ਬਹੁਤ ਉੱਘੀ ਉਦਾਹਰਣ ਹੈ। ਜਿਸਨੂੰ ਡਾਕੋਮੈਟਰੀ ਦੇ ਰੂਪ ਵਿਚ ਫਿਲਮਾਇਆ ਵੀ ਗਿਆ ਸੀ। ਕਵੀ ਨੇ ਇਸ ਸੰਬੰਧ ਵਿਚ ਬਿੰਬਾਂ ਦੀ ਸਹਾਇਤਾ ਲਈ ਹੈ। ਕਿਸੇ ਸੂਖਸ਼ਮ ਵਿਚਾਰ ਨੂੰ ਕਈ ਵਾਰ ਸਥੂਲ ਬਿੰਬਾਂ ਰਾਹੀਂ ਪ੍ਰਗਟਾਇਆ ਗਿਆ ਹੈ।

**ਭਾਸ਼ਾ ਸ਼ਬਦਾਵਲੀ**—ਪੰਜਾਬੀ ਭਾਸ਼ਾ ਉੱਪਰ ਪ੍ਰੋ. ਮੋਹਨ ਸਿੰਘ ਨੂੰ ਪੂਰਾ ਵਸੀਕਾਰ ਹੈ। ਉਹ ਇਸ ਤੋਂ ਕਵਿਤਾ ਅੰਦਰ ਆਪਣੀ ਇੱਛਾ ਅਨੁਸਾਰ ਕੰਮ ਲੈਣਾ ਜਾਣਦਾ ਹੈ। ਉਸ ਦੁਆਰਾ ਵਰਤੀ ਗਈ ਭਾਸ਼ਾ ਅੰਦਰ ਇਕ ਅਨੁੱਠਾ ਰਸ ਅਤੇ ਸੁਆਦ ਹੈ। ਪੜ੍ਹਦਿਆਂ ਪੜ੍ਹਦਿਆਂ ਪਾਠਕ ਨੂੰ ਆਨੰਦ ਆਉਂਦਾ ਹੈ ਅਤੇ ਉਸ ਉਪਰ ਅਕਹਿ ਮਸਤੀ ਜਿਹੀ ਛਾ ਜਾਂਦੀ ਹੈ। ਸਹੀ ਸ਼ਬਦਾਂ ਦੀ ਚੋਣ ਜਿਹੜੇ ਮਧੁਰਤਾ ਪੈਦਾ ਕਰਨ ਵਿਚ ਉਸ ਦਾ ਕਮਾਲ ਹੈ। ਪੋਠੋਹਾਰੀ ਸ਼ਬਦਾਂ ਦੀ ਕਿਤੇ ਕਿਤੇ ਵਰਤੋਂ ਨੇ ਉਸਦੀ ਕਵਿਤਾ ਨੂੰ ਹੋਰ ਚਮਕਾਇਆ ਹੋਇਆ ਹੈ। ਉਹ ਆਪ ਇਕ ਇੰਟਰਵਿਊ ਵਿਚ ਕਹਿੰਦੇ ਹਨ—

"ਹਾਂ ਹਾਂ ਇਹ ਬਿਲਕੁਲ ਠੀਕ ਹੈ। ਮੇਰੇ ਇਲਾਕੇ ਦੀ ਬੋਲੀ ਵਿਚ ਲਿਰਿਸਿਜ਼ਮ ਇਸ ਨਾਲ ਉਹ ਹੋਰ ਵਧੇਰੇ ਖੂਬਸੂਰਤ ਲਗਣ ਲਗ ਪੈਂਦੀ ਹੈ। ਫੇਰ ਗੀਤ ਦਾ ਸੰਬੰਧ ਚੇਤੰਨ ਮਨ ਨਾਲੋਂ ਉਪਚੇਤਨ ਮਨ ਨਾਲ ਜਿਆਦਾ ਹੁੰਦਾ ਹੈ।"

ਸ਼ਬਦਾਂ ਨੂੰ ਠੀਕ ਪ੍ਰਕਾਰ ਨਾਲ ਚੁਨਣਾ ਅਤੇ ਉਹਨਾਂ ਨੂੰ ਸਹੀ ਢੰਗ ਨਾਲ ਆਪਣੀ ਥਾਂ ਚੰਗੇ ਕਾਰੀਗਰ ਵਾਂਗ ਫਿੱਟ ਕਰਨਾ ਕਵੀ ਨੂੰ ਆਉਂਦਾ ਹੈ।

ਪ੍ਰੋ. ਮੋਹਨ ਸਿੰਘ ਕਲਾ ਕੌਸ਼ਲ ਦੇ ਪੱਖ ਤੋਂ ਬਹੁਤ ਹੀ ਉੱਚਾ ਕਵੀ ਹੈ। ਉਸ ਵਰਗੇ ਕਵੀ ਕਦੇ ਕਦੇ ਹੀ ਜਨਮ ਲੈਂਦੇ ਹਨ। ਉਸ ਦੀ ਛੰਦਾ ਬੰਦੀ ਦੇ ਮਾਮਲੇ ਖੁਲ੍ਹ ਕੇ ਉਸ ਦੀ ਕਵਿਤਾ ਨੂੰ ਨਿਖਾਰਦੇ ਹਨ।

# ਕਵੀ ਦੀ ਪੰਜਾਬੀ ਸਾਹਿਤ ਨੂੰ ਦੇਣ ਤੇ ਸਥਾਨ

**ਭਾਈ ਵੀਰ ਸਿੰਘ (1872-1957)**

ਭਾਈ ਵੀਰ ਸਿੰਘ ਜੀ ਸਮੁੱਚੇ ਤੇ ਸਰਬਾਂਗੀ ਆਧੁਨਿਕ ਪੰਜਾਬੀ ਸਾਹਿਤ ਅਤੇ ਭਿੰਨ-ਭਿੰਨ ਪੰਜਾਬੀ ਸਾਹਿਤਕਾਰਾਂ ਦੀ ਸਿਰਜਣਾਤਮਿਕ ਪ੍ਰਕਿਰਿਆ ਤੇ ਪ੍ਰਕਾਰਜ ਦੇ ਮੂਲ ਪ੍ਰੇਰਣਾ ਸ੍ਰੋਤ, ਉਦਗਮ ਕਰਤਾ ਤੇ ਵਿਕਾਸ ਨਿਰਮਾਤਾ ਮੰਨੇ ਜਾਂਦੇ ਹਨ। ਇੰਨ੍ਹਾਂ ਨੂੰ ਪ੍ਰਕਿਰਤੀ ਚਿਤਰਨ-ਆਧਾਰਿਤ ਰਹੱਸਵਾਦੀ, ਘਾਤ ਆਤਮਵਾਦੀ ਵਲਵਲੇ ਭਰਪੂਰ, ਅਨੁਭਵੀ ਤੇ ਚਿੰਤਨ ਸ਼ੀਲ-ਕਵੀ ਹੋਣ ਤੋਂ ਇਲਾਵਾ ਇਕ ਚਮਤਕਾਰੀ ਲੇਖਕ, ਭਾਵੁਕ ਇਤਿਹਾਸ ਖੋਜੀ, ਇਕ ਸਫ਼ਲ ਸੰਪਾਦਕ, ਸਾਹਿਤ ਸਮੀਖਿਅਕ, ਟੀਕਾ ਕਾਰ ਅਤੇ ਕੋਸ਼ਕਾਰ ਹੋਣ ਦਾ ਮਾਣ ਵੀ ਹਾਸਲ ਹੈ। ਉਨ੍ਹਾਂ ਦੀ ਇਸ ਬੇਕਿਨਾਰ ਬਹੁ ਪੱਖੀ ਤੇ ਬਹੁ ਰੰਗੀ ਸਾਹਿਤਕ-ਪ੍ਰਤਿਭਾ ਦੀ ਪ੍ਰਾਪਤ ਪ੍ਰਭੁਤਾ ਤੇ ਵਿਚਿਤ੍ਰਤਾ ਨੂੰ ਸਵੀਕਾਰਦਿਆਂ ਤੇ ਉਸ ਦਾ ਸਹੀ ਮੁਲਾਂਕਣ ਕਰਦਿਆਂ ਹੋਇਆਂ ਪੰਜਾਬੀ ਸਾਹਿਤ ਪ੍ਰੇਮੀਆਂ ਅਤੇ ਸਮਾਲੋਚਨਾਂ ਨੇ ਉਨ੍ਹਾਂ ਨੂੰ ਗੁਰਮਤਿ ਦਾ ਢਾਡੀ, ਵੀਹਵੀਂ ਸਦੀ ਦਾ ਭਾਈ ਗੁਰਦਾਸ, ਪੰਜਾਬੀ ਦਾ ਵਾਰਡਜ ਵਰਥ ਅਤੇ ਪੰਜਾਬ ਦਾ ਛੇਵਾਂ ਦਰਿਆਂ ਵਰਗੇ ਅਨੁਪਮ ਤੇ ਵਿਸ਼ਿਸ਼ਟ ਵਿਸ਼ੇਸ਼ਣਾਂ ਨਾਲ ਸਲਾਹਿਆ ਤੇ ਸਤਿਕਾਰਿਆ ਹੈ।

ਇਨ੍ਹਾਂ ਦਾ ਜਨਮ ਮੀਰ ਮੰਨੂ ਦੇ ਦੀਵਾਨ ਕੌੜਾ ਮਲ ਚੁੱਘ ਦੀ ਸੱਤਵੀਂ ਪੁਸ਼ਤ ਵਿਚ ਡਾ. ਚਰਨ ਸਿੰਘ ਦੇ ਘਰ ਸ਼੍ਰੀਮਤੀ ਉਤਮ ਕੌਰ ਦੀ ਕੁੱਖੋਂ 5 ਦਸੰਬਰ 1872 ਈ. ਨੂੰ ਹੋਇਆ ਤੇ 85 ਸਾਲ 6 ਮਹੀਨੇ 7 ਦਿਨ ਦੀ ਲੰਮੀ ਆਯੂ ਭੋਗਣ ਉਪਰੰਤ 10 ਜੂਨ 1957 ਈ. ਵਿਚ ਇਹ ਅਕਾਲ ਚਲਾਣਾ ਕਰ ਗਏ।

ਭਾਈ ਵੀਰ ਸਿੰਘ ਦੇ ਬਾਬਾ ਭਾਈ ਕਾਨ੍ਹ ਸਿੰਘ ਨਾਭਾ, ਨਾਨਾ ਗਿਆਨੀ ਹਜ਼ਾਰਾ ਸਿੰਘ ਤੇ ਪਿਤਾ ਡਾ. ਚਰਨ ਸਿੰਘ ਪੂਰੇ ਗੁਰਸਿੱਖ ਹੋਣ ਤੋਂ ਇਲਾਵਾ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦੇ ਸੰਜੀਦਾ ਵਿਦਵਾਨ, ਪ੍ਰੌੜ ਵਿਆਖਿਆ ਕਾਰ ਅਤੇ ਉਰਦੂ ਫਾਰਸੀ ਦੇ ਸਫਲ ਉਲਥਾਕਾਰ ਹੋਣ ਦੇ ਨਾਲ-ਨਾਲ ਬ੍ਰਜ ਨੁਮਾ ਪੰਜਾਬੀ ਦੇ ਜਾਣੇ-ਪਛਾਣੇ ਸਾਹਿਤਕਾਰ ਵੀ ਸਨ। ਭਾਈ ਵੀਰ ਸਿੰਘ ਜੀ 1891 ਵਿਚ ਜਿਲ੍ਹਾਂ ਅੰਮ੍ਰਿਤਸਰ ਵਿਚੋਂ ਪ੍ਰਥਮ ਸਥਾਨ ਤੇ ਰਹਿ ਕੇ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਸੋਨੇ ਦੇ ਧਗਮੇ ਨਾਲ ਪੁਰਸ਼ਕਾਰਿਤ ਤੇ ਸਨਮਾਨਿਤ ਕੀਤੇ ਗਏ। ਇਨ੍ਹਾਂ ਨੇ ਸੰਸਕ੍ਰਿਤ ਤੇ ਬ੍ਰਜ ਭਾਸ਼ਾ ਆਪਣੇ ਨਾਨਾ ਜੀ ਤੋਂ ਉਰਦੂ ਫਾਰਸੀ ਇਕ ਮੌਲਵੀ ਤੋਂ ਅਤੇ ਅੰਗਰੇਜੀ ਭਾਸ਼ਾ ਦੀ ਮੁਹਾਰਤ ਤੇ ਅੰਗਰੇਜੀ ਸਾਹਿਤ ਦਾ ਲੋੜੀਂਦਾ ਗਿਆਨ ਨਿੱਜੀ ਯਤਨਾਂ ਨਾਲ ਘਰ ਵਿਚ ਹੀ ਪ੍ਰਾਪਤ ਕੀਤਾ।

ਇਨ੍ਹਾਂ ਨੇ ਨਵੰਬਰ 1891 ਵਿਚ ਵਜੀਰ ਹਿੰਦ ਪ੍ਰੈਸ ਲਾਉਣ ਉਪਰੰਤ, 1884 ਵਿਚ ਖਾਲਸਾ-ਟ੍ਰੇਕਟ ਸੁਸਾਇਟੀ ਬਣਾ ਕੇ 'ਨਿਰਗੁਣਿਆਰਾਂ' ਅਤੇ 1899 ਵਿਚ 'ਖਾਲਸਾ ਸਮਾਚਾਰ' ਦੇ ਪੱਤਰ ਜਾਰੀ ਕੀਤੇ। ਜਿਹੜੇ



ਆਧੁਨਿਕ ਪੰਜਾਬੀ ਸਾਹਿਤ ਦੀ ਮੁੱਢਲੀ ਨੁਹਾਰ ਬਦਲਣ ਦੇ ਪ੍ਰਸੰਗ ਵਿਚ ਪਹਿਲੇ ਪ੍ਰਯਤਨ ਸਨ। ਇਨ੍ਹਾਂ ਹੀ ਮਾਧਿਅਮਾਂ ਰਾਹੀਂ ਭਾਈ ਵੀਰ ਸਿੰਘ ਨੇ ਖੁਦ ਵੀ 65 ਕੁ ਸਾਲਾਂ ਦੀ ਲਗਾਤਾਰ ਸਿਰਚਣਾਤਮਿਕ ਸਾਹਿਤ ਸੇਵਾ ਦੁਆਰਾ ਆਧੁਨਿਕ ਪੰਜਾਬੀ ਸਾਹਿਤ ਦੇ ਮੂੰਹ-ਮੁਹਾਂਦਰੇ ਦਾ ਕਾਇਆ ਕਲਪ ਕਰਨ ਵਿਚ ਇਕ ਕ੍ਰਾਂਤੀਕਾਰੀ ਭੂਮਿਕਾ ਨਿਭਾਈ ਹੈ।

ਇਤਿਹਾਸਕ ਤੇ ਧਾਰਮਿਕ ਰੁਚੀਆਂ ਅਧੀਨ ਭਾਈ ਵੀਰ ਸਿੰਘ ਨੇ 1900 ਈ. ਵਿਚ "ਆ ਜਾ ਕਲਗੀਆਂ ਵਾਲਿਆ" ਨਾਮਕ ਪਹਿਲਾ ਧਾਰਮਿਕ ਗੀਤ ਲਿਖਿਆ। ਫਿਰ 1905 ਵਿਚ ਇਕ ਮੌਲਿਕ ਕਾਵਿ ਰੂਪ ਮਹਾ ਕਾਵਿ ਰਾਣਾ ਸੂਰਤ ਸਿੰਘ ਵਾਲੀ ਅਧਿਆਤਮਕ ਰੰਗ ਵਾਲੀ ਸ਼ਾਂਤਰਸ ਪ੍ਰਧਾਨ ਸਿਰਖੰਡੀ ਛੰਦ ਵਿਚ ਇਕ ਲੰਮੀ ਕਾਵਿ ਰਚਨਾ ਕੀਤੀ। ਇਸ ਤੋਂ ਬਾਅਦ ਉਹਨਾਂ ਦੀ ਕਾਵਿ ਸਿਰਜਣਾ ਦਾ ਬਾਕਾਇਦਾ ਸਿਲਸਿਲੇ ਵਾਰ ਨਿਰੰਤਰ ਅਗਾਜ਼ ਤੇ ਅਮਲ ਹੋਂਦ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ।

ਭਾਈ ਵੀਰ ਸਿੰਘ ਨੇ ਕੁਦਰਤ ਚ੍ਰਿਤਨ ਦੁਆਰਾ ਕਾਦਰ ਦਾ ਅਗੰਮੀ-ਜਲਵਾ ਦਰਸਾਉਣ ਤੋਂ ਇਲਾਵਾ ਪੁਰਾਤਨ ਸੰਤਭ ਕਲਾ, ਮੂਰਤੀ ਕਲਾ, ਮੰਦਰ ਤੇ ਭਵਨ ਨਿਰਮਾਣ ਕਲਾ ਵਰਗੇ ਨਵੀਨ ਕਿਸਮ ਦੇ ਅਣਗੋਲੇ ਅਹਿਮ ਵਿਸ਼ਿਆਂ ਤੇ ਆਧਾਰਿਤ ਸੰਗੀਤਾਤਮਿਕ ਤੇ ਲੋਕ ਗੀਤਕ ਸ਼ੈਲੀ ਦੁਆਰਾ ਪ੍ਰਾਕ੍ਰਿਤਕ ਚਿੰਨ੍ਹਾ, ਪ੍ਰਤੀਕਾਂ, ਬਿੰਬਾ ਤੇ ਅਲੰਕਾਰਾਂ ਰਾਹੀਂ ਰਹਿਸਵਾਦ, ਅਧਿਆਤਮਵਾਦ, ਰੁਮਾਂਸਵਾਦ, ਉਪਦੇਸ਼ਵਾਦ ਅਤੇ ਅਪਸਾਰਵਾਦ ਵਰਗੀਆਂ ਪ੍ਰਧਾਨ ਕਾਵਿ ਸੁਰਾਂ ਦਾ ਆਲਾਪ ਕੀਤਾ ਹੈ।

ਇਨ੍ਹਾਂ ਨੇ ਜਿੱਥੇ ਪਹਿਲੀ ਵਾਰ ਰੁਬਾਈ ਤੇ ਨਿੱਕੀ ਕਵਿਤਾ ਵਰਗੇ ਸ਼ਰੋਦੀ ਕਾਵਿ ਤੋ ਇਲਾਵਾ ਮਹਾਂ ਕਾਵਿ ਵਰਗੇ ਮੌਲਿਕ ਕਾਵਿ ਰੂਪ ਅਤੇ ਤੁਰ ਆਈ ਛੰਦ ਵਰਗੇ ਨਵੀਨ ਛੰਦ ਆਧੁਨਿਕ ਪੰਜਾਬੀ ਕਵਿਤਾ ਨੂੰ ਪ੍ਰਦਾਨ ਕੀਤੇ ਹਨ, ਉਥੇ ਨਾਲ ਹੀ ਨਾਵਲ ਅਤੇ ਨਾਟਕ ਵਰਗੇ ਨਿਰੋਲ ਮੌਲਿਕ ਸਾਹਿਤ ਰੂਪਾਂ ਦੀ ਵੀ ਵਰਿਧੀ ਕੀਤੀ ਹੈ।

ਭਾਈ ਵੀਰ ਸਿੰਘ ਦੀ ਘਾਲ ਕਮਾਈ ਬਹੁ-ਪੱਖੀ ਤੇ ਬਹੁ-ਮੁੱਲੀ ਸਾਹਿਤ ਸੇਵਾ ਨੂੰ ਕਦੀ ਵੀ ਭੁਲਿਆ ਨਹੀਂ ਜਾ ਸਕਦਾ ਹੈ। 13 ਅਪ੍ਰੈਲ 1968 ਨੂੰ ਭਾਈ ਵੀਰ ਸਿੰਘ ਜੀ ਦੇ ਯਤਨ ਸਦਕਾ ਹੀ ਪੰਜਾਬੀ ਨੂੰ ਪੰਜਾਬ ਅੰਦਰ ਰਾਜ ਭਾਸ਼ਾ ਹੋਣ ਦਾ ਮਾਣ ਮਿਲਿਆ ਹੈ। ਇਨ੍ਹਾਂ ਦੁਆਰਾ ਕਾਵਿ ਖੇਤਰ ਵਿਚ ਭਿੰਨ-ਭਿੰਨ ਵਿਧਾਵਾਂ ਸਾਹਿਤ ਰੱਚੀਆਂ ਗਈਆਂ ਸਮੁੱਚੀਆਂ ਕਾਵਿ ਰਚਨਾਵਾਂ ਦਾ ਵਿਸਤਰਿਤ ਵੇਰਵਾ ਇਸ ਪ੍ਰਕਾਰ ਹੈ—

(1) ਨਿਨਾਣ ਭਰਜਾਈ ਦੀ ਸਿਖਿਆ ਦਾ ਇਕ ਵਾਰਤਾਲਾਪ 1900 (2) ਮਹਾਂ ਕਾਵਿ ਰਾਣਾ ਸੂਰਤ ਸਿੰਘ 1905 (3) ਭਰਥਰੀ ਹਰੀ ਕਾਵਿ-ਅਨੁਵਾਦ 1916 (4) ਦਿਲ ਤਰੰਗ 1920 (5) ਤ੍ਰੇਲ ਤੁਪਕਾ 1921 (6) ਲਹਿਰਾਂ ਦੇ ਹਾਰ 1905 (7) ਮਟਕ ਹੁਲਾਰੇ 1922 (ਕਸ਼ਮੀਰ ਸੰਬੰਧੀ ਕਵਿਤਾਵਾਂ) (8) ਬਿਜਲੀਆਂ ਦੇ ਹਾਰ 1927 (ਗੀਤ ਸੰਗ੍ਰਹਿ) (9) ਪ੍ਰੀਤ ਵੀਣਾਂ 1929 (10) ਕੰਬਦੀ ਕਲਾਈ 1933 (11) ਲਹਿਰ ਹੁਲਾਰੇ 1948 (ਚੋਣਵੀਆਂ ਨਿਕੀਆਂ ਕਵਿਤਾਵਾਂ ਦਾ ਸੰਗ੍ਰਹਿ) 1948 (12) ਕੰਬਦੀ ਕਲਾਈ 1950 (ਇਸ ਵਿਚ 1933 ਵਾਲੇ ਕੰਬਦੀ ਕਲਾਈ ਸੰਗ੍ਰਹਿ ਸਮੇਤ 1950 ਤਕ ਲਿਖੇ ਹੋਏਗੀਤ ਵੀ ਸ਼ਾਮਿਲ ਕੀਤੇ ਗਏ ਹਨ। (13) ਕੰਡ ਮਹੇਲੀ (ਬਾਰਾਂ ਮਾਹ) 1955 (14) ਮੇਰੇ ਸਾਈਆਂ ਜੀਓ 1953 ਈ.।

ਕਾਵਿ ਖੇਤਰ ਦੀਆਂ ਇਨ੍ਹਾਂ ਵਿਲਖਣ ਰਚਨਾ ਪ੍ਰਾਪਤੀਆਂ ਤੋਂ ਇਲਾਵਾ ਇਕ ਮੌਲਿਕ ਨਾਟਕ, ਚਾਰ ਨਾਵਲ,

ਤਿੰਨ ਚਮਤਕਾਰਾਂ ਸਮੇਤ ਵਾਰਤਕ ਦੀਆਂ ਪੰਜ ਪੁਸਤਕਾਂ, ਦੋ ਸ਼ਬਦ ਕੋਸ਼ ਸੰਬਿਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਚਾਰ ਟੀਕੇ, ਅੱਠ ਪੁਰਾਤਨ, ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਦੀ ਸਫ਼ਲ ਸੰਪਾਦਨਾ ਵੀ ਭਾਈ ਵੀਰ ਸਿੰਘ ਨੇ ਕੀਤੀ ਹੈ।

ਉਪਰੋਕਤ ਬਿਆਨ ਕੀਤੀ ਹੋਈ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਅਨੇਕ ਭਾਂਤੀ ਸਾਹਿਤ ਸੇਵਾ ਵਜੋਂ ਭਾਈ ਸਾਹਿਬ ਨੂੰ 1949 ਈ. ਵਿਚ ਪੰਜਾਬ ਯੂਨੀਵਰਸਿਟੀ ਵੱਲੋਂ ਡੀ.ਓ. ਐੱਲ ਦੀ ਉਪਾਧੀ ਨਾਲ ਤੇ 1951ਵਿਚ ਪੈਪਸੂ ਸਰਕਾਰ ਵਲੋਂ ਸ਼੍ਰੋਮਣੀ-ਸਾਹਿਤਕਾਰ ਦੇ ਲਕਬ ਨਾਲ ਸਨਮਾਨਿਆ ਗਿਆ। ਫਿਰ 1952 ਵਿਚ ਵਿਧਾਨ ਪ੍ਰੀਸ਼ਦ ਤੇ ਤੇ 1954 ਵਿਚ ਭਾਰਤੀ ਸਾਹਿਤ ਅਕਾਦਮੀ ਦੇ ਮੈਂਬਰ ਨਾਮਜ਼ਦ ਕੀਤੇ ਗਏ। ਭਾਰਤੀ ਸਾਹਿਤ ਅਕਾਦਮੀ ਵੱਲੋਂ ਆਖਰੀ ਕਾਵਿ-ਸੰਗ੍ਰਹਿ 'ਮੇਰੇ ਸਾਈਆਂ ਜੀਉ' ਨੂੰ ਸਰਵੋਤਮ ਰਚਨਾ ਕਰਾਰ ਦੇ ਕੇ ਇਨ੍ਹਾਂ ਨੂੰ 5000 ਰੁਪਏ ਅਤੇ ਪ੍ਰਮਾਣ ਪੱਤਰ ਨਾਲ ਨਿਵਾਜਿਆ ਗਿਆ। ਅਖੀਰ ਭਾਰਤ ਸਰਕਾਰ ਨੇ ਇਨ੍ਹਾਂ ਨੂੰ 25 ਜਨਵਰੀ 1956 ਨੂੰ "ਪਦਮ ਭੂਸ਼ਣ" ਵਰਗੇ ਰਾਸ਼ਟਰੀ-ਅਲੰਕਾਰ ਨਾਲ ਵੀ ਅਲੰਕ੍ਰਿਤ ਕੀਤਾ।

ਧਨੀਰਾਮ ਚਾਤ੍ਰਿਕ

(1876-1954)

ਸਿਆਲਕੋਟ ਦੀ ਧਰਤੀ ਦੇ ਜਾਏ ਪੂਰਨ ਭਗਤ ਦੇ ਇਸ਼ਕ ਹਕੀਕੀ, ਇਮਾਮ ਬਖ਼ਸ ਦੀ 'ਬਹਿਰਾਮ ਸ਼ਾਹੀ' ਕਿੱਸਾਕਾਰੀ ਦੇ ਇਸ਼ਕ ਮਿਜਾਜੀ ਡਾ. ਇਕਬਾਲ ਦੀ ਧਰਮ-ਨਿਰਪੇਖਤਾ, ਕੌਮੀ ਏਕਤਾ ਅਤੇ ਰਾਸ਼ਟ੍ਰੀਅਤਾ ਦੇ ਰੰਗ ਮਜੀਠ ਵਿਚ ਰੰਗੇ ਹੋਏ ਕਵੀ ਧਨੀ ਰਾਮ ਚਾਤ੍ਰਿਕ ਨੇ ਪਹਿਲੀ ਵਾਰ ਆਧੁਨਿਕ ਪੰਜਾਬੀ ਕਵਿਤਾ ਵਿਚ ਮਹਿਸੂਸ ਹੁੰਦੀ ਪੰਜਾਬੀ ਸਭਿਆਚਾਰ ਦੀ ਘਾਟ ਅਤੇ ਥੁੜ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਵਰਗੇ ਅਨੁਪ੍ਰਾਸਾਤਮਿਕ-ਵਿਸ਼ੇ ਦੇ ਸੁਨਹਿਰੀ ਸੰਕਲਪ ਦੀ ਤ੍ਰਿਵੈਣੀ ਦੁਆਰਾ ਤ੍ਰਿਪਤਾਇਆ ਤੇ ਸੰਪੰਨ ਹੋਣ ਦੇ ਸਮਰਥ ਬਣਾਇਆ ਹੈ।

ਕੇਵਲ ਨੂਰਾਨੀਆ ਤੱਕ ਸੀਮਤ, ਅਰਸ਼ਾਂ ਨੂੰ ਫਰਸ਼ ਬਣਾਉਣ ਦੀ ਆਲੌਕਿਕ ਤੇ ਅਧਿਆਤਮ ਵਾਦੀ ਪੰਜਾਬੀ ਕਵਿਤਾ "ਧਰਤੀ ਦੇ ਪੰਖੇਰੂ" ਤੇ 'ਹਕੀਕੀ ਇਨਸਾਨਸਤਾਨ' ਦੇ ਮੁੱਢਈ ਧਨੀ ਰਾਮ ਚਾਤ੍ਰਿਕ ਦਾ ਯਥਾਰਥਵਾਦੀ ਕਲਮੀਂ ਸਪਰਸ਼ ਪਾ ਕੇ ਲੌਕਿਕ ਤੇ ਸਮਾਜਵਾਦੀ ਬਣਦੀ ਹੋਈ, ਆਧੁਨਿਕ ਪੰਜਾਬੀ ਕਵਿਤਾ, ਖਾਕੀਆਂ ਨੂੰ ਸੰਬੋਧਨ ਹੋਣ ਲਈ ਆਕਾਸ਼ ਤੋਂ ਉਤਰ ਕੇ ਆਪਣੇ ਯਥਾਰਥ-ਬਿੰਦੂ 'ਧਰਤੀ' ਉਪਰ ਆ ਬਿਰਾਜਦੀ ਹੈ।

ਪੰਜਾਬ ਦੇ ਮਸ਼ਹੂਰੋ-ਮਾਰੂਫ ਕਿੱਸਾ ਕਾਰ ਇਮਾਮ ਬਖਸ਼ (1778-1861) ਦੀ ਮੁਬਾਰਕ ਜੰਮਨ ਭੋਂ ਪਸੀਆਂਵਾਲ, ਪਾਕਿਸਤਾਨ ਦੇ ਵਰਤਮਾਨ ਜ਼ਿਲਾ ਸਿਆਲਕੋਟ ਦੇ ਇਕ ਪਿੰਡ ਵਿਚ ਲਾਲਾ ਪੋਹੂ ਮੱਲ ਅਰੋੜਾ ਦੇ ਘਰ, ਮਾਤਾ ਲੱਛਮੀ ਦੇਵੀ ਦੇ ਉਦਰ ਤੋਂ 4 ਅਕਤੂਬਰ, 1876 ਈ. ਨੂੰ ਧਨੀ ਰਾਮ ਚਾਤ੍ਰਿਕ ਦਾ ਜਨਮ ਹੋਇਆ। ਇਨ੍ਹਾਂ ਦੇ ਪੂਰਵਜ ਸੰਧਾਵਾਲੀਏ ਸਰਦਾਰਾਂ ਦੇ ਮੋਢੀ ਸਨ। ਪਰੰਤੂ ਧਨੀ ਰਾਮ ਚਾਤ੍ਰਿਕ ਦੇ ਆਗਮਨ-ਕਾਲ ਤੋਂ ਬਾਅਦ ਆਈ ਗੁਰਬਤ ਕਾਰਨ ਇਸ ਪਰਿਵਾਰ ਨੂੰ ਡੇਢ ਸਾਲ ਦੇ ਮਾਸੂਮ ਬਾਲਕ ਧਨੀ ਰਾਮ ਸਮੇਤ 1878 ਈ. ਵਿਚ ਉਸ ਦੇ ਨਾਨਕੇ ਪਿੰਡ ਲੋਪੋ ਕੇ (ਜ਼ਿਲਾ ਅੰਮ੍ਰਿਤਸਰ) ਆਉਣਾ ਪਿਆ। ਧਨੀ ਰਾਮ ਚਾਤ੍ਰਿਕ ਆਪਣੇ ਕਾਵਿ ਬੋਲਾਂ ਵਿਚ ਇਸ ਤਲਖ-ਹਕੀਕਤ ਦੀ ਤਾਈਦ ਕਰਦਾ ਹੋਇਆ ਕਹਿੰਦਾ ਹੈ, 'ਕੁਝ ਰੋਟੀ ਦਾ ਉਪਰਾਲਾ ਸੀ, ਕੁਝ ਪੜ੍ਹਨ ਲਿਖਣ ਦਾ ਚਸਕਾ ਸੀ।" ਲੋਪੋ ਕੇ ਆ ਕੇ ਪਿਤਾ ਦੀ ਮਾੜੀ ਮੋਟੀ ਦੁਕਾਨਦਾਰੀ ਨਾਲ ਰੋਟੀ ਕਪੜੇ ਦਾ ਉਪਰਾਲਾ ਤਾਂ ਹੋ ਗਿਆ ਪਰੰਤੂ ਗੰਭੀਰ ਆਰਥਿਕ ਸੰਕਟ ਕਾਰਣ ਪੜ੍ਹਨ ਲਿਖਣ ਦਾ ਚਸਕਾ ਪੂਰਾ ਨ ਹੋ ਸਕਿਆ। ਅਰਥਾਤ ਗੁਰਮੁਖੀ ਮਹਾਜਨੀ ਤੇ ਦੇਵਨਾਗਰੀ ਅੱਖਰਾ ਦਾ ਗਿਆਨ ਘਰ ਵਿੱਚ ਹੀ ਆਪਣੇ ਪਿਤਾ ਕੋਲੋਂ ਪ੍ਰਾਪਤ ਕਰਨ



ਉਪਰੰਤ ਬੱਦੋ-ਮੱਲੀ ਦੇ ਸਕੂਲ ਤੋਂ ਚਾਰ ਜਮਾਤਾਂ ਪਾਸ ਕਰਨ ਤੋਂ ਬਾਅਦ ਹੋਰ ਅੱਗੇ ਨ ਪੜ੍ਹ ਸਕੇ। ਹਾਂ। ਉਰਦੂ ਫਾਰਸੀ, ਅੰਗਰੇਜੀ 'ਭਾਸ਼ਾ' ਅਤੇ ਸਾਹਿਤ ਦਾ ਮੁਨਾਸਬ ਗਿਆਨ ਬਚਪਨ ਵਿੱਚ ਹੀ ਉਦਰ-ਪੂਰਤੀ ਦੇ ਚੌਰਾਸੀ ਦੇ ਚੱਕਰ ਵਿੱਚ ਪੈਣ ਦੌਰਾਨ ਅਵੱਸ਼ ਪਰਾਪਤ ਕਰ ਲਿਆ।

ਬਾਲ ਵਿਵਾਹ ਪ੍ਰਥਾ ਮੁਤਾਬਿਕ ਇਨ੍ਹਾਂ ਦੀ ਵੀ ਪਹਿਲੀ ਸ਼ਾਦੀ ਕੇਵਲ ਬਾਰਾਂ ਸਾਲ ਦੀ ਕਿਸ਼ੋਰ ਅਵੱਸਥਾ ਵਿੱਚ 1888 ਈ. ਵਿਚ ਹੋ ਗਈ। ਪਰੰਤੂ ਪਤਨੀ ਦੇ ਜਿੱਦੀ ਤੇ ਹੱਠੀ ਸੁਭਾਅ ਵਰਗੀ ਮੂਰਖਤਾ ਕਾਰਣ ਇਸ ਨਰੜ ਨੁਮਾ ਸੰਯੋਗ ਦੀ ਅਸਫਲਾ ਉਪਰੰਤ 1906 ਈ. ਵਿਚ ਇਨ੍ਹਾਂ ਨੇ ਦੂਸਰੀ ਸ਼ਾਦੀ ਕਰਵਾ ਲਈ, ਜਿਸ ਤੋਂ ਇਨ੍ਹਾਂ ਦੇ ਘਰ ਇਕ ਲੜਕੀ ਤੇ ਚਾਰ ਲੜਕੀਆਂ ਦੀ ਰਚਨਾ ਹੋਈ। ਧਨੀ ਰਾਮ ਚਾਤ੍ਰਿਕ ਦਾ ਦੇਹਾਂਤ 18 ਦਸੰਬਰ, 1954 ਨੂੰ ਅੰਮ੍ਰਿਤਸਰ ਵਿਚ ਹੋਇਆ।

ਸਾਢੇ ਤੇਰਾ ਸਾਲ ਦੀ ਉਮਰ ਵਿਚ ਡੇਢ ਕੁ ਸਾਲ ਲਈ ਵਸੀਕਾ ਨਿਵਾਸੀ ਕਰਨ ਪਿੱਛੋਂ 1891 ਈ. ਵਿੱਚ ਨਵੇਂ ਲੱਗੇ ਭਾਈ ਵੀਰ ਸਿੰਘ ਦੇ ਵਜੀਰ ਹਿੰਦ ਪ੍ਰੈੱਸ ਵਿਚ ਖੁਸਨਸੀਵੀ ਦੇ ਕੰਮ ਵਿਚ ਪੈ ਗਏ। ਦੋ ਸਾਲ ਪਿੱਛੋਂ ਕਿਤਾਬਤ ਦਾ ਕਾਰਜ ਸੰਭਾਲ ਲਿਆ। ਇਸ ਦੇ ਤਿੰਨ ਸਾਲ ਮਗਰੋਂ ਪ੍ਰੈਸ ਵਲੋਂ ਪ੍ਰਕਾਸ਼ਨ-ਵਿਕਰੇਤਾ ਨਿਯੁਕਤ ਹੋ ਗਏ। ਇਸ ਤਰ੍ਹਾਂ 'ਵਜੀਰ ਹਿੰਦ ਪ੍ਰੈਸ' ਦੀ ਲਗਾਤਾਰ ਅਠਾਰਾਂ ਸਾਲ ਦੀ ਬਦਲਵੀ ਸੇਵਾ ਕਰਨ ਤੋਂ ਬਾਅਦ 1911 ਵਿੱਚ ਬੰਬਈ ਜਾ ਕੇ ਗੁਰਮੁੱਖੀ ਅੱਖਰਾ ਦੀ ਟਾਈਪ ਦੀ ਢਲਾਈ ਦੀ ਤਿੰਨ ਸਾਲਾਂ ਦੀ ਕਰੜੀ ਤਰਬੀਅਤ ਪਾਉਣ ਉਪਰੰਤ ਵਾਪਸ ਅੰਮ੍ਰਿਤਸਰ ਆ ਕੇ, ਅਗਸਤ 1914 ਵਿਚ 'ਸਟੈਂਡਰਡ ਟਾਈਪ ਫੌਂਡਰੀ" ਅਤੇ ਸੁਦਰਸ਼ਨ ਪ੍ਰਿੰਟਿੰਗ ਪ੍ਰੈਸ ਚਾਲੂ ਕੀਤਾ।

ਧਨੀ ਰਾਮ ਚਾਤ੍ਰਿਕ ਨੇ 1903 ਤੋਂ 1912, 1918 ਤੋਂ 1947 ਅਤੇ 1947 ਤੋਂ 1954 ਤੱਕ ਕ੍ਰਮਵਾਰ ਦੇ ਤਿੰਨ ਪੜਾਵਾਂ ਵਿਚ ਕਾਵਿ-ਸਿਰਜਣਾ ਕੀਤੀ ਹੈ।

ਧਨੀ ਰਾਮ ਚਾਤ੍ਰਿਕ ਦੀ ਕਾਵਿ ਸਿਰਜਣਾ ਦੀ ਸ਼ੁਰੂਆਤ ਭਾਈ ਵੀਰ ਸਿੰਘ ਦੇ ਸੰਪਰਕ ਤੇ ਪ੍ਰਭਾਵ, ਹਿੰਦੂ-ਇਤਿਹਾਸ, ਮਿਥਿਹਾਸ ਤੇ ਸਨਾਤਨ ਵਾਦ ਤੋਂ ਇਲਾਵਾ ਆਪਣੇ ਗਵੱਈਏ ਚਾਚਾ ਜੀ ਨਾਲ ਬੱਚਪਨ ਵਿੱਚ ਵੇਖੀਆਂ ਸੁਣੀਆਂ ਤੇ ਮਾਣੀਆਂ ਹੋਈਆਂ ਰਾਸਾਂ, ਖੇਡ ਤਮਾਸ਼ਿਆਂ, ਛਿੰਜਾਂ ਮੇਲਿਆ ਅਤੇ ਭਜਨ-ਮੰਡਲੀਆ ਦੇ ਜਜਬਾਤੀ ਹਾਲ ਮਸਤ ਅਤੇ ਤਾਰੀ ਅਵਸਥਾ ਅਧੀਨ ਹੋਈ ਜਿਹੜੀ ਕ੍ਰਮਵਾਰ ਖਾਲਸਾ ਸਮਾਚਾਰ ਅਤੇ ਖਾਲਸਾ ਯੰਗਮੰਨ ਪੱਤਰਾਂ ਵਿਚ 'ਹਰਿ ਧਨੀ' ਕਲਸੀ ਨਾਂ ਹੇਠ ਛਪਦੀ ਰਹੀ।

ਕਿੱਸੇ ਵਰਗੇ ਪੁਰਾਤਨ ਲੰਮੇਰੇ ਕਾਵਿ 'ਰੂਪ' ਅਤੇ 'ਆਕਾਰ' ਦੇ ਤੌਰ ਤੇ ਜਿਉਂ ਦਾ ਤਿਉਂ ਬਰਕਰਾਰ ਰੱਖਦਿਆਂ ਹੋਇਆਂ, ਇਸ਼ਕ ਮਿਜਾਜੀ ਵਾਲੇ ਪਰੰਪਰਾਈ ਨਾਇਕ ਨਾਇਕਾਵਾਂ ਦੀ ਥਾਂ ਹਿੰਦੂ ਇਤਿਹਾਸ, ਮਿਥਿਹਾਸ ਦੇ ਵੈਰਾਗੇ ਹੋਏ ਨਾਇਕ-ਨਾਇਕਾਵਾਂ ਨੂੰ ਇਸ਼ਕ ਹਕੀਕੀ ਦੇ ਰੰਗ ਵਿਚ ਰੰਗ ਕੇ 'ਭਰਥਰੀ ਹਰੀ' 1905 ਵਿਚ ਨਲ-ਦਮਯੰਤੀ 1906 ਵਿੱਚ ਧਾਰਮਿਕ ਭਾਵਨਾ ਅਤੇ ਰਵਾਇਤੀ ਰੰਗ-ਰੂਪ ਵਾਲੀ ਕਵਿਤਾ ਵਿੱਚ ਦੋ ਕਿੱਸੇ ਲਿਖੇ।

ਦੂਜੇ ਪੜਾਅ ਦੀ ਕਾਵਿ ਸਿਰਜਣਾ ਵਿਚ ਉਨ੍ਹਾਂ ਨੇ ਕਿਰਤੀ-ਕਿਰਸਾਨ ਤੇ ਇਸਤਰੀ ਵਰਗ ਤੋਂ ਇਲਾਵਾਂ ਉਚੇਰੇ ਜੀਵਨ ਆਸ਼ੇ, ਰਿਸ਼ਵਤ ਖੋਰੀ, ਅਮੀਰਾਂ ਦੀ ਲੁੱਟ-ਖਸੁੱਟ, ਭਤੀਜਾਵਾਦ ਦੀ ਤਰਫਦਾਰੀ, ਸਦਾਚਾਰ ਤੇ ਆਚਰਣ ਦੀ ਉਚੱਤਾ, ਸੁਖੀ ਜੀਵਨ ਦਾ ਭੇਦ ਅਤੇ ਆਜ਼ਾਦੀ ਦਾ ਅਸਲ ਮਨੋਰਥ ਵਰਗੇ ਵਿਸ਼ਿਆਂ ਉੱਤੇ ਲਿਖਿਆ ਸੀ।

ਧਨੀ ਰਾਮ ਚਾਤ੍ਰਿਕ ਨੇ ਕਿੱਸੇ, ਕਾਫੀ, ਕਵਾਲੀ ਅਤੇ ਬਾਰਾਂਮਾਹ ਵਰਗੇ ਪੁਰਾਤਨ ਕਾਵਿ ਰੂਪਾਂ ਸੋਰਠਾ, ਕਵਿਤ, ਕੁੰਡਲੀਆਂ ਕੋਰੜਾ, ਚੌਪਈ, ਤੋਟਕ ਦੋਹਰਾ ਅਤੇ ਡਿਉਢ ਵਰਗੇ ਪ੍ਰਚਲਿਤ ਕਾਵਿ ਛੰਦਾਂ ਦੁਆਰਾ ਨਵੀਨ ਵਿਸ਼ਿਆਂ ਵਾਲੀ ਕਾਵਿ ਰਚਨਾ ਕਰਨ ਦੇ ਨਾਲ-ਨਾਲ ਰੁਬਾਈ, ਗੀਤ, ਗ਼ਜ਼ਲ ਅਤੇ ਉਰਦੂ ਨਜ਼ਮਾਂ ਸਮਾਨ ਸਰਬ ਗੁਣ ਸੰਪੰਨ ਨਿਕੀ ਕਵਿਤਾ ਵਰਗੇ ਨਵੀਨ ਕਾਵਿ ਰੂਪ ਪਹਿਲੀ ਵਾਰ ਆਧੁਨਿਕ ਪੰਜਾਬੀ ਕਵਿਤਾ ਨੂੰ ਪ੍ਰਦਾਨ ਕੀਤੇ ਹਨ।

ਧਨੀ ਰਾਮ ਚਾਤ੍ਰਿਕ ਤੇ ਪੰਜਾਬੀਆਂ ਦੀ ਵਿਵਾਦ ਗ੍ਰਸ਼ਤ ਮਾਤ ਭਾਸ਼ਾ ਦੇ ਨਿਰਣੇ ਜਨਕ ਫੈਸਲੇ ਸੰਬੰਧੀ ਸੰਪਰਦਾਇਕ ਸੰਕੀਰਨਤਾ ਤੋਂ ਉੱਚਿਆਂ ਉੱਠ ਕੇ 'ਬੋਲੀ ਹੀ ਪੰਜਾਬੀ ਸਾਡੀ' ਤੇ 'ਤੀਜੀ ਮਾਂ ਪੰਜਾਬੀ ਬੋਲੀ' ਵਰਗੇ ਈਮਾਨਦਾਰਾਨਾ ਅਤੇ ਜੁਰਤਮੰਦਾਨਾ ਨਾਹਰੇ ਅਤੇ ਤਰਕ ਤੇ ਆਧਾਰਿਤ ਜਿੱਥੇ ਹਰ ਹਿੰਦੂ, ਮੁਸਲਿਮ ਤੇ ਈਸਾਈ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਬੋਲੀ ਅਤੇ ਸਾਇਰੀ ਨੂੰ ਮਾਤ ਭਾਸ਼ਾ ਦੇ ਤਖਤ ਦੀ ਪਟਰਾਣੀ ਬਨਾਉਣ ਉੱਥੇ ਉਸ ਨੂੰ ਖੁਦ ਵੀ ਇਸ ਨੂੰ ਆਪਣੇ ਦਿਲ ਦੇ ਤਖਤ ਹਜ਼ਾਰੇ ਦੀ ਮਲਕਾ ਬਣਾਇਆ।

ਉਪਰੋਕਤ ਉਦੇਸ਼ ਦੀ ਪੂਰਤੀ ਲਈ ਉਸ ਨੇ ਪੰਜਾਬ ਦੇ ਸਮੂਹ ਧਰਮਾਂ ਦੇ ਪ੍ਰਸਿੱਧ ਲੇਖਕਾਂ, ਪ੍ਰਤੀਨਿਧ ਕਵੀਆਂ ਤੇ ਅਨੇਕਾਂ ਹੋਰ ਪੰਜਾਬੀ ਹਿਤੈਸ਼ੀਆਂ ਦੇ ਸਹਿਯੋਗ ਨਾਲ 1926 ਵਿੱਚ ਸੈਂਟਰਲ ਪੰਜਾਬੀ ਸਭਾ ਅੰਮ੍ਰਿਤਸਰ ਦੀ ਸਥਾਪਨਾ ਕੀਤੀ। ਜਿਸ ਦੇ ਅਹਿਮ ਉਦੇਸਾਂ ਵਿੱਚੋਂ ਇਕ ਦੀ ਧਨੀ ਰਾਮ ਚਾਤ੍ਰਿਕ ਨੇ ਚਰਚਾ ਕਰਦਿਆਂ ਹੋਇਆਂ ਕਿਹਾ, 'ਪੰਜਾਬ ਦੀ ਨਵੀਂ ਨਸਲ ਤਕ ਤੀਕ ਠੀਕ ਅਰਥਾਂ ਵਿੱਚ ਉੱਨਤੀ ਨਹੀਂ ਕਰ ਸਕਦੀ ਹੈ, ਜਦ ਤੀਕ ਉਹ ਪੰਜਾਬੀ ਨੂੰ ਹੀ ਆਪਣੀ ਸਿੱਖਿਆ ਦਾ ਵਸੀਲਾ ਨਹੀਂ ਬਣਾਉਂਦੀ।

ਇਸ ਸਭਾ ਨੇ ਪੰਜਾਬ ਦੇ ਵਿਦਿਅਕ ਅਤੇ ਸਭਿਆਚਾਰਕ ਕੇਂਦਰਾਂ ਵਾਲੇ ਲਗਭਗ ਸਭਨਾਂ ਹੀ ਵੱਡੇ-ਵੱਡੇ ਸ਼ਹਿਰਾਂ ਵਿਚ ਕ੍ਰਮਵਾਰ ਹਰ ਸਾਲ ਪੰਜਾਬੀ ਕਵੀ ਦਰਬਾਰ ਅਤੇ ਪੰਜਾਬੀ ਕਾਨਫ੍ਰੰਸਾਂ ਦਾ ਆਯੋਜਣ ਕਰਵਾਂ ਕੇ ਰਾਜਸੀ, ਧਾਰਮਿਕ ਰੰਗਣ ਵਾਲੀ, ਦੇਸ਼ ਪਿਆਰ ਦੀ ਤੇ ਰਾਸ਼ਟਰੀ ਭਾਵਨਾ ਵਾਲੀ ਕ੍ਰਾਂਤੀਕਾਰੀ ਤੇ ਸਰੋਦੀ, ਸਟੇਜੀ ਤੇ ਸਮ ਸਟੇਜੀ ਨਵੀਂ ਕਿਸਮ ਦੀ ਕਵਿਤਾ ਦੀ ਵਿਸ਼ੇ ਤੇ ਰੂਪ ਦੇ ਪੱਖ ਤੋਂ ਪਹਿਲੀ ਵਾਰ ਲਿਖਣ ਤੇ ਬੋਲਣ ਦੀ ਪਿਰਤ ਪਾਈ। ਇਨ੍ਹਾਂ ਨੂੰ ਆਧੁਨਿਕ ਪੰਜਾਬੀ ਪ੍ਰੈਸ, ਪ੍ਰਕਾਸ਼ਨ ਤੇ ਛਪਾਈ ਦੇ ਪਿਤਾਮਾ ਹੋਣ ਦਾ ਮਾਣ ਵੀ ਹਾਸਲ ਹੈ।

ਧਨੀ ਰਾਮ ਚਾਤ੍ਰਿਕ ਨੇ ਆਪਣੀ ਲਾਸਾਨੀ ਸਾਹਿਤਕ ਤੇ ਸਿਰਜਨਾਤਮਿਕ-ਪ੍ਰਤਿਭਾ ਦੁਆਰਾ ਨਿਮਨ ਲਿਖਿਤ ਮਿਆਰੀ ਰਚਨਾਤਮਿਕ ਰਚਨਾਵਾਂ, ਪੰਜਾਬੀ ਪਾਠਕਾਂ ਨੂੰ ਸਾਹਿਤਕ ਢੋਏ ਦੇ ਤੌਰ ਤੇ ਨਜ਼ਰ ਕੀਤੀ ਹੋਈ ਹੈ :-

ਰਵਾਇਤੀ ਕਵਿਤਾ :-(1) ਫੁਲਾਂ ਦੀ ਟੋਕਰੀ 1904 (ਚੋਣਵੀਆਂ ਕਵਿਤਾਵਾਂ ਤੇ ਲੇਖ ਸੰਗ੍ਰਹਿ) (2) ਭਰਥਰੀ ਹਰੀ 1905 (3) ਨਲ ਦਮਯੰਤੀ 1906 (4) ਧਰਮਵੀਰ 1912 (ਸ਼ਹੀਦੀ ਸਾਕੇ)।

ਆਧੁਨਿਕ ਕਵਿਤਾ :-(1) ਚੰਦਨਵਾੜੀ 1931 (2) ਕੇਸਰ ਕਿਆਰੀ 1940 (3) ਨਵਾਂ ਜਹਾਨ 1942 (4) ਸੂਫੀ ਖਾਨਾ 1950 (5) ਨੂਰ ਜਹਾਂ ਬਾਦਸ਼ਾਹ ਬੇਗਮ 1953 (ਪਹਿਲਾਂ ਉਰਦੂ ਅੱਖਰਾ ਵਿਚ ਤੇ ਬਾਅਦ ਵਿਚ ਗੁਰਮੁੱਖੀ ਵਿੱਚ)

ਅਨੁਵਾਦ :-ਉਥੈਲੋ 1904।



ਨਾਵਲ :-ਰਮਈਆ ਸੇਠ 1907।

ਵਾਰਤਕ :-(1) ਦੋ ਉੱਤਮ ਜੀਵਨ 1903 (2) ਇਸਤਰੀ ਦੁਰਦਸ਼ਾ 1905, (3) ਚੁੱਪ ਦੀ ਦਾਦ 1906 (4) ਭਾਈ ਪ੍ਰਬੁਧ ਸਿੰਘ ਦਾ ਜੀਵਨ ਸੁਧਾਰ 1907।

ਮਿਸ਼ਰਤ :-ਈਸਪ ਨੀਤੀ 1912 (ਇਸਦੇ ਦੋ ਭਾਗ ਹਨ ਪਹਿਲਾ ਕਹਾਣੀਆਂ ਦਾ ਤੇ ਦੂਜਾ ਕਵਿਤਾ ਦਾ)।

ਧਨੀ ਰਾਮ ਚਾਤ੍ਰਿਕ ਜੀ 1931 ਵਿੱਚ 'ਚੰਦਨਵਾੜੀ' ਕਾਵਿ ਸੰਗ੍ਰਹਿ ਦੀ ਸਿਰਜਣਾ ਅਤੇ ਸੁੰਦਰ ਪ੍ਰਕਾਸ਼ਨ ਲਈ ਪੰਜਾਬੀ ਟੈਕਸਟ ਬੁੱਕ ਕਮੇਟੀ ਵਲੋਂ 1000 ਰੁਪਏ ਦੇ ਇਨਾਮ ਨਾਲ ਨਿਵਾਜੇ ਗਏ। ਫਿਰ ਪੈਪਸੂ ਦੇ ਪੰਜਾਬੀ ਮਹਿਕਮਾ ਵਲੋਂ ਸਾਲ 1949-50 ਦੇ ਸਰੋਮਣੀ ਸਾਹਿਤਕਾਰ ਕਰਾਰ ਦੇ ਕੇ ਸਿਰੋਪੇ ਤੇ ਪ੍ਰਮਾਣ ਪੱਤਰ ਸਾਹਿਤ 1100 ਰੁਪਏ ਦੀ ਥੈਲੀ ਨਾਲ ਸਨਮਾਨਿਤ ਕੀਤੇ ਗਏ। ਇਸੇ ਸਾਲ ਅੰਮ੍ਰਿਤਸਰ ਦੇ ਮੁਅਜ਼ਜ ਸ਼ਹਿਰੀਆਂ, ਵਿਖਿਆਤ ਕਲਾਕਾਰਾਂ, ਅਦੀਬਾਂ, ਆਲਮਾਂ-ਫਾਜਲਾਂ ਤੇ ਅਨੇਕਾਂ ਹੋਰ ਪ੍ਰਸ਼ੰਸਕਾਂ ਵਲੋਂ ਚਾਤ੍ਰਿਕ ਜੀ ਦਾ ਟਾਉਨ ਹਾਲ ਵਿਖੇ ਅਭਿਨੰਦਨ ਗਰੰਥ ਦੀ ਭੇਟਾ ਦੁਆਰਾ ਨਿਘਾ ਅਭਿਨੰਦਨ ਕੀਤਾ ਗਿਆ।

ਅੰਮ੍ਰਿਤਾ ਪ੍ਰੀਤਮ

(31 ਅਗਸਤ 1919-2005)

ਅੰਮ੍ਰਿਤਾ ਪ੍ਰੀਤਮ ਸਮੁੱਚੇ ਪੰਜਾਬੀ ਸਾਹਿਤ ਜਗਤ ਦੀ ਅਤੇ ਇਸਤਰੀ ਜਾਤੀ ਦੀ ਪ੍ਰਤੀਨਿਧਤਾ ਕਰਨ ਵਾਲੀ ਪਹਿਲੀ ਇਸਤਰੀ ਸਾਹਿਤਕਾਰ ਹੈ। ਉਹ ਔਰਤ ਦੀ ਸਖ਼ਸੀ-ਆਜ਼ਾਦੀ ਲਈ ਸੰਗਰਾਮ ਕਰਨ ਵਾਲੀ ਅਤੇ ਆਪਣੇ ਨਿਜੀ ਪਿਆਰ ਦੀਆਂ ਸੰਗਾਊ ਸੰਭਾਵਨਾਵਾਂ ਨੂੰ ਨਿਸੰਗ ਹੋ ਕੇ ਸਮਾਜਿਕ ਪਿਆਰ ਵਿਚ ਬਦਲ ਕੇ ਉਸਨੂੰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਵਾਪਰਦੇ ਸੰਕਟ ਤੇ ਸੰਤਾਪ ਦਾ ਮਾਧਿਅਮ ਬਣਾਉਣ ਵਾਲੀ ਵਿਸ਼ਵ ਵਿਆਪੀ ਗੀਤਕਾਰ ਅਤੇ ਸਿੱਧ ਹਸਤ ਕਲਾਕਾਰ ਹੈ। ਆਪਣੀਆਂ ਕਾਵਿ ਰਚਨਾਵਾਂ ਨੂੰ ਸੁਰੀਲੀ, ਦਰਦੀਲੀ ਤਰਨੰਮ ਤੇ ਸੋਜ਼ ਭਰਪੂਰ ਆਵਾਜ਼ ਵਿਚ ਖੁਦ ਪੜ ਕੇ ਗਾ ਸਕਣ ਕਾਰਣ ਪੰਜਾਬ ਦੀ ਮੀਰਾਂ ਭਾਈ, ਗੀਤਾਂ ਦੀ ਬਾਦਸ਼ਾਹਣੀ, ਬੁਲਬੁਲ ਪੰਜਾਬ ਅਤੇ ਪੰਜਾਬ ਦੀ ਆਵਾਜ਼ ਵਰਗੇ ਹਰਮਨ ਪਿਆਰੇ ਤੇ ਸਰਵ ਸ੍ਰੇਸ਼ਟ ਪ੍ਰਸਿੱਧੀ ਵਾਲੇ ਲੋਕ ਲਕਬਾਂ ਦਾ ਮਾਣ ਹਾਸਲ ਕਰ ਚੁਕੀ ਹੈ।

ਅੰਮ੍ਰਿਤਾ ਪ੍ਰੀਤਮ ਦਾ ਜਨਮ 31 ਅਗਸਤ 1919 ਨੂੰ ਕਰਤਾਰ ਸਿੰਘ ਹਿੱਤਕਾਰੀ ਦੇ ਘਰ ਰਾਜ ਕੌਰ ਦੇ ਉੱਦਰ, 'ਚੋਂ ਪਾਕਸਤਾਨੀ ਪੰਜਾਬ ਦੇ ਗੁਜਰਾਂਵਾਲੇ ਸ਼ਹਿਰ ਵਿਚ ਹੋਇਆ। ਇਹ ਅਜੇ ਗਿਆਰਾ ਸਾਲਾਂ ਦੀ ਹੀ ਸੀ ਕਿ ਇਸ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ ਇਨ੍ਹਾਂ ਦੇ ਪਿਤਾ ਇਸ ਮਾਂ-ਮੇਹਟਰ ਕੁੜੀ ਨੂੰ ਲੈ ਕੇ ਲਾਹੌਰ ਆ ਗਏ। ਜਿੱਥੇ 1932 ਵਿੱਚ ਮਿਡਲ ਪਾਸ ਕਰਨ ਉਪਰੰਤ ਉਸੇ ਹੀ ਸਾਲ ਮਈ 1932 ਵਿਚ ਵਿਦਮਾਣੀ ਤੇ 1933 ਵਿੱਚ ਗਿਆਨੀ ਕਰਨ ਤੋਂ ਬਾਅਦ ਦਸਵੀਂ ਪਾਸ ਕਰਕੇ ਇਸ ਐੱਫ. ਏ. ਵਿਚ ਦਾਖਲਾ ਲੈ ਲਿਆ ਪਰੰਤੂ ਲੰਮੀ ਬੀਮਾਰੀ ਕਾਰਣ ਪ੍ਰੀਖਿਆ ਨਾ ਦੇ ਸਕੀ।

ਸਮਕਾਲੀ ਪ੍ਰੰਪਰਾ ਅਨੁਸਾਰ ਅੰਮ੍ਰਿਤਾ ਜਿਹੜੀ ਕੇਵਲ ਚਾਰ ਸਾਲ ਦੀ ਆਯੂ ਵਿੱਚ ਹੀ ਲਾਹੌਰ ਰਹਿੰਦੀ ਹੋਈ ਆਪਣੀ ਇਕ ਅਮੀਰ ਭੂਆ ਦੇ ਪੁੱਤਰ ਪ੍ਰੀਤਮ ਸਿੰਘ ਕਵਾਤੜਾ ਨਾਲ ਮੰਗੀ ਜਾ ਚੁਕੀ ਸੀ, ਦਸੰਬਰ 1939 ਵਿਚ ਉਸ ਨਾਲ ਪ੍ਰਨਾਈ ਗਈ। ਮਰਦ ਪ੍ਰਧਾਨ ਸਮਾਜ ਦੀ ਇਜਾਰੇਦਾਰੀ ਦੇ ਬਾਵਜੂਦ ਕਵਿਤਾ ਲਿਖਣ ਅਤੇ ਕਵੀ

ਦਰਬਾਰਾਂ ਵਿਚ ਮਨਮਰਜੀ ਨਾਲ ਵਿਚਰਨ ਦੀ ਆਗਿਆ ਦੇਣ ਦੀ ਦਲੇਰੀ, ਇਵਜ, ਸਹਿਯੋਗ ਅਤੇ ਧੰਨਵਾਦ ਵਜੋਂ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਸਾਊ ਪਤੀ ਦੇ ਨਾਂ ਨੂੰ ਸਦੀਵੀਂ ਤੇ ਸਥਾਈ ਤੌਰ 'ਤੇ ਆਪਣੇ ਨਾਂ ਨਾਲ ਜੋੜ ਕੇ ਪ੍ਰੰਪਰਾ ਵਾਦੀ ਅਤੇ ਨਿਜੀ ਰੰਗ ਵਿਚ ਰੰਗ ਕੇ ਲਿਖੀ ਹੋਈ ਕਵਿਤਾ ਦਾ ਅਜਿਹਾ ਕਾਵਿ ਹੜ੍ਹ ਲਿਆਂਦਾ ਕਿ ਉਹ ਹਮੇਸ਼ਾ ਲਈ ਅੰਮ੍ਰਿਤ ਕੌਰ ਤੋਂ ਅੰਮ੍ਰਿਤਾ ਪ੍ਰੀਤਮ ਬਣ ਗਈ।

ਸੁਖਦ ਸੁਰੀਲੀ ਆਵਾਜ਼ ਅਤੇ ਰੰਗ ਰੂਪ ਸਮੇਤ ਅਨੁਪਮ ਢਾਲ ਡਾਲ ਸਦਕਾ, ਲਾਹੌਰ ਰੇਡੀਓ ਸਟੇਸ਼ਨ ਵਾਸਤੇ 1938 ਤੋਂ ਪੰਜਾਬੀ ਗੀਤ ਅਤੇ ਰੂਪਕ ਲਿਖਣ ਦੀ ਅਜਿਹੀ ਜਿੰਮੇਵਾਰੀ ਸੰਭਾਲੀ ਜਿਹੜੀ 1947 ਦੇ ਪੰਜਾਬ ਬਟਵਾਰੇ ਤੋਂ ਬਾਅਦ, ਪਹਿਲਾਂ ਕੁਝ ਸਮੇਂ ਲਈ ਡੇਹਰਾਦੂਨ ਤੇ ਫਿਰ ਜੁਲਾਈ 1948 ਤੋਂ ਦਿੱਲੀ ਵਰਗੇ ਆਲ ਇੰਡੀਆ ਰੇਡੀਓ ਸਟੇਸ਼ਨ ਤੋਂ ਪੰਜਾਬੀ ਪ੍ਰੋਗਰਾਮਾਂ ਦੇ ਅਨਾਊਸਰ, ਸਕ੍ਰੀਪਟ ਰਾਈਟਰ ਅਤੇ ਪ੍ਰੋਡਿਊਸਰ ਵਰਗੀ ਅਹਿਮ ਅਤੇ ਮਹੱਤਵਪੂਰਨ ਜਿੰਮੇਵਾਰੀ ਵਿਚ ਪਰਵਰਤਿਤ ਅਤੇ ਵਿਕਸਤ ਹੋ ਗਈ। ਦਿੱਲੀ ਵਿਚ ਕਾਫੀ ਸਮਾਂ ਘਰ-ਗ੍ਰਹਿਸਤੀ ਚਲਾਉਣ, ਨਵਰਾਜ ਅਤੇ ਕਦੰਲਾ ਨਾਂ ਦੇ ਬੇਟੀ ਬੇਟਾ ਨੂੰ ਸੁਭਾਗਾ ਜਨਮ ਦੇ ਕੇ ਪਾਲਣ ਪੋਸ਼ਣ ਤੇ ਜ਼ਿੰਦਗੀ ਵਿਚ ਨੇਪੜੇ ਚੜਾਉਣ ਦੇ ਨਾਲ-ਨਾਲ 1966 ਤੋਂ ਇਮਰਜ ਨਾਂ ਦੇ ਇਕ ਵਿਖਿਆਤ ਚਿੱਤਰਕਾਰ ਨਾਲ ਰੱਲ ਕੇ ਸ਼ੁਰੂ ਕੀਤੇ ਹੋਏ ਮਾਸਿਕ-ਪੱਤਰ 'ਨਾਗਮਣੀ' ਦਾ ਸੰਪਾਦਨ ਕਰਨ ਤੋਂ ਇਲਾਵਾ ਅੰਮ੍ਰਿਤਾ ਪ੍ਰੀਤਮ ਅੱਜ ਕਲ੍ਹ 'ਨਾਗਮਣੀ' ਪ੍ਰਕਾਸ਼ਨ ਦਾ ਕਾਰਜ ਵੀ ਕਰ ਰਹੀ ਹੈ।

ਬਚਪਨ ਦੇ ਪਿਤਰੀ ਸਿਰਜਨਾਤਮਕ ਵਾਤਾਵਰਣ ਤੋਂ ਪ੍ਰੇਰਿਤ ਹੋ ਕੇ ਇਨ੍ਹਾਂ ਦੀ ਕੀਤੀ ਹੋਈ ਪਹਿਲੀ ਕਾਵਿ ਸਾਧਨਾ ਨੂੰ ਗੁਰਮਤਿ ਟ੍ਰੈਕਟ ਸੋਸਾਇਟੀ ਲਾਹੌਰ ਨੇ 1935 ਵਿੱਚ 'ਠੰਡੀਆਂ ਕਿਰਣਾਂ' ਸਿਰਲੇਖ ਅਧੀਨ ਪ੍ਰਕਾਸ਼ਿਤ ਕੀਤਾ। ਬਾਪ ਦੀ ਕਾਵਿਕ ਪ੍ਰਤਿਭਾ ਤੋਂ ਮਿਲੀ ਕਾਵਿ ਪ੍ਰੇਰਣਾ ਤੋਂ ਇਲਾਵਾ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਜਜ਼ਬਾਤੀ ਵਾਰਤਕ, ਮੁਸ਼ਾਇਰਿਆਂ ਅਤੇ ਕਵੀ ਦਰਬਾਰਾਂ ਵਿਚ ਸਾਹਿਰ ਲੁਧਆਨਵੀ, ਸਜਾਦ ਜਹਿਰ ਅਤੇ ਪ੍ਰੋ. ਮੋਹਨ ਸਿੰਘ ਵਰਗੇ ਰੁਮਾਂਚਕ ਕਵੀਆਂ ਦੀਆਂ ਸੁਣੀਆਂ ਅਤੇ ਮਾਣੀਆਂ ਹੋਈਆਂ ਸ਼ਿੰਗਾਰ ਰਸੀ ਕਵਿਤਾਵਾਂ ਤੋਂ ਵੀ-ਅੰਮ੍ਰਿਤਾ ਪ੍ਰੀਤਮ ਕਾਫੀ ਪ੍ਰੇਰਿਤ ਅਤੇ ਆਕਰਸ਼ਿਤ ਹੋਈ। 1947 ਦੀ ਦੇਸ਼ ਵੰਡ ਕਾਰਣ ਉਪਜਿਆ ਪੰਜਾਬ ਦਾ ਦੁਖਾਂਤ, 1948 ਵਿੱਚ ਉਪਜੀ ਵਿਸ਼ਵ ਅਮਨ ਲਹਿਰ ਨੇ ਵੀ ਇਨ੍ਹਾਂ ਦੀ ਕਾਵਿ ਸਿਰਜਣਾ ਨੂੰ ਸਮੇਂ-ਸਮੇਂ ਸਿਰ ਬਹੁਤ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਨੇ ਨਿਜੀ ਪਿਆਰ ਤੇ ਲੋੜਾਂ ਥੋੜਾਂ ਨੂੰ ਆਪਣਾ ਕਾਵਿ ਵਿਸ਼ਾ ਬਣਾ ਕੇ ਕ੍ਰਮਵਾਰ ਸਮਾਜਿਕ ਕੌਮੀ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਭਖਵੇਂ ਮਸਲਿਆਂ ਅਤੇ ਉਲਝੀਆਂ ਹੋਈਆਂ ਸਮੱਸਿਆਵਾਂ ਨੂੰ ਆਪਣੇ ਕਾਵਿ ਕਲੇਵਰ ਦਾ ਆਹਾਰ ਬਣਾ ਕੇ ਅੱਜ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ।

ਨਿੱਜੀ ਪਿਆਰ-ਪੀੜਾ ਦਾ ਭਾਵੁਕ ਅਤੇ ਨਿਸੰਗ ਪ੍ਰਗਟਾਅ, ਧਾਰਮਿਕ ਅਤੇ ਇਸਤਰੀ ਸਿਖਿਆ ਅਤੇ ਕੁਦਰਤ ਦੇ ਪ੍ਰਤੀਕਾ ਰਾਹੀਂ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਦਰਸ਼ਨ, 'ਪਿਆਰ ਕਬਜਾ ਨਹੀਂ ਪਹਿਚਾਨ ਹੈ' ਦਾ ਅਫਲਾਤੂਨੀ-ਫਲਸਫਾ, ਮਜ਼ਦੂਰ ਸ਼੍ਰੇਣੀ ਦੀਆਂ ਸਮੱਸਿਆਵਾਂ, ਜੰਗ ਦੀ ਭੀਸ਼ਮਤਾ ਤੇ ਅਮਨ ਦੀ ਲੋੜ, ਹੁਸਨ ਈਸ਼ਕ ਦੀਆਂ ਗੱਲਾਂ ਨੂੰ ਵੇਹਲੇ ਵੇਲੇ ਦੀਆਂ ਗੱਲਾ, ਉਦਰ ਪੂਰਤੀ ਦੀ ਪ੍ਰਾਪਤੀ ਲਈ ਸੰਘਰਸ਼ ਸਰਮਾਏਦਾਰਾਂ ਦੀ ਆਰਥਿਕ ਕਾਣੀ ਵੰਡ, ਅਜੋਕੇ ਮਨੁੱਖ ਦੇ ਅੰਤਰਕਰਣ ਵਿਚ ਪਲ ਪਲ ਛਿੰਨ ਛਿੰਨ ਵਾਪਰਦੇ ਹੋਣੀਆਂ ਭਰਪੂਰ ਹਾਦਸੇ, ਅੰਤਰ ਰਾਸ਼ਟਰੀ ਜੀਵਨ ਨਾਲ ਸੰਬੰਧਤ ਵਿਸ਼ਵ ਮਾਨਤਾ ਪ੍ਰਾਪਤ ਨਾਇਕ ਨਾਇਕਾਵਾਂ ਤੋਂ ਇਲਾਵਾ ਹੋਰ ਅਨੇਕ ਭਾਤੀ ਵਿਸ਼ਾ ਵਸਤੂ ਇਨ੍ਹਾਂ ਦਾ ਵਿਸ਼ਾਲ ਕਾਰਜ ਖੇਤਰ ਹੈ।



ਅੰਮ੍ਰਿਤਾ ਪ੍ਰੀਤਮ ਨੇ ਮੌਲਿਕ ਕਵਿਤਾ, ਕਹਾਣੀਆਂ, ਨਾਵਲ ਨਿਬੰਧ, ਸਫਰਨਾਮੇ, ਸ੍ਵੈਜੀਵਨੀ, ਆਲੋਚਨਾ ਅਤੇ ਸਾਹਿਤ ਦੇ ਇਤਿਹਾਸ ਵਰਗੇ ਅਨੇਕਾਂ ਸਾਹਿਤ ਰੂਪਾਂ ਵਿਚ ਸਫਲਤਮ ਸਿਰਜਣਾ ਕਰਨ ਤੋਂ ਇਲਾਵਾ ਬਹੁਤ ਸਾਰੇ ਦੇਸ਼ੀ ਅਤੇ ਵਿਦੇਸ਼ੀ ਸਾਹਿਤ ਦਾ ਪੰਜਾਬੀ ਵਿਚ ਅਤੇ ਪੰਜਾਬੀ ਤੋਂ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਸੰਪਾਦਨ ਵੀ ਕੀਤਾ ਹੈ। ਪਰੰਤੂ ਲਿਖਤ ਦੀ ਸੀਮਾ ਅਧੀਨ ਕੇਵਲ ਉਸਦੇ ਪ੍ਰਧਾਨ ਕੀਤੇ ਕਾਵਿ ਵਾਦਾਂ, ਕਾਵਿ ਸਵਰਾਂ ਅਤੇ ਕਾਵਿ ਰੰਗਾਂ ਦੇ ਵਿਕਾਸ ਕ੍ਰਮ ਅਨੁਸਾਰ ਉਸ ਦੇ ਕੇਵਲ ਕਾਵਿ ਸੰਗ੍ਰਹਿਆਂ ਦੇ ਨਿਪਟ ਨਾਂ ਹੀ ਇੱਥੇ ਦਿੱਤੇ ਜਾਂਦੇ ਹਨ।

ਪਰੰਪਰਾਵਾਦੀ :-(1) ਠੰਡੀਆ ਕਿਰਣਾਂ 1935 (2) ਅੰਮ੍ਰਿਤ ਲਹਿਰਾਂ 1936 (3) ਜੀਉਂਦਾ ਜੀਵਨ 1939 (4) ਤ੍ਰੇਲ ਧੋਤੇ ਫੁੱਲ 1941 (5) ਗੀਤਾਂ ਵਾਲਿਓ 1942 (6) ਬੱਦਲਾਂ ਦੇ ਪੱਲੇ ਵਿੱਚ 1943 (7) ਸੰਝ ਦੀ ਲਾਲੀ 1943 (8) ਨਿੱਕੀ ਸੁਗਾਤ 1944 (9) ਲੋਕ ਪੀੜਾ 1944 (10) ਪੱਥਰ ਗੀਟੇ 1946 (11) ਲੰਮੀਆਂ ਵਾਟਾਂ 1949 (12) ਮੈਂ ਤਵਾਰੀਖ ਹਾਂ ਹਿੰਦ ਦੀ 1950 (13) ਸੁਰਘੀ ਵੇਲਾ 1952 (14) ਮੇਰੀ ਚੋਣਵੀਂ ਕਵਿਤਾ 1955 (15) ਸੁਨੇਹੜੇ 1955 (16) ਅਸ਼ੋਕਾ ਚੇਤੀ 1957 (17) ਕਸਤੂਰੀ 1959 (18) ਨਾਗਮਣੀ 1964 (19) ਨਵੀਂ ਸਵੇਰ 1968 (20) ਛੇ ਰੁੱਤਾਂ 1969 ਚੌਣਵਾਂ ਕਾਵਿ ਸੰਗ੍ਰਹਿ (21) ਕਾਗਜ ਤੇ ਕੈਨਵਸ 1970 (2) ਕਾਗਜ਼ ਤੇ ਕੈਨਵਸ ਤੋਂ ਪਹਿਲਾਂ (23) ਮੈਂ ਜਮ੍ਹਾਂ ਤੂੰ 1977 (ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ)।

ਅੰਮ੍ਰਿਤਾ ਪ੍ਰੀਤਮ ਨੂੰ ਹੁਣ ਤਕ ਭਾਰਤੀ ਸਾਹਿਤ ਅਕਾਡਮੀ ਵਲੋਂ (ਸੁਨੇਹੜੇ) ਕਾਵਿ ਸੰਗ੍ਰਹਿ ਲਈ ਪੰਜ ਹਜਾਰੀ ਪੁਰਸਕਾਰ ਨਾਲ 1956 ਵਿਚ ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਸਾਹਿਤਕਾਰ ਦੇ ਆਭੂਸ਼ਣ ਨਾਲ 1958 ਵਿਚ, ਭਾਰਤ ਸਰਕਾਰ ਵਲੋਂ ਪਦਮ ਸ੍ਰੀ ਦੀ ਉਪਾਧੀ ਨਾਲ 1969 ਵਿੱਚ ਦਿੱਲੀ ਯੂਨੀਵਰਸਿਟੀ ਵਲੋਂ ਡੀ. ਲਿਟ ਦੀ ਡਿਗਰੀ ਨਾਲ 15 ਮਈ 1973 ਵਿੱਚ, ਬੁਲਗਾਰੀਆ ਦੇ ਅੰਤਰਰਾਸ਼ਟਰੀ ਪੁਰਸਕਾਰ 'ਨਿਕੋਲਾ' 'ਪਵਤ ਮਾਰੋਣ' ਨਾਲ 1980 ਵਿੱਚ ਗਿਆਨ ਪੀਠ ਦੇ ਇਕ ਸੌ ਪੰਜਾਹ ਹਜ਼ਾਰੀ ਇਨਾਮ ਨਾਲ 1981 ਵਿੱਚ ਅਤੇ ਰਾਜ ਸਭਾ ਦੇ ਮੈਂਬਰ ਦੇ ਤੌਰ ਤੇ ਕੀਤੀ ਗਈ ਨਾਮਜਦਗੀ ਨਾਲ 1986 ਵਿੱਚ ਕ੍ਰਮਵਾਰ ਪੁਰਸਕਾਰਿਤ ਅਤੇ ਅਲੰਕਾਰਿਤ ਕੀਤਾ ਜਾ ਚੁੱਕਾ ਹੈ।

## 1. ਇਕਾਂਗੀ ਯਾਤਰਾ ਨੂੰ ਵਿਸ਼ੇਗਤ ਅਧਿਐਨ ਦੇ ਤੌਰ ਤੇ ਪਰਖੋ-

**ਮਾਂ ਦਾ ਡਿਪਟੀ -** "ਮਾਂ ਦਾ ਡਿਪਟੀ" ਇਕਾਂਗੀ ਆਈ. ਸੀ. ਨੰਦਾ ਦੁਆਰਾ ਲਿਖਿਆ ਗਿਆ ਹੈ। ਇਸ ਦਾ ਵਿਸ਼ਾ ਬੇਰੁਜ਼ਗਾਰੀ ਦੀ ਸਮਸਿਆ ਨਾਲ ਸੰਬੰਧਿਤ ਹੈ। ਇਕਾਂਗੀ ਵਿੱਚ ਵਸਾਵਾ ਸਿੰਘ ਇੱਕ ਸਾਧਾਰਨ ਕਿਸਾਨ ਹੈ। ਜੋ ਆਪਣੇ ਪੁੱਤਰ ਨਾਰਾਇਣ ਸਿੰਘ ਨੂੰ ਆਪਣੀ ਹੈਸਿਅਤ ਤੋਂ ਵੱਧ ਖਰਚ ਕੇ ਸ਼ਹਿਰ ਪੜ੍ਹਨ ਭੇਜਦਾ ਹੈ ਤਾਂ ਜੋ, ਉਹ ਪੜ੍ਹ ਕੇ ਚੰਗੀ ਥਾਂ ਨੌਕਰੀ ਲਗ ਜਾਵੇ। ਨਰਾਇਣ ਦੀ ਮਾਂ ਆਪਣੇ ਪੁੱਤਰ ਨੂੰ ਡਿਪਟੀ ਬਣਿਆ ਵੇਖਣਾ ਲੋਚਦੀ ਹੈ। ਇਸ ਸਭ ਲਈ ਵਸਾਵਾ ਸਿੰਘ ਪਿੰਡ ਦੇ ਸ਼ਾਹੂਕਾਰ ਤੋਂ ਕਰਜ਼ਾ ਲੈਂਦਾ ਹੈ। ਸਮਾਂ ਬੀਤਣ ਉਪਰੰਤ ਸ਼ਾਹੂਕਾਰ ਬਾਰ ਬਾਰ ਆਕੇ ਆਪਣਾ ਦਿੱਤਾ ਪੈਸਾ ਵਾਪਸ ਮੰਗਦਾ ਹੈ। ਪਰ ਵਸਾਵਾ ਸਿੰਘ ਪੈਸਾ ਵਾਪਸ ਕਰਨ ਤੋਂ ਅਸਮਰਥ ਹੈ। ਬੀ. ਏ. ਪਾਸ ਕਰਨ ਤੋਂ ਬਾਅਦ ਵੀ ਨਾਰਾਇਣ ਸਿੰਘ ਨੂੰ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਵਸਾਵਾ ਸਿੰਘ ਅਤੇ ਉਸਦੀ ਪਤਨੀ ਦੀਆਂ ਆਸਾਂ ਉੱਪਰ ਪਾਣੀ ਫਿਰ ਜਾਂਦਾ ਹੈ। ਨਾਰਾਇਣ ਸਿੰਘ ਆਖਦਾ ਹੈ ਕਿ ਜੇਕਰ ਉਸਨੂੰ ਦੋ ਸਾਲ ਲਈ ਹੋਰ ਪੜ੍ਹਨ ਲਈ ਭੇਜ ਦਿੱਤਾ ਜਾਵੇ ਤਾਂ ਕਿਤੇ ਜਾ ਕੇ ਉਸ ਨੂੰ ਚੰਗੀ ਨੌਕਰੀ ਮਿਲੇਗੀ। ਪਰ ਵਸਾਵਾ ਸਿੰਘ ਆਖਦਾ ਹੈ ਕਿ ਉਹ ਉਸਨੂੰ ਹੋਰ ਪੜ੍ਹਾਉਣ ਤੋਂ ਅਸਮਰਥ ਹੈ। ਕਿਉਂਕਿ ਉਹ ਤਾਂ ਪਹਿਲਾਂ ਹੀ ਕਰਜੇ ਵਿੱਚ ਡੁਬਿਆ ਹੋਇਆ ਹੈ ਅਤੇ ਕੁੜੀ ਦਾ ਵਿਆਹ ਵੀ ਸਿਰ ਉੱਤੇ ਹੈ।

ਬੇਬੇ ਦੇ ਪੁੱਛਣ ਉੱਤੇ ਨਾਰਾਇਣ ਸਿੰਘ ਆਖਦਾ ਹੈ ਕਿ ਉਸਨੂੰ ਇਸ ਸਮੇਂ 40 ਰੁਪਏ ਮਹੀਨੇ ਦੀ ਹੀ ਨੌਕਰੀ ਮਿਲ ਸਕਦੀ ਹੈ। ਇਹ ਸੁਣ ਕੇ ਬੇਬੇ ਦਾ ਦਿੱਲ ਟੁੱਟ ਜਾਂਦਾ ਹੈ ਕਿਉਂਕਿ ਕਿ ਕਿਥੇ ਉਸਨੇ ਪੰਜ-ਸੱਤ ਸੌ ਰੁਪਏ ਮਹੀਨੇ ਦੀ ਨੌਕਰੀ ਦੇ ਸੁਪਨੇ ਵੇਖੇ ਸਨ ਪਰ ਨੌਕਰੀ ਕੇਵਲ 40 ਰੁਪਏ ਮਹੀਨੇ ਵਾਲੀ ਹੀ ਮਿਲ ਰਹੀ ਹੈ।

**"ਦੂਜਾ ਵਿਆਹ"** ਇਕਾਂਗੀ ਦਾ ਵਿਸ਼ਾ ਪੁਰਾਣੀ ਅਨਪੜ੍ਹ ਪੀੜ੍ਹੀ ਅਤੇ ਨਵੀਂ ਪੜ੍ਹੀ ਲਿਖੀ ਪੀੜ੍ਹੀ ਵਿਚਕਾਰਲੀ ਟੱਕਰ ਹੈ, ਜਿਸ ਨੂੰ ਨੂੰਹ ਅਤੇ ਸੱਸ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਪੁਰਾਣੇ ਵਿਚਾਰਾਂ ਦੀ ਦਲਦਲ ਵਿੱਚ ਫਸੀ ਸੱਸ, ਨੂੰਹ ਦੇ ਹਰੇਕ ਕੰਮ ਵਿਚੋਂ ਨੁਕਸ ਕੱਢਦੀ ਹੈ। ਉਹ ਨੂੰਹ ਨੂੰ ਕਾਬੂ ਕਰਨ ਲਈ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਵਾਉਣ ਦੀਆਂ ਧਮਕੀਆਂ ਦਿੰਦੀ ਹੈ।

ਉਹ ਆਪਣੀ ਨੂੰਹ ਦੇ ਪੇਕੇ ਘਰ ਵਾਲਿਆਂ ਨੂੰ ਵੀ ਕੋਸਦੀ ਹੈ ਅਤੇ ਉਸ ਦੀਆਂ ਸਹੇਲੀਆਂ ਨੂੰ ਵੀ ਬੁਰਾ ਭਲਾ ਆਖਦੀ ਹੈ। ਇਸਤਰੀ ਸਭਾ ਦਾ ਵੀ ਵਿਰੋਧ ਕਰਦੀ ਹੈ। ਅਸਲ ਵਿੱਚ ਨਿਹਾਲ ਕੌਰ ਦੇ ਪਤੀ ਗੁਰਦਿੱਤ ਸਿੰਘ ਨੇ ਜੁਆਨੀ ਵੇਲੇ ਉਸਨੂੰ ਤੰਗ ਕੀਤਾ ਹੁੰਦਾ ਹੈ। ਨਿਹਾਲ ਕੌਰ ਦੇ ਪਤੀ ਨੇ ਦੂਜਾ ਵਿਆਹ ਕਰਵਾ ਕੇ ਜੋ ਦੁੱਖ ਉਸ ਨੂੰ ਦਿੱਤਾ ਹੁੰਦਾ ਹੈ, ਉਹ ਉਸ ਸਭ ਦਾ ਬਦਲਾ ਆਪਣੀ ਨੂੰਹ ਨੂੰ ਤੰਗ ਕਰ ਕੇ ਲੈਣਾ ਚਾਹੁੰਦੀ ਹੈ। ਕੁਝ ਸਮੇਂ ਬਾਅਦ ਨਿਹਾਲ ਕੌਰ ਦੀ ਧੀ ਦੀ ਚਿੱਠੀ ਆਉਂਦੀ ਹੈ। ਜਿਸ ਵਿੱਚ ਲਿਖਿਆ ਹੁੰਦਾ ਹੈ ਕਿ ਉਸ ਦਾ ਪਤੀ



ਦੂਜਾ ਵਿਆਹ ਕਰਵਾ ਰਿਹਾ ਹੈ। ਇਹ ਸਭ ਸੁਣ ਕੇ ਨਿਹਾਲ ਕੌਰ ਰੋਣ ਲਗ ਜਾਂਦੀ ਹੈ। ਉਸਦੀ ਨੂੰਹ ਉਸਨੂੰ ਦਿਲਾਸਾ ਦਿੰਦੀ ਹੈ ਕਿ ਉਹ ਇਸਤਰੀ ਸਭਾ ਦਾ ਧਰਨਾ ਸੁਖਦੇਵ ਕੌਰ ਦੇ ਸੁਹਰੇ ਘਰ ਦੇ ਸਾਹਮਣੇ ਲਗਵਾਏਗੀ। ਇਸ ਗਲੋਂ ਨਿਹਾਲ ਕੌਰ ਆਪਣੀ ਨੂੰਹ ਤੋਂ ਖ਼ੁਸ਼ ਹੋ ਜਾਂਦੀ ਹੈ ਅਤੇ ਉਸ ਤੋਂ ਮੁਆਫੀ ਵੀ ਮੰਗਦੀ ਹੈ। ਇਸ ਪ੍ਰਕਾਰ ਇਸ ਇਕਾਂਗੀ ਵਿੱਚ ਦੂਜੇ ਵਿਆਹ ਦੀ ਸਮਸਿਆ ਨੂੰ ਪੇਸ਼ ਕੀਤਾ ਗਿਆ ਹੈ ਜੋ ਕਿ ਦੋ ਪੀੜ੍ਹੀਆਂ ਦੇ ਵਿਚਾਰਾਂ ਵਿਚਲੀ ਟੱਕਰ ਦਾ ਨਤੀਜਾ ਹੈ।

**"ਮਨ ਦੀਆਂ ਮਨ ਵਿੱਚ"** ਇਕਾਂਗੀ ਹਰਚਰਨ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਦਾ ਵਿਸ਼ਾ ਸਮਾਜਕ ਅਤੇ ਯਥਾਰਥਕ ਹੈ ਜੋ ਔਰਤਾਂ ਦੀਆਂ ਸਮਸਿਆਵਾਂ ਨਾਲ ਸੰਬੰਧਿਤ ਹੈ। ਇਸ ਵਿੱਚ ਅਣਜੋੜ ਵਿਆਹ ਦੀ ਸਮਸਿਆ ਉੱਪਰ ਰੋਸ਼ਨੀ ਪਾਈ ਗਈ ਹੈ। ਇਹ ਇਕਾਂਗੀ ਉਸ ਭਾਰਤੀ ਨਾਰੀ ਨਾਲ ਸੰਬੰਧਤ ਹੈ ਜੋ ਆਪਣੇ ਸ਼ਰਾਬੀ ਕਬਾਬੀ ਪਤੀ ਦਾ ਸੰਤਾਪ ਝੇਲਦੀ ਹੈ। ਇਕਾਂਗੀ ਦੀ ਪਾਤਰ ਅੰਬੋ ਦਾ ਪਤੀ ਆਪਣੀ ਸ਼ਰਾਬ ਦੀ ਆਦਤ ਕਾਰਨ ਉਸ ਨਾਲ ਪੂਰੀ ਵਿਆਹੁਤਾ ਜ਼ਿੰਦਗੀ ਦੌਰਾਨ ਬੁਰਾ ਵਿਵਹਾਰ ਕਰਦਾ ਹੈ ਅਤੇ 12 ਸਾਲਾਂ ਤੋਂ ਬਿਨਾਂ ਅਤੇ-ਪਤੇ ਦੇ ਘਰ ਛੋੜ ਕੇ ਚਲਾ ਗਿਆ ਹੈ। ਬਾਰਾਂ ਸਾਲਾਂ ਤੋਂ ਉਸ ਦੇ ਪਤੀ ਨੇ ਨਾ ਤਾਂ ਘਰ ਦੀ ਕੋਈ ਉੱਘ-ਸੁੱਘ ਲਈ ਅਤੇ ਨਾ ਹੀ ਕੋਈ ਚਿੱਠੀ ਪਤਰੀ ਘਰ ਲਿਖੀ।

'ਅੰਬੋ' ਪਿੰਡ ਦੇ ਇਕ ਨੌਜੁਆਨ ਸ਼ੇਰੂ ਨੂੰ ਪਿਆਰ ਕਰਨ ਲੱਗ ਜਾਂਦੀ ਹੈ। ਪਿੰਡ ਦੀ ਪੰਚਾਇਤ ਵੀ ਅੰਬੋ ਦਾ ਸ਼ੇਰੂ ਨਾਲ ਵਿਆਹ ਕਰਵਾਉਣ ਲਈ ਤਿਆਰ ਹੋ ਜਾਂਦੀ ਹੈ। ਪਿੰਡ ਦਾ ਨੰਬਰਦਾਰ ਇਸ ਕਾਰਜ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਵਿਆਹ ਵਾਲੇ ਦਿਨ ਜਦੋਂ ਅੰਬੋ ਤਿਆਰ ਹੋ ਰਹੀ ਹੁੰਦੀ ਹੈ ਤਾਂ ਉਸਦੀ ਨਨਾਣ ਕਰਮੋ ਆਉਂਦੀ  ਹੈ ਅਤੇ ਅੰਬੋ ਨੂੰ ਦੂਜਾ ਵਿਆਹ ਕਰਨ ਤੋਂ ਵਰਜਦੀ ਹੈ। ਉਹ ਪੰਚਾਇਤ ਨੂੰ ਵੀ ਗਾਹਲਾਂ ਕੱਢਦੀ ਹੈ। ਅੰਬੋ ਨੂੰ ਬੁਲਾਉਣ ਲਈ ਨਾਈ ਤੇ ਨੰਬਰਦਾਰ ਆਉਂਦੇ ਹਨ। ਜਦੋਂ ਨੰਬਰਦਾਰ ਕਰਮੋਂ ਨੂੰ ਵਿਆਹ ਵਿੱਚ ਰੁਕਾਵਟ ਨਾ ਬਨਣ ਲਈ ਸਮਝਾ ਰਿਹਾ ਹੁੰਦਾ ਹੈ ਤਾਂ ਉਸੇ ਸਮੇਂ ਬਿਮਾਰੀ ਦਾ ਖਾਧਾ ਕਰਮ ਸਿੰਘ ਪ੍ਰਵੇਸ਼ ਕਰਦਾ ਹੈ। ਇਹ ਇਕਾਂਗੀ ਦਾ ਸਿਖਰ ਹੈ। ਅੰਬੋ ਤੇ ਸ਼ੇਰੂ ਇੱਕ ਦੂਜੇ ਨੂੰ ਬੁੱਤ ਬਣ ਕੇ ਵੇਖਦੇ ਹਨ। ਸ਼ੇਰੂ ਬਾਹਰ ਨਿਕਲ ਜਾਂਦਾ ਹੈ। ਅੰਬੋ ਬੇਹੋਸ਼ ਹੋ ਜਾਂਦੀ ਹੈ। ਉਸ ਦੀਆਂ ਸਧਰਾਂ, ਉਸਦੇ ਅਰਮਾਨ ਮਨ ਦੀਆਂ ਮਨ ਵਿੱਚ ਰਹਿ ਜਾਂਦੇ ਹਨ। ਸੋ ਇਕਾਂਗੀ ਦਾ ਵਿਸ਼ਾ ਔਰਤ ਦੀ ਸਥਿਤੀ ਦੇ ਦੁਖਾਂਤ ਨਾਲ ਸੰਬੰਧਤ ਹੈ।

**"ਅਪਮਾਨ"** ਇਕਾਂਗੀ ਸੁਰਜੀਤ ਸਿੰਘ ਸੇਠੀ ਦੁਆਰਾ ਲਿਖਿਆ ਗਿਆ ਹੈ। ਇਸਦਾ ਵਿਸ਼ਾ ਮਨੋਵਿਗਿਆਨਕ ਹੈ। ਇਸ ਦਾ ਸੰਬੰਧ ਮਧਵਰਗੀ ਸ਼੍ਰੇਣੀ ਨਾਲ ਹੈ। ਇਕਾਂਗੀ ਦਾ ਨਾਇਕ ਬਿਪਨ ਪੇਸ਼ੇ ਵਜੋਂ ਇਕ ਲੇਖਕ ਹੈ ਅਤੇ ਉਸਦਾ ਆਪਣੀ ਹਮਜਮਾਤਣ, ਖ਼ੂਬਸੂਰਤ ਲੜਕੀ ਨਾਲ ਵਿਆਹ ਹੋ ਜਾਂਦਾ ਹੈ। ਬਿਪਨ ਅਤੇ ਸੁਸ਼ਮਾ ਦੋਨੋਂ ਵੱਖਰੀ ਵੱਖਰੀ ਸ਼ਖਸੀਅਤ ਨਾਲ ਸੰਬੰਧਤ ਹਨ। ਪੇਸ਼ੇ ਵਜੋਂ ਲੇਖਕ ਹੋਣ ਦੇ ਨਾਤੇ ਬਿਪਨ, ਸੁਸ਼ਮਾ ਤੋਂ ਬੌਧਿਕ ਵਿਅਕਤਿਤਵ ਦੀ ਮੰਗ ਕਰਦਾ ਹੈ, ਉਸਨੂੰ ਖ਼ੂਬਸੂਰਤੀ ਨਿਰਾ ਛਲਾਵਾ ਜਾਪਦੀ ਹੈ। ਉਸਨੇ ਪੜ੍ਹੀ ਲਿਖੀ ਕੁੜੀ ਨਾਲ ਵਿਆਹ ਵੀ ਇਸ ਕਾਰਨ ਕਰਵਾਇਆ ਸੀ ਕਿ ਉਹ ਬੌਧਿਕ ਸਖਸ਼ੀਅਤ ਵਾਲੀ ਕੁੜੀ ਹੋਵੇਗੀ ਜਦੋਂ ਕਿ ਸੁਸ਼ਮਾ, ਬਿਪਨ ਦੀ ਆਸ ਤੋਂ ਉਲਟ ਕੇਵਲ ਖ਼ੂਬਸੂਰਤੀ ਦੇ ਅਹਿਸਾਸ ਨਾਲ ਜੀਉਣ ਵਾਲੀ ਕੁੜੀ ਹੈ। ਉਹ ਬਿਪਨ ਨੂੰ ਆਪਣੀ ਖ਼ੂਬਸੂਰਤੀ ਦੇ ਪ੍ਰਸ਼ੰਸਕ ਵਜੋਂ ਵੇਖਣਾ ਚਾਹੁੰਦੀ ਹੈ। ਉਹ ਬਿਪਨ ਤੋਂ ਵੀ ਇਹ ਆਸ ਰੱਖਦੀ ਹੈ ਕਿ ਉਹ ਉਸਦੀ ਖ਼ੂਬਸੂਰਤੀ ਨੂੰ ਪਿਆਰ ਕਰੇ ਪਰ ਬਿਪਨ ਦੀ ਇਸ ਸਭ ਵਿੱਚ ਕੋਈ ਰੁਚੀ ਨਹੀਂ। ਉਹ  ਆਪਣੀਆਂ ਰਚਨਾਵਾਂ ਵਿੱਚ ਡੁਬਿਆ ਹੋਇਆ, ਬੌਧਿਕ ਪੱਧਰ ਉੱਪਰ ਵਿਚਰਦਾ ਹੈ।

ਦੂਜੇ ਪਾਸੇ ਦੋਹਾਂ ਦੀ ਸੋਚ ਦੇ ਮਤਭੇਦ ਕਾਰਨ ਸੁਸ਼ਮਾ ਇੱਕਲ ਹੰਢਾਉਂਦੀ ਹੈ, ਦੁਖੀ ਹੁੰਦੀ ਹੈ ਅਤੇ ਆਪਣਾ ਦੁੱਖ-ਸੁੱਖ ਨੌਕਰਾਣੀ ਨਾਲ ਸਾਂਝਾ ਕਰਦੀ ਹੈ। ਅੰਤ ਵਿੱਚ ਸੁਸ਼ਮਾ ਆਪਣੀ ਖ਼ੂਬਸੂਰਤੀ ਦਾ ਅਹਿਸਾਸ ਕਰਾਉਣ ਖਾਤਰ ਆਪਣਾ ਚਿਹਰਾ ਸਟੋਵ ਨਾਲ ਜਲਾ ਲੈਂਦੀ ਹੈ ਤੇ ਇਹ ਜਤਲਾਉਣਾ ਚਾਹੁੰਦੀ ਹੈ ਕਿ ਜਿਸ ਖ਼ੂਬਸੂਰਤੀ ਦੀ ਕਦਰ ਹੀ ਨਹੀਂ ਉਸ ਨੂੰ ਰੱਖਣ ਦਾ ਕੀ ਫਾਇਦਾ ਹੈ। ਇਕਾਂਗੀ ਦੇ ਅੰਤ ਉੱਪਰ ਬਿਪਨ ਆਪਣੇ ਆਪ ਨੂੰ ਸ਼ੁਸ਼ਮਾ ਦੀ ਹਾਲਤ ਲਈ ਜ਼ਿੰਮੇਵਾਰ ਸਮਝਦਾ ਹੈ ਅਤੇ ਦੁਖੀ ਹੁੰਦਾ ਹੈ।

ਸੋ ਇਕਾਂਗੀ ਇੱਕ ਮਨੋਵਿਗਿਆਨਕ ਦੁਖਾਂਤ ਹੋ ਨਿਬੜਦਾ ਹੈ।





## 2. 'ਇਕਾਂਗੀ ਯਾਤਰਾ' ਵਿਚਲੀਆਂ ਇਕਾਂਗੀਆਂ ਦੀ ਪਾਤਰ ਉਸਾਰੀ ਉੱਪਰ ਚਰਚਾ ਕਰੋ—

"ਮਾਂ ਦਾ ਡਿਪਟੀ" ਇਕਾਂਗੀ ਆਈ. ਸੀ. ਨੰਦਾ ਦੁਆਰਾ ਲਿਖੀ ਗਈ ਹੈ. ਇਸ ਦੇ ਪਾਤਰ ਯਥਾਰਥਕ ਹਨ। ਵਸਾਵਾ ਸਿੰਘ ਇਕਾਂਗੀ ਦਾ ਮੁੱਖ ਪਾਤਰ ਹੈ ਜੋ ਆਪਣੇ ਪੁੱਤਰ ਨੂੰ ਪੜ੍ਹਾਉਣ ਲਈ ਜ਼ਮੀਨ ਗਹਿਣੇ ਪਾਉਂਦਾ ਹੈ। ਉਹ ਨਿਮਾਣਾ ਜਿਹਾ, ਸਾਊ, ਗਰੀਬ ਕਿਸਾਨ ਹੈ। ਪੁੱਤਰ ਨੂੰ ਪੜ੍ਹਾ ਲਿਖਾ ਕੇ ਚੰਗੀ ਜ਼ਿੰਦਗੀ ਦੇਣਾ ਚਾਹੁੰਦਾ ਹੈ।

ਬੇਬੇ ਅਨਪੜ੍ਹ, ਪੇਂਡੂ ਔਰਤ ਵਸਾਵਾ ਸਿੰਘ ਦੀ ਪਤਨੀ ਤੇ ਨਰਾਇਣ ਸਿੰਘ ਦੀ ਮਾਂ ਹੈ। ਉਸਦਾ ਪੁੱਤਰ ਪ੍ਰਤੀ ਬੜਾ ਮੋਹ ਹੈ। ਬੇਬੇ ਆਪਣੇ ਪੁੱਤਰ ਨੂੰ ਡਿਪਟੀ ਬਣਿਆ ਵੇਖਣਾ ਲੋਚਦੀ ਹੈ। ਅਨਪੜ੍ਹ ਹੋਣ ਕਾਰਨ ਉਸ ਨੂੰ ਆਪਣੇ ਪੁੱਤਰ ਦੁਆਰਾ ਬੋਲੀ ਅੰਗਰੇਜ਼ੀ ਭਾਸ਼ਾ ਸਮਝ ਨਹੀਂ ਆਉਂਦੀ ਜਿਸ ਕਾਰਨ ਇਕਾਂਗੀ ਵਿੱਚ ਉਸ ਦੀ ਦੁਖਾਂਤ ਸਥਿਤੀ ਹੁੰਦੀ ਹੋਏ ਵੀ ਹਾਸ ਰਸ ਦੀ ਝਲਕ ਦਿਖਾਈ ਦਿੰਦੀ ਹੈ।

ਨਰਾਇਣ ਸਿੰਘ, ਵਸਾਵਾ ਸਿੰਘ ਦਾ ਪੁੱਤਰ ਹੈ। ਉਹ ਪਿੰਡ ਤੋਂ ਤਾਂ ਪੜ੍ਹਨ ਲਿਖਣ ਲਈ ਸ਼ਹਿਰ ਜਾਂਦਾ ਹੈ ਤਾਂ ਜੋ ਉੱਚੀ ਨੌਕਰੀ ਲਗ ਜਾਵੇ ਪਰ ਪੜ੍ਹ ਲਿਖ ਕੇ ਵੀ ਉਹ ਬੇਰੁਜ਼ਗਾਰ ਹੈ ਅਤੇ ਆਪਣੇ ਸਭਿਆਚਾਰ ਤੋਂ ਟੁੱਟ ਚੁੱਕਾ ਹੈ।

ਇਸ ਤੋਂ ਇਲਾਵਾ ਪਿੰਡ ਦਾ ਡਾਕੀਆ ਗੌਣ ਪਾਤਰ ਦੇ ਵਜੋਂ ਵਿਚਰਦਾ ਹੈ।

ਸੋ ਪਾਤਰ ਉਸਾਰੀ ਦੇ ਪੱਖੋਂ "ਮਾਂ ਦਾ ਡਿਪਟੀ' ਇਕਾਂਗੀ ਵਿੱਚ ਉੱਤਮ ਰਚਨਾ ਹੈ।

"ਦੂਜਾ ਵਿਆਹ" ਇਕਾਂਗੀ ਸੰਤ ਸਿੰਘ ਸੇਖੋਂ ਦੁਆਰਾ ਲਿਖੀ ਗਈ ਹੈ। ਇਸ ਇਕਾਂਗੀ ਦੇ ਸਾਰੇ ਪਾਤਰ ਬੜੇ ਯਥਾਰਥਕ ਹਨ। ਨਿਹਾਲ ਕੌਰ, ਮਨਜੀਤ ਕੌਰ, ਸੁਖਦੇਵ ਕੌਰ, ਸੁਖਦੇਵ ਸਿੰਘ, ਗੁਰਦਿਤ ਸਿੰਘ ਆਦਿ ਪੰਜ ਮੁੱਖ ਪਾਤਰ ਹਨ। ਇਕਾਂਗੀਕਾਰ ਨੇ ਇਹਨਾਂ ਪਾਤਰਾਂ ਦਾ ਚਿਤਰਨ ਬੜੇ ਕਲਾਮਈ ਢੰਗ ਨਾਲ, ਮਨੋਵਿਗਿਆਨਕ ਛੋਹਾਂ ਨਾਲ ਕੀਤਾ ਹੈ। ਇਕਾਂਗੀ ਵਿੱਚ ਪਰਿਸਥਿਤੀਆਂ ਦੇ ਬਦਲਣ ਨਾਲ ਪਾਤਰਾਂ ਦੇ ਸੁਭਾਅ ਵੀ ਤਬਦੀਲ ਹੋ ਜਾਂਦੇ ਹਨ। ਇਸ ਪ੍ਰਕਾਰ ਪਾਤਰਾਂ ਦੇ ਸੁਭਾਵਾਂ ਵਿਚਲੀ ਲਚਕ ਪਾਤਰਾਂ ਨੂੰ ਕੁਦਰਤੀ/ਯਥਾਰਥਕ ਬਣਾਉਣ ਵਿੱਚ ਉਸਾਰੂ ਭੂਮਿਕਾ ਨਿਭਾਉਂਦੀ ਹੈ।

ਨਿਹਾਲ ਕੌਰ ਇਕਾਂਗੀ ਦੀ ਮੁੱਖ ਪਾਤਰ ਹੈ ਉਹ ਨੂੰਹ ਨੂੰ ਤੰਗ ਕਰਨ ਵਾਲੀ, ਉਸਨੂੰ ਬੋਲ ਕੁਬੋਲ ਬੋਲਣ ਵਾਲੀ, ਬਦਲੇ ਦੀ ਭਾਵਨਾ ਰੱਖਣ ਵਾਲੀ, ਧੀ ਦਾ ਦੁੱਖ ਸਹਿਣ ਨਾ ਕਰਨ ਵਾਲੀ, ਪਰ ਅੰਤ ਵਿੱਚ ਆਪਣੀ ਗਲਤੀ ਦਾ ਅਹਿਸਾਸ ਕਰਨ ਵਾਲੀ ਔਰਤ ਹੈ।

ਮਨਜੀਤ 'ਦੂਜਾ ਵਿਆਹ' ਇਕਾਂਗੀ ਦੀ ਮੁੱਖ ਪਾਤਰ ਹੈ। ਉਹ ਘਰੇਲੂ ਕੰਮਾਂ ਵਿੱਚ ਦਿਲਚਸਪੀ ਲੈਣ ਦੇ ਨਾਲ ਨਾਲ ਇਸਤਰੀ ਸਭਾ ਦੀ ਮੈਂਬਰ ਬਣ ਕੇ ਇਸਤਰੀਆਂ ਦੇ ਦੁੱਖਾਂ ਦਾ ਇਲਾਜ ਕਰਦੀ ਹੈ। ਉਸ ਸੁਭਾਅ ਵਜੋਂ ਹਸਮੁੱਖ ਹੈ, ਹਾਜ਼ਰ ਜੁਆਬ ਹੈ, ਜਾਗਰੂਕ ਹੈ, ਪਤੀ ਦੀ ਸੇਵਾ ਕਰਨ ਵਾਲੀ, ਵਡਿਆਂ ਦਾ ਸਤਿਕਾਰ ਕਰਨ ਵਾਲੀ ਔਰਤ ਹੈ। ਸੁਖਦੇਵ ਕੌਰ, ਨਿਹਾਲ ਕੌਰ ਦੀ ਧੀ ਹੈ। ਬਾਕੀ ਪਾਤਰਾਂ ਦੇ ਉਲਟ ਸੁਖਦੇਵ ਕੌਰ ਅਜਿਹਾ ਪਾਤਰ ਜਾਪਦੀ ਹੈ ਜੋ ਕਿ ਇਕਾਂਗੀਕਾਰ ਦੇ ਹੱਥਾਂ ਦੀ ਕਠਪੁਤਲੀ ਦਾ ਭੁਲੇਖਾ ਪਾਉਂਦੀ ਹੈ।

ਸੁਖਦੇਵ ਸਿੰਘ, ਮਨਜੀਤ ਦਾ ਪਤੀ ਅਤੇ ਨਿਹਾਲ ਕੌਰ ਤੇ ਗੁਰਦਿੱਤ ਸਿੰਘ ਦਾ ਪੁੱਤਰ ਹੈ। ਉਹ ਖੁਲਦਿਲਾ ਅਤੇ ਅਗਾਂਹਵਧੂ ਨੌਜੁਆਨ ਹੈ। ਉਹ ਮਾਂ ਦੀਆਂ ਭਾਵਨਾਵਾਂ ਨੂੰ ਸਮਝਣ ਵਾਲਾ ਤੇ ਭੈਣ ਦਾ ਲਾਡਲਾ ਵੀਰ ਹੈ। ਉਹ ਪਤੀ ਦੇ ਰੂਪ ਵਿੱਚ ਉੱਤਮ ਹੈ। ਉਹ ਦਲੀਲਬਾਜ਼, ਹੌਸਲੇ ਵਾਲਾ, ਸੂਝਵਾਨ ਅਤੇ ਅਗਾਂਹਵਧੂ ਨੌਜੁਆਨ ਹੈ।

'ਗੁਰਦਿੱਤ ਸਿੰਘ', ਨਿਹਾਲ ਕੌਰ ਦਾ ਪਤੀ ਤੇ ਮਨਜੀਤ ਦਾ ਸੁਹਰਾ ਹੈ। ਉਹ ਇਮਾਨਦਾਰ ਅਤੇ ਮਿਹਨਤੀ ਹੈ। ਕਿਸੇ ਦੀ ਮਾੜੀ ਗੱਲ ਨਹੀਂ ਸੁਣਦਾ ਹੈ। ਚੰਗੇ ਅਤੇ ਖੁਲੇ ਸੁਭਾਅ ਦਾ ਮਾਲਕ ਹੈ। ਉਹ ਨੂੰਹ ਨੂੰ ਧੀ ਵਾਂਗ ਪਿਆਰ ਕਰਦਾ ਹੈ। ਧੀ ਦੇ ਦੁੱਖ ਕਾਰਨ ਦੁਖੀ ਹੋ ਜਾਂਦਾ ਹੈ।

ਪੁਰਾਣੀ ਪੀੜੀ ਦਾ ਹੁੰਦੇ ਹੋਏ ਵੀ ਨੂੰਹ ਤੋਂ ਪਰਦਾ ਨਹੀਂ ਕਰਵਾਉਂਦਾ। ਸੋ ਇਕਾਂਗੀ ਦੇ ਸਾਰੇ ਪਾਤਰ ਯਥਾਰਥਕ ਹਨ।

'ਮਨ ਦੀਆਂ ਮਨ ਵਿੱਚ' ਇਕਾਂਗੀ ਡਾ. ਹਰਚਰਨ ਸਿੰਘ ਦੁਆਰਾ ਲਿਖੀ ਗਈ ਹੈ। ਇਸ ਦੇ ਪ੍ਰਮੁੱਖ ਪੰਜ ਪਾਤਰ ਹਨ ਜੋ ਕਿ ਪੇਂਡੂ ਜੀਵਨ ਵਿੱਚੋਂ ਲਏ ਗਏ ਹਨ। ਜੋ ਕਿ ਯਥਾਰਥਕ ਜਾਪਦੇ ਹਨ। ਪਾਤਰ ਉਸਾਰੀ ਲਈ ਇਕਾਂਗੀਕਾਰ ਨੇ ਵਰਨਣ ਵਿਧੀ ਅਤੇ ਵਾਰਤਾਲਾਪੀ ਵਿਧੀ ਦਾ ਪ੍ਰਯੋਗ ਕੀਤਾ ਹੈ।

ਅੰਬੋ ਇਸ ਇਕਾਂਗੀ ਦੀ ਪ੍ਰਮੁੱਖ ਪਾਤਰ ਹੈ। ਜਿਸ ਦਾ ਪਤੀ ਸ਼ਰਾਬੀ ਕਬਾਬੀ ਹੈ ਜਿਸ ਕਾਰਨ ਉਹ ਦੁਖੀ ਹੈ ਅਤੇ ਸੰਤਾਪ ਭੋਗਦੀ ਹੈ। ਪਤੀ ਦੇ 12 ਸਾਲਾਂ ਤੋਂ ਗਾਇਬ ਰਹਿਣ ਉਪਰੰਤ ਵੀ ਸਬਰ ਕਰਦੀ ਹੈ। ਅੰਤ ਸ਼ੇਰੂ ਦੇ ਕਹਿਣ ਉਪਰੰਤ ਦੂਜੇ ਵਿਆਹ ਲਈ ਤਿਆਰ ਹੋ ਜਾਂਦੀ ਹੈ। ਉਹ ਪਿਆਰ ਦੀ ਭੁੱਖੀ ਹੈ। ਸਮੁਚੇ ਰੂਪ ਵਿੱਚ ਅੰਬੋ ਬੇ-ਸਹਾਰਾ, ਦੁਖੀ ਤੇ ਜਿੰਦਗੀ ਦੇ ਨਰਕ ਨੂੰ ਭੋਗਦਿਆਂ ਸਮੁੱਚੀ ਔਰਤਾਂ ਦੀ ਪ੍ਰਤੀਨਿਧਤਾ ਕਰਦੀ ਹੈ। ਸ਼ੇਰੂ ਨਾਲ ਵਿਆਹ ਕਰਵਾਉਣ ਦੀ ਆਸ, ਕਰਮੇ ਦੇ ਵਾਪਸ ਆਉਣ ਉੱਪਰ ਮਨ ਦੀ ਮਨ ਵਿੱਚ ਹੀ ਰਹਿ ਜਾਂਦੀ ਹੈ ਤੇ ਦੁਖ ਨੂੰ ਬਰਦਾਸ਼ਤ ਨਾ ਕਰਦੀ ਹੋਈ ਬੇਹੋਸ਼ ਹੋ ਜਾਂਦੀ ਹੈ। 'ਸ਼ੇਰੂ' ਇਸ ਇਕਾਂਗੀ ਦਾ ਪ੍ਰਮੁੱਖ ਪਾਤਰ ਹੈ। ਉਹ ਉੱਚਾ ਲੰਬਾ ਸ਼ੌਕੀਨ ਗਭਰੂ ਹੈ। ਉਹ ਅੰਬੋ ਨੂੰ ਪਿਆਰ ਕਰਦਾ ਹੈ ਅਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਉਹ ਮਿਹਨਤੀ ਹੈ, ਜਿੰਦਗੀ ਨੂੰ ਪਿਆਰ ਕਰਨ ਵਾਲਾ ਹੈ, ਨਿਧੜਕ ਤੇ ਹੌਸਲੇ ਵਾਲਾ, ਮੌਕਾ ਪਛਾਨਣ ਵਾਲਾ, ਦੁਖਾਂ ਵਿੱਚ ਸੁੱਖ ਭਾਲਣ ਵਾਲਾ, ਹਰ ਔਕੜ ਦਾ ਖਿੜੇ ਮੱਥੇ ਮੁਕਾਬਲਾ ਕਰਨ ਵਾਲਾ ਮਿੱਠ ਬੋਲੜਾ ਵਿਅਕਤੀ ਹੈ।

ਕਰਮੋ 'ਅੰਬੋ' ਦੀ ਨਨਾਣ ਹੈ। ਉਹ ਆਪਣੇ ਭਰਾ ਨੂੰ ਪਿਆਰ ਕਰਦੀ ਹੈ ਅਤੇ ਉਸ ਦੇ ਐਬ ਛੁਪਾਉਂਦੀ ਹੈ। 12 ਸਾਲਾਂ ਤੋਂ ਉਸ ਦਾ ਕੋਈ ਅਤਾ-ਪਤਾ ਨਾ ਹੁੰਦੇ ਹੋਏ ਵੀ ਆਪਣੀ ਭਰਜਾਈ ਦੇ ਦੂਜੇ ਵਿਆਹ ਕਰਵਾਉਣ ਦਾ ਵਿਰੋਧ ਕਰਦੀ ਹੈ।



ਕਰਮ ਸਿੰਘ ਇਕਾਂਗੀ ਦਾ ਗੌਣ ਪਾਤਰ ਹੈ ਜੋ ਇਕਾਂਗੀ ਦੇ ਸਿਖਰ ਵੇਲੇ ਪ੍ਰਵੇਸ਼ ਕਰਦਾ ਹੈ। ਉਹ ਐਬੀ; ਸ਼ਰਾਬੀ ਤੇ ਬਿਮਾਰੀ ਦਾ ਖਾਧਾ ਹੋਇਆ ਹੈ। ਘਰ ਦੀਆਂ ਜਿੰਮੇਵਾਰੀਆਂ ਤੋਂ ਕਿਨਾਰਾ ਕਰਕੇ 12 ਸਾਲਾਂ ਤੋਂ ਲਾਪਤਾ ਸੀ ਪਰ ਇਕਾਂਗੀ ਦੇ ਅੰਤ ਵਿੱਚ ਬਿਮਾਰੀ ਖਾਧਾ ਸ਼ਰੀਰ ਲੈ ਕੇ ਪ੍ਰਵੇਸ਼ ਕਰਦਾ ਹੋਇਆ ਅੰਬੋ ਦੀਆਂ ਸਧਰਾਂ ਉੱਤੇ ਪਾਣੀ ਫੇਰ ਦਿੰਦਾ ਹੈ। ਨੰਬਰਦਾਰ ਇੱਕ ਸੁਲਜਿਆ ਹੋਇਆ ਵਿਅਕਤੀ ਹੈ। ਉਹ ਅੰਬੋ ਤੇ ਸ਼ੇਰੂ ਦੇ ਵਿਆਹ ਦੀ ਪ੍ਰਵਾਨਗੀ ਦਿੰਦਾ ਹੈ ਅਤੇ ਕਰਮੋਂ ਨੂੰ ਵੀ ਸਮਝਾਉਂਦਾ ਹੈ ਕਿ ਉਹ ਹਠ ਧਰਮੀ ਛੱਡ ਦੇਵੇ। ਸੋ ਕੁਲ ਮਿਲਾ ਕੇ ਇਕਾਂਗੀ ਦੇ ਸਾਰੇ ਪਾਤਰ ਯਥਾਰਥਕ ਹਨ।

'ਅਪਮਾਨ', ਇਕਾਂਗੀ ਸੁਰਜੀਤ ਸਿੰਘ ਸੇਠੀ' ਦੁਆਰਾ ਲਿਖੀ ਗਈ ਹੈ। ਪਾਤਰ ਉਸਾਰੀ ਦੇ ਪੱਖੋਂ ਇਹ ਇੱਕ ਸਫਲ ਇਕਾਂਗੀ ਹੈ। ਇਸ ਦੇ ਪਾਤਰ ਮਨੋਵਿਗਿਆਨਕ ਪੱਧਰ ਉੱਪਰ ਵਿਚਰਦੇ ਹਨ।

'ਬਿਪਨ' ਇਕਾਂਗੀ ਦਾ ਪ੍ਰਮੁੱਖ ਪਾਤਰ ਹੈਂ। ਉਹ ਪੇਸ਼ੇ ਵਜੋਂ ਇੱਕ ਲੇਖਕ ਹੈ। ਉਹ ਬੌਧਿਕ ਪੱਧਰ ਉੱਪਰ ਵਿਚਰਦਾ ਹੈ ਅਤੇ ਸਾਰਿਆਂ ਤੋਂ ਬੌਧਿਕਤਾ ਦੀ ਉਮੀਦ ਕਰਦਾ ਹੈ। ਉਹ ਸੁਸ਼ਮਾ ਨਾਲ ਪ੍ਰੇਮ ਵਿਆਹ ਕਰਵਾਉਂਦਾ ਹੈ ਜੋ ਕਿ ਬਹੁਤ ਖੂਬਸੂਰਤ ਔਰਤ ਹੈ। ਉਹ ਦਾ ਬੌਧਿਕ ਸਤਰ, ਆਪਣੀ ਪਤਨੀ ਤੋਂ ਵੱਖਰਾ ਹੈ। ਉਹ ਆਪਣੇ ਆਪਨੂੰ ਸੁਸ਼ਮਾਂ ਦੀ ਹਾਲਤ ਦਾ ਜਿੰਮੇਵਾਰ ਸਮਝਦਾ ਹੈ।

ਸੁਸ਼ਮਾ ਇਸ ਇਕਾਂਗੀ ਦੀ ਪ੍ਰਮੁੱਖ ਪਾਤਰ ਹੈ। ਉਹ ਪੜ੍ਹੀ ਲਿਖੀ ਤੇ ਖੂਬਸੂਰਤ ਵਿਅਕਤੀਤਵ ਦੀ ਮਾਲਕ ਹੈ। ਉਹ ਚਾਹੁੰਦੀ ਹੈ ਕਿ ਉਸਦਾ ਪਤੀ ਹਮੇਸ਼ਾ ਉਸ ਦੀ ਸੁੰਦਰਤਾ ਦੀ ਤਾਰੀਫ ਕਰੇ। ਉਹ ਆਪਣੀਆਂ ਇਛਾਵਾਂ ਦੀ ਪੂਰਤੀ ਨਾ ਹੋਣ ਕਾਰਨ ਸੰਤਾਪ ਹੰਢਾਉਂਦੀ ਹੈ। ਉਹ ਆਪਣੇ ਆਪ ਨੂੰ ਅਪਮਾਨਿਤ ਮਹਿਸੂਸ ਕਰਦੀ ਹੈ ਤੇ ਆਪਣਾ ਚਿਹਰਾ ਸਾੜ ਲੈਂਦੀ ਹੈ।

ਰੀਟਾ ਇਸ ਇਕਾਂਗੀ ਦੀ ਮੁਖ ਪਾਤਰ ਹੈ। ਉਹ ਸੁਸ਼ਮਾ ਦੀ ਨਨਾਣ ਹੈ। ਉਹ ਆਪਣੀ ਭਰਜਾਈ ਦੀ ਹਾਲਤ ਲਈ ਦੁਖੀ ਹੈ ਤੇ ਆਪਣੇ ਭਰਾ ਉੱਤੇ ਜੋਰ ਪਾਉਂਦੀ ਹੈ ਕਿ ਉਸ ਸੁਸ਼ਮਾ ਕੋਲ ਜਾਵੇ ਅਤੇ ਉਸਦੀ ਦੇਖਭਾਲ ਕਰੇ।

ਸੋ ਅੰਤ ਵਿੱਚ ਆਖ ਸਕਦੇ ਹਾਂ ਕਿ ਇਕਾਂਗੀ ਦੇ ਪਾਤਰ ਮਨੋਵਿਗਿਆਨਕ ਯਥਾਰਥਕ ਹਨ।

5. 'ਆਈ. ਸੀ. ਨੰਦਾ' ਦਾ ਪੰਜਾਬੀ ਸਾਹਿਤ ਵਿੱਚ ਯੋਗਦਾਨ।

ਆਧੁਨਿਕ ਪੰਜਾਬੀ ਨਾਟਕ ਦੇ ਮੋਢੀ ਨਾਟਕਕਾਰ ਈਸ਼ਵਰ ਚੰਦਰ ਨੰਦਾ ਦਾ ਜਨਮ 30 ਸੰਤਬਰ, 1892 ਨੂੰ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਗਾਂਧੀਆਂ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਭਾਗਮਲ ਨੰਦਾ ਅਤੇ ਮਾਤਾ ਦਾ ਨਾਂ ਸ੍ਰੀਮਤੀ ਆਤਮਾ ਦੇਵੀ ਸੀ। ਨੰਦਾ ਨੇ ਪ੍ਰਾਇਮਰੀ ਤੱਕ ਦੀ ਵਿਦਿਆ ਪਿੰਡ ਦੇ ਸਰਕਾਰੀ ਸਕੂਲ ਵਿੱਚੋਂ ਜਿਲ੍ਹੇ ਭਰ ਵਿੱਚੋਂ ਪ੍ਰਥਮ ਰਹਿ ਕੇ ਪਾਸ ਕੀਤੀ। 1913 ਵਿੱਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਐਫ ਏ ਅਤੇ ਐਫ ਸੀ ਕਾਲਜ ਲਾਹੌਰ ਵਿਖੇ ਬੀ.ਏ. ਆਨਰਜ ਪਾਸ ਕੀਤੀ। 1917 ਵਿੱਚ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਐਮ.ਏ.ਅੰਗਰੇਜ਼ੀ ਪਹਿਲੇ ਦਰਜੇ ਵਿੱਚ ਰਹਿ ਕੇ ਪਾਸ ਕੀਤੀ ਅਤੇ ਦਿਆਲ ਸਿੰਘ ਕਾਲਜ ਵਿਖੇ ਹੀ ਅੰਗਰੇਜ਼ੀ ਦੇ ਪ੍ਰੋ. ਨਿਯੁਕਤ ਹੋ ਗਏ। ਦੇਸ਼ ਵੰਡ ਤੋਂ ਬਾਅਦ ਉਹ ਲਾਹੌਰ ਸਰਕਾਰੀ ਕਾਲਜ ਤੋਂ ਆ ਕੇ ਰੋਹਤਕ ਸਰਕਾਰੀ ਕਾਲਜ ਵਿੱਚ ਬਤੌਰ ਪ੍ਰਿੰ: ਸੇਵਾ ਕਰਨ ਲਗ ਪਏ।

ਨੰਦਾ ਨੇ ਸੁਭੱਦਰਾ, ਸ਼ਾਮੂ ਸ਼ਾਹ, ਵਰਘਰ, ਸ਼ੋਸ਼ਲ ਸਰਕਲ ਆਦਿ ਬਹੁ ਅੰਕੀ ਨਾਟਕਾਂ ਤੋਂ ਇਲਾਵਾ ਝਲਕਾਰੇ,

ਲਿਸ਼ਕਾਰੇ, ਚਮਕਾਰੇ ਨਾਮ ਦੇ ਤਿੰਨ ਇਕਾਂਗੀ ਸੰਗ੍ਰਹਿ ਵੀ ਲਿਖੇ। ਰੰਗਮੰਚ ਦੇ ਪੱਖ ਤੋਂ ਨੰਦਾ ਦੇ ਨਾਟਕ, ਇਕਾਂਗੀ ਬਹੁਤ ਸਫਲ ਰਚਨਾਵਾਂ ਹਨ। 1951 ਵਿੱਚ ਨੰਦਾ ਨੂੰ ਪੰਜਾਬੀ ਨਾਟਕ ਨੂੰ ਦਿੱਤੀਆਂ ਸੇਵਾਵਾਂ ਬਦਲੇ ਪੰਜਾਬੀ ਮਹਿਕਮਾ ਪੈਪਸੂ ਵਲੋਂ ਸਨਮਾਨਿਆ ਗਿਆ। ਨੰਦਾ ਜਿੱਥੇ ਬਹੁਪੱਖੀ ਪ੍ਰਤਿਭਾ ਵਾਲਾ ਨਾਟਕਕਾਰ ਸੀ, ਉਥੇ ਇੱਕ ਸਫਲ ਅਭਿਨੇਤਾ ਵੀ ਸੀ।

ਨੌਰਾ ਰਿਚਰਡ ਦੀ ਪ੍ਰੇਰਨਾ ਸਦਕਾ ਜਦੋਂ ਉਹ ਨਾਟਕ ਖੇਤਰ ਵਿੱਚ ਦਾਖਲ ਹੋਇਆ ਤਾਂ ਸਭ ਤੋਂ ਪਹਿਲਾ ਉਸਨੇ 'ਬਾਲ ਵਿਆਹ' ਵਰਗੀ ਸਦੀਆਂ ਪੁਰਾਣੀ ਕੁਰੀਤੀ ਨੂੰ ਸੱਟ ਮਾਰੀ। ਇਸ ਤੋਂ ਪਿਛੋਂ ਉਸਨੇ ਵਿਧਵਾ ਵਿਆਹ, ਜਾਤਪਾਤ, ਛੂਤ-ਛਾਤ, ਵਹਿਮ-ਭਰਮ ਅਤੇ ਭ੍ਰਿਸ਼ਟਾਚਾਰ ਜਿਹੀਆਂ ਸਮਾਜਕ ਕੁਰੀਤੀਆਂ ਨੂੰ ਸੁਧਾਰਕ ਨਜ਼ਰੀਏ ਤੋਂ ਚਿਤਰਿਆ। ਉਸ ਦੀਆਂ ਨਾਟ ਰਚਨਾਵਾਂ ਵਿੱਚ ਆਪਣੇ ਆਦਰਸ਼ਾਂ ਤੋਂ ਭਟਕੇ ਪਾਤਰ ਆਖਰ ਕਾਰ ਪੜ੍ਹੇ ਲਿਖੇ ਆਧੁਨਿਕ ਖਿਆਲਾਂ ਵਾਲੇ ਪਾਤਰਾਂ ਦੀ ਵਿਚਾਰਧਾਰਾ ਨੂੰ ਸਵੀਕਾਰ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਉਹ ਆਪਣੀ ਕਲਪਨਾ ਤੇ ਬੁੱਧੀ ਦਾ ਪ੍ਰਯੋਗ ਕਰਦਿਆਂ ਵੀ ਪਾਤਰਾਂ ਨੂੰ ਯਥਾਰਥ ਦਾ ਪੱਲਾ ਨਹੀਂ ਛੱਡਣ ਦਿੰਦਾ।

ਉਹ ਵਿਅਕਤੀਗਤ ਚਰਿਤਰ ਚਿਤਰਨ ਦੀ ਥਾਂ ਸ਼੍ਰੇਣੀਗਤ ਚਰਿਤਰ ਚਿਤਰਨ ਕਰਨ ਨੂੰ ਪਹਿਲ ਦਿੰਦਾ ਹੈ।

'ਸੁਭੱਦਰਾ' ਤੇ 'ਲਿਲੀ ਦਾ ਵਿਆਹ' ਉਸ ਦੀਆਂ ਉਹ ਪ੍ਰਸਿੱਧ ਰਚਨਾਵਾਂ ਹਨ, ਜੋ ਪੰਜਾਬ ਵਿੱਚ ਥਾਂ ਥਾਂ ਤੇ ਕਈ ਵਾਰ ਰੰਗਮੰਚ ਉੱਤੇ ਖੇਡੀਆਂ ਗਈਆਂ। ਸੁਭੱਦਰਾ ਵਿੱਚ ਵਿਧਵਾ ਵਿਆਹ ਦੇ ਹੱਕ ਵਿੱਚ ਆਵਾਜ ਉਠਾਈ ਗਈ ਤਾਂ ਜੋ ਮਾਸੂਮ ਔਰਤਾਂ ਨੂੰ ਸਾਡੇ ਸਮਾਜ ਦੀ ਕਠੋਰ ਤੇ ਸਥੂਲ ਪਕੜ ਤੋਂ ਬਚਾਇਆ ਜਾਵੇ। 'ਲਿਲੀ ਦਾ ਵਿਆਹ' ਵਿੱਚ ਵਿਆਹ ਸੰਬੰਧਾਂ ਨੂੰ ਵਿਚਾਰਿਆ ਗਿਆ ਹੈ ਅਤੇ ਪ੍ਰੀਤ ਵਿਆਹ ਦੇ ਹੱਕ ਵਿੱਚ ਆਵਾਜ਼ ਉਠਾਈ ਗਈ ਹੈ। ਇਹਨਾਂ ਨਾਟਕਾਂ ਦੇ ਵਿੱਚ ਨੰਦਾ ਯਥਾਰਥਵਾਦੀ ਸਮਸਿਆ ਦਾ ਚੋਣ ਵਾਸਤਵਿਕ ਵਾਯੂਮੰਡਲ ਦੇ ਪ੍ਰਗਟਾ, ਉੱਤਮ ਪਾਤਰ ਉਸਾਰੀ, ਠੇਠ ਤੇ ਜੋਰਦਾਰ ਬੋਲੀ ਤੇ ਹਾਸ ਰਸ ਕਾਰਨ ਬੜਾ ਸਫਲ ਹੋਇਆ ਹੈ। 'ਸ਼ਾਮੂ ਸ਼ਾਹ' ਨਾਟਕ ਵਿੱਚ ਸ਼ੈਕਸਪੀਅਰ ਦੇ 'ਮਰਚੈਂਟ ਆਫ਼ ਵੀਨਸ' ਨੂੰ ਅਧਾਰ ਬਣਾਇਆ ਗਿਆ ਹੈ।

ਨੰਦਾ ਆਪਣੇ ਸਮੇਂ ਦਾ ਪ੍ਰਤਿਨਿੱਧ ਨਾਟਕਕਾਰ ਹੈ ਅਤੇ ਪੂੰਜੀਵਾਦੀ ਸਮਾਜ ਦੀਆਂ ਕੀਮਤਾਂ ਨੂੰ ਉਸਨੇ ਮੁੱਖ ਰੱਖਿਆ ਹੈ। ਤਕਨੀਕ ਦੇ ਪੱਖ ਤੋਂ ਉਸਨੇ ਇਬਸਨ ਦੀ ਯਥਾਰਥਵਾਦੀ ਸ਼ੈਲੀ ਨੂੰ ਵਿਸ਼ੇ ਦੇ ਤੌਰ ਤੇ ਲਿਆ ਹੈ। ਉਹ ਜਗੀਰਦਾਰੀ ਸਮਾਜ ਦੀਆਂ ਪੁਰਾਣੀਆਂ ਅਤੇ ਜਾਬਰ ਕੀਮਤਾਂ ਨੂੰ ਨਿੰਦਦਾ ਹੈ ਅਤੇ ਸ਼ਹਿਰੀ ਸਮਾਜ ਦਾ ਹਿਮਾਇਤੀ ਹੈ। ਉਸ ਦੀਆਂ ਰਚਨਾਵਾਂ ਵਿੱਚ ਨਵੀਂ ਤੇ ਪੁਰਾਣੀ ਪੀੜੀ ਦੀ ਟੱਕਰ ਨੂੰ ਪੇਸ਼ ਕੀਤਾ ਗਿਆ ਹੈ। ਪੁਰਾਣੀ ਪੀੜ੍ਹੀ ਜਗੀਰਦਾਰੀ ਸਮਾਜ ਦੀ ਲਖਾਇਕ ਹੈ ਅਤੇ ਨਵੀਂ ਪੀੜ੍ਹੀ ਨਵੇਂ ਉਸਰ ਰਹੇ ਸ਼ਹਿਰ ਸਮਾਜ ਦੀ ਹੈ। ਉਸਦੀ ਦ੍ਰਿਸ਼ਟੀ ਸੁਧਾਰਵਾਦੀ ਹੈ ਅਤੇ ਉਹ ਨਵੀਂ ਤੇ ਪੁਰਾਣੀ ਪੀੜ੍ਹੀ ਵਿਚਕਾਰ ਸਮਝੋਤਾ ਕਰਵਾਉਂਦਾ ਨਜ਼ਰ ਆਉਂਦਾ ਹੈ।

ਸਮੁੱਚੇ ਰੂਪ ਵਿੱਚ ਆਈ. ਸੀ. ਨੰਦਾ ਪਰਿਵਰਤਨਕਾਲ ਦੇ ਆਧੁਨਿਕ ਨਾਟਕ ਦਾ ਮੋਢੀ ਨਾਟਕਕਾਰ ਹੈ, ਜਿਸਨੇ ਪੇਂਡੂ ਤੇ ਸ਼ਹਿਰੀ ਜੀਵਨ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ ਅਤੇ ਇਸ ਦੀਆਂ ਸਮਾਜਕ ਬੁਰਾਈਆਂ ਨੂੰ ਦੂਰ ਕਰਨਾ ਆਪਣਾ ਨਿਸ਼ਾਨਾ ਮਿਥਿਆ ਹੈ।

**3. ਡਾ. ਹਰਚਰਨ ਸਿੰਘ ਦੇ ਜੀਵਨ ਤੇ ਰਚਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ, ਪੰਜਾਬੀ ਨਾਟਕ ਤੇ ਰੰਗਮੰਚ ਨੂੰ ਉਸਦੀ ਦੇਣ ਬਾਰੇ ਨੋਟ ਲਿਖੋ:**

ਡਾ. ਹਰਚਰਨ ਸਿੰਘ ਦਾ ਪੰਜਾਬੀ ਨਾਟਕ ਸਾਹਿਤ ਵਿੱਚ ਵਿਸ਼ੇਸ਼ ਸਥਾਨ ਹੈ। ਉਸਨੇ ਨਾਟਕ ਨੂੰ ਪ੍ਰਫੁਲਿਤ



ਕਰਨ ਦੇ ਨਾਲ ਨਾਲ ਰੰਗਮੰਚ ਉੱਪਰ ਸਫਲਤਾ ਪੂਰਵਕ ਪੇਸ਼ ਕਰਨ ਵਿੱਚ ਵੀ ਯੋਗਦਾਨ ਪਾਇਆ ਹੈ।

ਹਰਚਰਨ ਸਿੰਘ ਦਾ ਜਨਮ 10 ਦਸੰਬਰ, 1915 ਚੱਕ ਨੰਬਰ 576, ਜਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਵਿੱਚ ਹੋਇਆ। ਆਪ ਦੇ ਪਿਤਾ ਦਾ ਨਾਂ ਠੇਕੇਦਾਰ ਕਿਰਪਾ ਸਿੰਘ ਸੀ। ਹਰਚਰਨ ਸਿੰਘ ਨੇ 1933 ਵਿੱਚ ਦੁਆਬਾ ਖਾਲਸਾ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਮਗਰੋਂ 1937 ਵਿੱਚ ਐਫ. ਸੀ. ਕਾਲਜ ਲਾਹੌਰ ਤੋਂ ਬੀ.ਏ ਪਾਸ ਕੀਤੀ। ਸ਼੍ਰੀਮਤੀ ਨੌਰਾ ਰਿਚਰਡ ਦੀ ਅਗਵਾਈ ਹੇਠ ਚਲ ਰਹੀ ਨਾਟਕੀ ਕਲਾਸ ਤੋਂ ਉਸਨੇ ਨਾਟਕ ਕਲਾ ਦੀ ਸਿਖਲਾਈ ਹਾਸਲ ਕੀਤੀ।

ਡਾ. ਹਰਚਰਨ ਸਿੰਘ ਨੇ 1955 ਵਿੱਚ ਐਮ. ਏ. ਪੰਜਾਬੀ ਕੀਤੀ ਤੇ ਲਾਇਲਪੁਰ ਖਾਲਸਾ ਕਾਲਜ ਵਿੱਚ ਬਤੌਰ ਪੰਜਾਬੀ ਪ੍ਰਾਧਿਆਪਕ ਸੇਵਾ ਆਰੰਭ ਕਰ ਦਿੱਤੀ। 1963 ਈਸਵੀ ਵਿੱਚ ਉਸਨੇ ਦਿੱਲੀ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ ਅਤੇ 1966 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬੀ ਵਿਭਾਗ ਦੇ ਮੁੱਖੀ ਦੇ ਤੌਰ ਤੇ ਸੇਵਾ ਆਰੰਭ ਕੀਤੀ। 1972 ਵਿੱਚ ਆਪ ਦੇ ਨਾਟਕ 'ਅੱਜ ਕੱਲ ਤੇ ਭਲਕ' ਨੂੰ ਉਸ ਸਾਲ ਦੀ ਸਰਬੋਤਮ ਰਚਨਾ ਹੋਣ ਦੇ ਨਾਤੇ ਭਾਰਤੀ ਸਾਹਿਤ ਅਕਾਦਮੀ ਦਿੱਲੀ ਵਲੋਂ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਡਾ. ਹਰਚਰਨ ਸਿੰਘ ਨੇ ਬਹੁਤ ਸਾਰੇ ਪੂਰੇ ਨਾਟਕ ਅਤੇ ਇਕਾਂਗੀਆਂ ਦੀ ਸਿਰਜਣਾ ਕੀਤੀ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

**ਪੂਰੇ ਨਾਟਕ:** ਕਮਲਾ ਕੁਮਾਰੀ, ਰਾਜਾ ਪੋਰਸ, ਅਨਜੋੜ, ਖੇਡਣ ਦੇ ਦਿਨ ਚਾਰ, ਦੂਰ ਦੁਰਾਡੇ ਸ਼ਹਿਰੋਂ, ਤੇਰਾ ਘਰ ਸੋ ਮੇਰਾ ਘਰ, ਪੁੰਨਿਆ ਦਾ ਚੰਨ, ਇਤਿਹਾਸ ਜਵਾਬ ਮੰਗਦਾ ਹੈ, ਹਿੰਦ ਦੀ ਚਾਦਰ, ਚਮਕੌਰ ਦੀ ਗੜ੍ਹੀ, ਅੱਜ ਕੱਲ ਤੇ ਭਲਕ, ਲਹਿੰਦੇ ਦਾ ਨੂਰ, ਮਸੀਹਾ ਸੂਲੀ ਤੇ ਮੁਸਕਰਾਇਆ, ਦੇਖ ਕਬੀਰਾ ਰੋਇਆ, ਰਾਣੀ ਜਿੰਦਾਂ, ਕਾਮਾਗਾਟਾਮਾਰੂ ਆਦਿ।

**ਇਕਾਂਗੀ ਸੰਗ੍ਰਹਿ-** ਜੀਵਨ ਲੀਲਾ, ਸਾਂਝਾ ਰਾਜ, ਪੰਜ ਗੀਟੜਾ, ਸਪਤਰਿਸ਼ੀ, ਕਾਇਆ ਕਲਪ, ਮੁੜਕੇ ਦੀ ਖੁਸ਼ਬੋ, ਜ਼ਫ਼ਰਨਾਮਾ ਆਦਿ।

ਡਾ. ਹਰਚਰਨ ਸਿੰਘ ਨੇ ਵਿਭਿੰਨ ਵਿਸ਼ਿਆਂ ਉੱਪਰ ਰਚਨਾਵਾਂ ਪੇਸ਼ ਕੀਤੀਆਂ ਹਨ। ਵੱਖ ਵੱਖ ਸਮਾਜਕ ਸਮਸਿਆਵਾਂ, ਵੱਖ ਵੱਖ ਪ੍ਰਕਾਰ ਦੇ ਧਾਰਮਿਕ ਇਤਿਹਾਸਕ ਅਤੇ ਰਾਜਨੀਤਿਕ ਨੁਕਤਿਆਂ ਨੂੰ ਉਸਨੇ ਵਿਸ਼ਾ ਬਣਾਇਆ ਹੈ। ਉਹ ਮੁੱਖ ਤੌਰ ਉੱਤੇ ਸੁਧਾਰਵਾਦੀ ਪ੍ਰਵਿਰਤੀ ਅਧੀਨ ਲਿਖਦਾ ਹੈ।

'ਨਵਾਂ ਚਾਨਣ' (ਚਾਨਣ) ਇਕਾਂਗੀ ਵਿੱਚ ਉਸਨੇ ਪੇਂਡੂ ਸਮਾਜ ਦੀਆਂ ਇਸਤਰੀਆਂ ਦੀ ਵਿਦਿਆ ਉੱਤੇ ਜੋਰ ਦਿੱਤਾ ਹੈ। 'ਰੱਤਾ ਸਾਲੂ' ਵਿੱਚ ਹਰਚਰਨ ਸਿੰਘ ਨੇ ਜਾਗੀਰਦਾਰੀ ਸਮਾਜ ਦੀਆਂ ਪ੍ਰਤੀਗਾਮੀ ਰੁਚੀਆਂ ਨੂੰ ਬੜੇ ਭਾਵਪੂਰਨ ਢੰਗ ਨਾਲ ਪੇਸ਼ ਕੀਤਾ ਹੈ। 'ਹਿੰਦ ਦੀ ਚਾਦਰ' ਅਤੇ 'ਚਮਕੌਰ ਦੀ ਗੜ੍ਹੀ' ਧਾਰਮਿਕ ਇਤਿਹਾਸਕ ਵਿਸ਼ੇ ਨਾਲ ਸੰਬੰਧਤ ਹਨ। ਉਸਨੇ ਆਪਣੀਆਂ ਰਚਨਾਵਾਂ ਦੇ ਵਿਸ਼ਿਆਂ ਨੂੰ ਮਨੋਵਿਗਿਆਨਕ ਛੂਹਾਂ ਨਾਲ ਪੇਸ਼ ਕੀਤਾ ਹੈ। 'ਜ਼ਫ਼ਰਨਾਮਾ' ਤੇ ਸ਼ੋਭਾ ਸ਼ਕਤੀ' ਨੂੰ ਵੀ ਇਸੇ ਸ਼੍ਰੇਣੀ ਵਿੱਚ ਰਖਿਆ ਜਾ ਸਕਦਾ ਹੈ।

ਉਸਦੇ ਇਕਾਂਗੀਆਂ ਵਿਚਲੀ ਚੁਸਤ ਵਾਰਤਾਲਾਪ ਅਤੇ ਪਾਤਰਾਂ ਦਾ ਯਥਾਰਥਕ ਚਿਤਰਣ ਉਸਦੀ

ਇਕਾਂਗੀਕਲਾ ਦੇ ਵਿਸ਼ੇਸ਼ ਗੁਣ ਹਨ। ਇਹਨਾਂ ਇਕਾਂਗੀਆਂ ਦੀ ਸਫਲਤਾ ਦਾ ਮੁੱਖ ਆਧਾਰ ਹਰਚਰਨ ਸਿੰਘ ਦੀ ਰੰਗਮੰਚ ਪ੍ਰਤੀ ਸੱਚੀ ਲਗਨ ਅਤੇ ਡੂੰਘੀ ਸੂਝ ਹੈ। ਨਿਰਸੰਦੇਹ ਉਸਨੇ ਆਰਥਿਕ ਤੰਗੀਆਂ, ਤਰੁਟੀਆਂ ਵਿੱਚ ਵੀ ਰੰਗਮੰਚ ਨਾਲ ਸਾਂਝ ਬਣਾਈ ਰੱਖੀ ਹੈ। ਸੱਚ ਤਾਂ ਇਹ ਹੈ ਕਿ ਉਸਨੇ ਬਹੁਤ ਸਾਰੇ ਇਕਾਂਗੀ ਪਹਿਲਾਂ ਸਟੇਜ ਉੱਤੇ ਖੇਡੇ ਅਤੇ ਬਾਅਦ ਵਿੱਚ ਉਹਨਾਂ ਨੂੰ ਪੁਸਤਕ ਰੂਪ ਵਿੱਚ ਛਾਪਿਆ। ਇਹੋ ਕਾਰਨ ਹੈ ਕਿ ਉਸਦੇ ਇਕਾਂਗੀਆਂ ਨੂੰ ਰੰਗਮੰਚ ਉੱਪਰ ਖੇਡਣ ਵਿੱਚ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ । ਉਹ ਲੇਖਕ ਤੋਂ ਇਲਾਵਾ ਇੱਕ ਸਫ਼ਲ ਅਭਿਨੇਤਾ ਅਤੇ ਨਿਰਦੇਸ਼ਕ ਵੀ ਹੈ।

ਸਮੁੱਚੇ ਤੌਰ ਤੇ ਕਿਹਾ ਜਾਂ ਸਕਦਾ ਹੈ ਕਿ ਡਾ. ਹਰਚਰਨ ਸਿੰਘ ਇੱਕ ਸਮਰਥ ਪੰਜਾਬੀ ਨਾਟਕਕਾਰ ਅਤੇ ਸਫ਼ਲ ਅਭਿਨੇਤਾ ਤੇ ਨਿਰਦੇਸ਼ਕ ਹੈ। ਗਿਣਾਤਮਕ ਅਤੇ ਗੁਣਾਤਮਕ ਪੱਖ ਤੋਂ ਉਹ ਪੰਜਾਬੀ ਨਾਟਕ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ।





**ਪ੍ਰਸ਼ਨ-6 ਪ੍ਰਿੰ: ਸੰਤ ਸਿੰਘ ਸੇਖੋਂ ਦੇ ਜੀਵਨ ਤੇ ਰਚਨਾ ਸੰਬੰਧੀ ਜਾਣਕਾਰੀ ਦਿੰਦੇ ਹੋਏ, ਉਸਦੀ ਪੰਜਾਬੀ ਸਾਹਿਤ ਨੂੰ ਦੇਣ ਸੰਬੰਧੀ ਨੋਟ ਲਿਖੋ?**

'ਪ੍ਰਿੰ: ਸੰਤ ਸਿੰਘ ਸੇਖੋਂ' ਬੌਧਿਕ ਧਾਰਾ ਦਾ ਯਥਾਰਥਵਾਦੀ ਨਾਟਕਕਾਰ/ਇਕਾਂਗੀਕਾਰ ਹੈ। ਆਪ ਦਾ ਜਨਮ 1908 ਈ: ਵਿੱਚ ਚੱਕ ਨੰਬਰ 70, ਜਿਲਾ ਲਾਇਲਪੁਰ ਵਿੱਚ ਸ. ਹੁਕਮ ਸਿੰਘ ਦੇ ਘਰ ਹੋਇਆ। ਆਪ ਨੇ 1924 ਵਿੱਚ ਦੱਸਵੀਂ ਪਾਸ ਕੀਤੀ। 1926 ਵਿੱਚ ਐਫ. ਐਸ. ਸੀ ਮਿਸ਼ਨ ਕਾਲਜ ਲਾਹੌਰ ਤੋਂ ਅਤੇ 1928 ਈ: ਵਿੱਚ ਬੀ. ਏ (ਆਨਰਜ਼) ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਇਸ ਤੋਂ ਮਗਰੋਂ 1930 ਵਿੱਚ ਆਪ ਨੇ ਪ੍ਰਾਈਵੇਟ ਤੌਰ ਤੇ ਅਰਥ ਸ਼ਾਸਤਰ ਦੀ ਐਮ. ਏ ਪਾਸ ਕੀਤੀ ਅਤੇ ਅਗਲੇ ਸਾਲ ਅੰਗਰੇਜ਼ੀ ਦੀ ਐਮ. ਏ ਪਾਸ ਕੀਤੀ। 1937 ਤੋਂ 1940 ਤੱਕ ਆਪ ਲਾਹੌਰ ਤੋਂ 'ਨਾਰਦਰਨ ਰੀਵਿਊ' ਨਾਂ ਦਾ ਸਮਾਚਾਰ ਪੱਤਰ ਕੱਢਦੇ ਰਹੇ।

ਸੰਤ ਸਿੰਘ ਸੇਖੋਂ ਨੇ ਕਵਿਤਾ, ਕਹਾਣੀ, ਨਾਟਕ, ਆਲੋਚਨਾ ਅਤੇ ਨਿਬੰਧ ਹਰ ਸਾਹਿਤ ਰੂਪ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾਇਆ ਹੈ। ਨਾਟਕ ਦੇ ਖੇਤਰ ਵਿੱਚ ਉਸਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਆਪ ਨੇ ਗਿਆਰਾਂ ਪੂਰੇ ਨਾਟਕ ਅਤੇ ਚਾਰ ਇਕਾਂਗੀ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ।

ਨਾਟਕ- ਕਲਾਕਾਰ, ਨਾਰਕੀ, ਮੋਇਆ ਸਾਰ ਨਾ ਕਾਈ, ਬੇੜਾ ਬੰਧ ਨਾ ਸਕਿਓ, ਭੂਮੀਦਾਨ, ਵਾਰਸ, ਦਮਯੰਤੀ, ਸਿਆਲਾਂ ਦੀ ਨੱਢੀ, ਮਿੱਤਰ ਪਿਆਰਾ, ਬੰਦਾ ਬਹਾਦਰ, ਵੱਡਾ ਘਲੂਘਾਰਾ ਆਦਿ।

ਇਕਾਂਗੀ- ਛੇ ਘਰ, ਤਪਿਆ ਕਿਉਂ ਖਪਿਆ, ਸੁੰਦਰ ਮੱਦ ਆਦਿ।

ਮਿੱਤਰ ਪਿਆਰਾ ਲਈ ਸੰਤ ਸਿੰਘ ਸੇਖੋਂ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।

ਸੇਖੋਂ ਦੀਆਂ ਰਚਨਾਵਾਂ ਵਿੱਚ ਸਿਧਾਂਤਕ ਢੰਗ ਦੀ ਬੌਧਿਕਤਾ ਪ੍ਰਧਾਨ ਹੈ। ਸੇਖੋਂ ਦੀ ਲਿਖਣ ਸ਼ੈਲੀ ਦੀ ਵਿਸ਼ੇਸ਼ਤਾ ਉਸ ਦੇ ਵਿਸ਼ਿਆਂ ਦੀ ਚੋਣ ਅਤੇ ਨਿਭਾਅ ਹੈ। ਉਹ ਭਾਰਤੀ ਸਭਿਆਚਾਰਕ ਪਰੰਪਰਾਵਾਂ ਖਾਸ ਤੌਰ ਤੇ ਮੱਧਕਾਲ ਦੇ ਸਭਿਆਚਾਰ ਤੇ ਰਾਜਸੀ ਇਤਿਹਾਸ ਵਿੱਚ ਵਿਸ਼ੇਸ਼ ਰੁਚੀ ਰੱਖਦਾ ਹੈ। ਉਸਦੇ ਬਹੁਤੇ ਨਾਟਕਾਂ ਤੇ ਇਕਾਂਗੀਆਂ ਵਿੱਚ ਇਤਿਹਾਸਕ ਤੇ ਮਿਥਿਹਾਸਕ ਘਟਨਾਵਾਂ ਨੂੰ ਅਜੋਕੀ ਵਿਗਿਆਨਕ ਦ੍ਰਿਸ਼ਟੀ ਤੋਂ ਘੋਖਿਆ ਤੇ ਵਿਚਾਰਿਆ ਗਿਆ ਹੈ। ਉਹ ਪੌਰਾਣਿਕ ਕਥਾਵਾਂ ਤੇ ਮਧਕਾਲੀ ਘਟਨਾਵਾਂ ਨੂੰ ਨਵੇਂ ਅਰਥ ਦੇ ਕੇ ਅਜੋਕੇ ਮਨੁੱਖ ਦਾ ਹਾਣੀ ਬਣਾ ਦਿੰਦਾ ਹੈ। ਇਸ ਪ੍ਰਕਾਰ ਸੇਖੋਂ ਨੇ ਸਧਾਰਨ ਸਮਸਿਆਵਾਂ ਨੂੰ ਚਿਤਰ ਰਹੇ ਪੰਜਾਬੀ ਨਾਟਕ ਨੂੰ ਜਿਥੇ ਵਿਸ਼ੇ ਪਖੋਂ ਵਿਸ਼ਾਲ ਕੀਤਾ ਹੈ, ਉਥੇ ਇਸ ਨੂੰ ਬੌਧਿਕ ਪੱਧਰ ਦੀ ਗੰਭੀਰਤਾ ਵਾਲਾ ਸਾਹਿਤ ਰੂਪ ਬਣਨ ਦਾ ਵੀ ਮਾਣ ਬਖਸ਼ਿਆ ਹੈ।

ਸੇਖੋਂ ਦੀਆਂ ਰਚਨਾਵਾਂ ਦੀ ਵਾਰਤਾਲਾਪ ਬੜੀ ਯਥਾਰਥਵਾਦੀ ਹੁੰਦੀ ਹੈ। ਭਾਵੇਂ, ਆਪਣੇ ਪਾਤਰਾਂ ਵਿੱਚ ਬਹੁਤ

ਵਾਰੀ ਉਹ ਆਪ ਬੋਲਦਾ ਹੈ। ਸਮਾਜਵਾਦੀ ਚੇਤਨੰਤਾ ਤੇ ਪ੍ਰਗਤੀਸ਼ੀਲ ਵਿਚਾਰਧਾਰਾ ਉਸਦੀ ਕਲਾ ਦਾ ਸਪਸ਼ਟ ਤੇ ਵਿਆਪਕ ਲਕਸ਼ ਹੁੰਦਾ ਹੈ। ਸੇਖੋਂ ਦੀਆਂ ਕਲਾ ਕਿਰਤਾਂ ਗੰਭੀਰ ਅਧਿਐਨ ਦਾ ਵਿਸ਼ਾ ਜ਼ਰੂਰ ਬਣੀਆਂ ਹਨ।

ਪੌਰਾਣਿਕ ਗਾਥਾ ਦਾ ਆਧੁਨਿਕ ਪ੍ਰਕਰਣ ਅਨੁਸਾਰ ਨਵਾਂ ਰੁਪਾਂਤਰ ਅਤੇ ਕਲਾ ਸੰਬੰਧੀ ਨਵੇਂ ਪ੍ਰਯੋਗ ਸੇਖੋਂ ਦੀ ਕਲਾ ਨੂੰ ਉਘਾੜਦੇ ਹਨ। ਉਹ ਆਪਣੀ ਗਲ ਨੂੰ ਬਿਨਾਂ ਕਿਸੇ ਘੁਮਾ-ਫਿਰਾਉ ਤੋਂ ਸਾਫ ਕਹਿਣ ਦੀ ਦਲੇਰੀ ਰੱਖਦੇ ਹਨ, ਇਸੇ ਕਾਰਨ ਉਹ ਕਲਾਕਾਰ, ਲਹੂ-ਮਿੱਟੀ, ਤੇ ਉਮਰ ਦਾ ਪੰਧ (ਸਵੈਜੀਵਨੀ) ਲਈ ਹਮੇਸ਼ਾਂ ਵਾਦ ਵਿਵਾਦ ਦਾ ਵਿਸ਼ਾ ਰਹੇ ਹਨ। ਮੌਲਿਕ ਦ੍ਰਿਸ਼ਟੀ ਤੇ ਬੇਬਾਕ ਨਿਭਾਅ ਸਦਕਾ ਆਪ ਦੀ ਕੋਈ ਰਚਨਾ ਵੀ ਅਣਗੌਲੀ ਨਹੀਂ ਰਹਿੰਦੀ ਅਤੇ ਆਪ ਦੇ ਪ੍ਰਸ਼ੰਸਕਾਂ ਤੇ ਵਿਰੋਧੀਆਂ ਦੇ ਧਿਆਨ ਦਾ ਕੇਂਦਰ ਬਿੰਦੂ ਬਣਦੀ ਹੈ।

ਨਿਰਸੰਦੇਹ ਪ੍ਰਿੰ: ਸੰਤ ਸਿੰਘ ਸੇਖੋਂ ਇੱਕ ਸਾਹਿਤਕਾਰ ਹੋਣ ਦੇ ਨਾਲ ਨਾਲ ਪੰਜਾਬੀ ਸਾਹਿਤ ਦੇ ਉੱਘੇ ਨਾਟਕਕਾਰ ਵੀ ਹੋਏ ਹਨ। ਆਪ ਦੀਆਂ ਰਚਨਾਵਾਂ ਵਿਚਲੀ ਭਾਸ਼ਾ, ਪ੍ਰਗਟਾਅ ਢੰਗ, ਵਿਸ਼ਾਲ ਅਨੁਭਵ, ਮੌਲਿਕਤਾ, ਬੋਧਿਕਤਾ, ਨਵੀਨ ਸੂਹਜ ਅਤੇ ਸੂਖਮਤਾ ਕਾਰਨ ਆਪ ਦੀਆਂ ਸਾਹਿਤਕ ਰਚਨਾਵਾਂ ਦੀ ਵਿਲੱਖਣ ਪਛਾਣ ਹੈ। ਸਹੀ ਅਰਥਾਂ ਵਿੱਚ ਪ੍ਰਿੰ: ਸੰਤ ਸਿੰਘ ਸੇਖੋਂ ਇੱਕ ਯੁੱਗ ਪੁਰਸ਼ ਅਤੇ ਸਮਰਥ ਸਾਹਿਤਕਾਰ ਹੈ ਅਤੇ ਪੰਜਾਬੀ ਸਾਹਿਤ ਨੂੰ ਉਸਦੀ ਦੇਣ ਬੜੀ ਹੀ ਬਹੁਮੁੱਲੀ ਹੈ।

**ਪ੍ਰਸ਼ਨ -ਅਜਮੇਰ ਸਿੰਘ ਔਲਖ ਦਾ ਪੰਜਾਬੀ ਸਾਹਿਤ ਵਿੱਚ ਯੋਗਦਾਨ-**

'ਅਜਮੇਰ ਸਿੰਘ ਔਲਖ, ਪੰਜਾਬੀ-ਨਾਟ ਪੰਰਪਰਾ ਵਿੱਚ ਨਵੀਆਂ ਸੰਭਾਵਨਾਂ ਉਜਾਗਰ ਕਰਨ ਵਾਲਾ ਨਾਟਕਕਾਰ ਹੈ। ਆਪ ਦਾ ਜਨਮ 19 ਅਗਸਤ, 1942 ਨੂੰ ਜਿਲ੍ਹਾ ਸੰਗਰੂਰ ਵਿਖੇ ਸ. ਕੌਰ ਸਿੰਘ ਦੇ ਘਰ ਹੋਇਆ।

ਅਜਮੇਰ ਸਿੰਘ ਔਲਖ ਨੇ ਪ੍ਰਾਇਮਰੀ ਤੱਕ ਦੀ ਵਿਦਿਆ ਪਿੰਡ ਕਿਸ਼ਨਗੜ੍ਹ ਫਰਵਾਹੀ ਵਿਖੇ 1952 ਤੱਕ ਹਾਸਲ ਕੀਤੀ। 1958 ਵਿੱਚ ਸਰਕਾਰੀ ਹਾਈ ਸਕੂਲ ਭੀਖੀ ਤੋਂ ਦਸਵੀਂ ਪਾਸ ਕਰਨ ਤੋਂ ਬਾਅਦ 1963 ਵਿੱਚ ਉਸਨੇ ਪ੍ਰਾਈਵੇਟ ਤੌਰ ਤੇ ਬੀ. ਏ. ਪਾਸ ਕੀਤੀ। ਇਸ ਤੋਂ ਬਾਅਦ 1962 ਵਿੱਚ ਪੰਜਾਬੀ ਯੂਨੀਵਰਸਿਟੀ ਤੋਂ ਪੰਜਾਬੀ ਵਿੱਚ ਐਮ. ਏ. ਕੀਤੀ। ਅਗਸਤ, 1965 ਤੋਂ ਉਹ ਨਹਿਰੂ ਮੈਮੋਰੀਅਲ ਕਾਲਜ ਮਾਨਸਾ, ਵਿਖੇ ਪੰਜਾਬੀ ਪ੍ਰ. ਅਧਿਆਪਕ ਵਜੋਂ ਕੰਮ ਕਰਦੇ ਰਹੇ।

**ਸਾਹਿਤਕ ਦੇਣ:** ਅਜਮੇਰ ਸਿੰਘ ਔਲਖ ਦੀ ਨਾਟਕ ਤੇ ਇਕਾਂਗੀ ਸਾਹਿਤ ਰਚਨਾ ਵਿੱਚ ਮਹਾਨ ਦੇਣ ਹੈ।

ਨਾਟਕ- ਸੱਤ ਬੇਗਾਨੇ, ਇਕ ਦਰਿਆ ਸੀ, ਕੇਹਰ ਸਿੰਘ ਦੀ ਮੌਤ, ਸਲਵਾਨ।

ਇਕਾਂਗੀ ਸੰਗ੍ਰਹਿ- ਅਰਬਦ-ਨਰਬਦ ਧੁੰਧਕਾਰਾ, ਬੇਗਾਨੇ ਬੋਹੜ ਦੀ ਛਾਂ, ਅੰਨੇ ਨਿਸ਼ਾਨਚੀ, ਮੇਰੇ ਚੋਣਵੇਂ ਇਕਾਂਗੀ, ਗਾਨੀ।

ਉਸ ਦੀ ਰਚਨਾ 'ਅਰਬਦ ਨਰਬਦ ਧੁੰਧੂਕਾਰਾ' ਨੂੰ ਪੰਜਾਬੀ ਸਾਹਿਤ ਅਕਾਦਮੀ ਵਲੋਂ 1985 ਵਿੱਚ ਐਵਾਰਡ ਦਿੱਤਾ ਗਿਆ। 1985 ਵਿੱਚ ਕ੍ਰਿਏਟਿਵ ਆਰਟਸ ਚੰਡੀਗੜ੍ਹ ਨਾਮ ਦੀ ਸੰਸਥਾ ਨੇ ਵੀ ਔਲਖ ਨੂੰ ਸਨਮਾਨਤ ਕੀਤਾ। ਇਸ ਤੋਂ ਛੁੱਟ ਪੰਜਾਬੀ ਅਕਾਦਮੀ ਦਿੱਲੀ ਵਲੋਂ ਵੀ ਉਸਨੂੰ ਪੁਰਸਕਾਰ ਪ੍ਰਾਪਤ ਹੋ ਚੁੱਕਾ ਹੈ।

ਅਜਮੇਰ ਸਿੰਘ ਔਲਖ ਨੂੰ ਪੰਜਾਬੀ ਨਾਟਕ ਦੇ ਖੇਤਰ ਵਿੱਚ ਬੜੀ ਜਲਦੀ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰ ਲਈ ਹੈ। ਉਹ ਨਵੀਂ ਪੀੜ੍ਹੀ ਦੇ ਉਨ੍ਹਾਂ ਲੇਖਕਾਂ ਵਿੱਚ ਸ਼ਾਮਲ ਹੈ, ਜਿਹੜੇ ਲੇਖਕ ਤੇ ਨਿਰਦੇਸ਼ਕ ਰੂਪ



ਵਿੱਚ ਪੰਜਾਬੀ ਰੰਗਮੰਚ ਦੀ ਭਰਪੂਰ ਤਰੱਕੀ ਲਈ ਯਤਨਸ਼ੀਲ ਹਨ। ਉਹ ਆਪਣੀ ਵਿਲੱਖਣ ਨਾਟਕ ਸ਼ੈਲੀ ਕਰ ਕੇ ਵੀ ਪਛਾਣਿਆ ਜਾਂਦਾ ਹੈ।

ਔਲਖ ਨੇ 'ਲੋਕ ਕਲਾ ਮੰਚ, ਮਾਨਸਾ' ਨਾਂ ਦੀ ਸੰਸਥਾ ਦਾ ਨਿਰਮਾਣ ਕਰਕੇ, ਪੰਜਾਬੀ ਰੰਗਮੰਚ ਨੂੰ ਭਰਪੂਰ ਯੋਗਦਾਨ ਦਿੱਤਾ ਹੈ। ਉਸਦਾ ਸਮੁੱਚਾ ਪਰਿਵਾਰ ਹੀ ਰੰਗਮੰਚ ਨੂੰ ਸਮਰਪਿਤ ਹੈ। ਔਲਖ ਨੇ ਪਹਿਲੀ ਵਾਰ ਮਲਵਈ ਉਪਭਾਸ਼ਾ ਨੂੰ ਪੰਜਾਬੀ ਨਾਟਕ ਵਿੱਚ ਇੱਕ ਜੁਗਤ ਵਜੋਂ ਵਰਤਿਆ ਹੈ। ਮਾਲਵੇ ਦੇ ਘੱਟ ਜ਼ਮੀਨੇ ਕਿਸਾਨਾਂ ਦੀ ਯਥਾਰਥਕ ਤਸਵੀਰ ਉਸਦੇ ਨਾਟਕਾਂ ਦਾ ਮੁੱਖ ਵਿਸ਼ਾ ਵਸਤੂ ਹੈ। 'ਬੇਗਾਨੇ ਬੋਹੜ ਦੀ ਛਾਂ', ਇਕਾਂਗੀ ਵਿੱਚ ਉਸਨੇ ਕਿਸਾਨਾਂ ਦੀ ਆਰਥਿਕ ਮੰਦਹਾਲੀ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ। 'ਅਰਬਦ ਨਰਬਦ ਧੁੰਧੂਕਾਰਾ' ਇਕਾਂਗੀ ਵਿੱਚ ਉਸਨੇ ਐਬਸਰਡ ਸ਼ੈਲੀ ਨੂੰ ਅਪਣਾਉਂਦਿਆਂ ਮਿਰਜ਼ਾ, ਪੁੰਨੂ, ਰਾਂਝਾ, ਫਰਿਹਾਦ ਅਤੇ ਮਜਨੂੰ ਜਿਹੇ ਆਸ਼ਕਾਂ ਨੂੰ ਆਪਣੇ ਅਧਿਕਾਰਾਂ ਦੀ ਰਖਵਾਲੀ ਲਈ ਸੁਚੇਤ ਸੰਘਰਸ਼ਸ਼ੀਲ ਹੁੰਦੇ ਵਿਖਾਇਆ ਹੈ। 'ਸੱਤ ਬੇਗਾਨੇ', ਨਾਟਕ ਨੂੰ ਉਸਦੀ ਨਾਟਕਕਲਾ ਦਾ ਇੱਕ ਨਵਾਂ ਅਨੁਭਵ ਆਖਿਆ ਜਾ ਸਕਦਾ ਹੈ। 'ਬ੍ਰਹਮ ਭੋਜ' ਇਕਾਂਗੀ ਵਿੱਚ ਲੇਖਕ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵਿਚੋਂ ਉਸ ਘਟਨਾ ਨੂੰ ਸਾਕਾਰ ਕੀਤਾ ਹੈ, ਜਿਸ ਵਿੱਚ ਗੁਰੂ ਜੀ ਭਾਈ ਲਾਲੋ ਦੀ ਰੋਟੀ ਵਿੱਚ ਦੁੱਧ ਤੇ ਮਲਿਕ ਭਾਗੋ ਦੀ ਰੋਟੀ ਵਿੱਚ ਖ਼ੂਨ ਦੀ ਹੋਂਦ ਦਸਦੇ ਹਨ। ਲੇਖਕ ਨੇ ਗੁਰੂ ਜੀ ਨੂੰ ਇੱਕ ਮਹਾਨ ਕ੍ਰਾਂਤੀਕਾਰ ਤੇ ਇਨਕਲਾਬੀ ਆਗੂ ਸਿੱਧ ਕਰਦਿਆਂ ਸੱਚੀ ਕਿਰਤ ਤੇ ਕਿਰਤੀ ਦੇ ਸਮਰਥਕ ਦਰਸਾਇਆ ਹੈ। ਗੁਰੂ ਜੀ ਨੂੰ ਸਟੇਜ ਉੱਤੇ ਲਿਆਏ ਬਿਨਾਂ ਹੀ ਇਸ ਘਟਨਾ ਵਿੱਚੋਂ ਗੁਰੂ ਜੀ ਦੀ ਸਖਸ਼ੀਅਤ ਦੀ ਉਸਾਰੀ ਕੀਤੀ ਗਈ ਹੈ ਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਜੋਕੇ ਯੁੱਗ ਲਈ ਸਾਰਥਕ ਸਾਬਤ ਕੀਤਾ ਗਿਆ ਹੈ।

ਔਲਖ ਆਪਣੇ ਵਿਸ਼ੇ ਵਸਤੂ ਨੂੰ ਪ੍ਰਕ੍ਰਿਤੀਵਾਦੀ ਦ੍ਰਿਸ਼ਟੀ ਤੋਂ ਸੰਵਾਰਦਾ ਤੇ ਉਸਾਰਦਾ ਹੈ। ਉਹ ਇੱਕ ਪਾਸੇ ਪੰਜਾਬੀ ਰੰਗਮੰਚ ਉੱਤੇ ਆਧੁਨਿਕ ਪੱਛਮੀ ਨਾਟਕ-ਤਕਨੀਕਾਂ ਦੀ ਪੇਸ਼ਕਾਰੀ ਲਈ ਯਤਨਸ਼ੀਲ ਹੁੰਦਾ ਹੈ ਦੂਜੇ ਪਾਸੇ ਆਲੇ ਦੁਆਲੇ ਦੀ ਜੀਉਂਦੀ ਜਾਗਦੀ ਜ਼ਿੰਦਗੀ ਨੂੰ ਅਤਿਯਥਾਰਥਕ ਚਿਤਰਨ ਵਿੱਚ ਸਾਕਾਰ ਕਰਦਾ ਹੈ। ਜੀਵਨ ਦਾ ਯਥਾਰਥ ਚਿਤਰਦਿਆਂ ਉਹ ਅਕਸਰ ਮਲਵਈ ਰਹਿਣੀ ਤੇ ਉਪਭਾਸ਼ਾਈ ਮੁਹਾਵਰੇ ਦੀ ਵਰਤੋਂ ਕਰਦਾ ਹੈ। ਉਹ ਮਨੁੱਖੀ ਜੀਵਨ ਦੇ ਹਰ ਪੱਖ ਨੂੰ ਨਾਟਕੀ ਸੰਗਠਨ ਦਾ ਅੰਸ਼ ਬਣਾ ਲੈਂਦਾ ਹੈ। ਰੰਗਮੰਚ ਦੀ ਦ੍ਰਿਸ਼ਟੀ ਤੋਂ ਔਲਖ ਦੇ ਸਾਰੇ ਨਾਟਕ ਸਫਲ ਕਹੇ ਜਾ ਸਕਦੇ ਹਨ। ਉਹਨਾਂ ਨੂੰ ਅਨੇਕਵਾਰ ਸਟੇਜ ਉੱਤੇ ਖੇਡਿਆ ਵੀ ਗਿਆ ਹੈ। ਔਲਖ ਆਪ ਵੀ ਉੱਘਾ ਰੰਗਕਰਮੀ ਹੈ ਅਤੇ ਪੇਂਡੂ ਰੰਗ ਮੰਚ ਦੀ ਉਸਾਰੀ ਵਿੱਚ ਉਸਦਾ ਪ੍ਰਮੁੱਖ ਯੋਗਦਾਨ ਹੈ। ਉਹ ਪਿੰਡਾਂ ਵਿੱਚ ਜਾ ਕੇ ਨਾਟਕ ਖੇਡਣ ਵਾਲਾ ਸਿਰੜੀ ਨਿਰਦੇਸ਼ਕ ਹੈ। ਉਸ ਦੀਆਂ ਰੰਗਮੰਚੀ ਜੁਗਤਾਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਅੰਤ ਵਿੱਚ ਆਖ ਸਕਦੇ ਹਾਂ ਕਿ ਪੰਜਾਬੀ ਨਾਟਕ ਅਤੇ ਰੰਗਮੰਚੀ ਵਿਕਾਸ ਵਿੱਚ ਅਜਮੇਰ ਸਿੰਘ ਔਲਖ ਦਾ ਵਿਸ਼ੇਸ਼ ਸਥਾਨ ਹੈ।

**ਪ੍ਰਸ਼ਨ - ਸੁਰਜੀਤ ਸਿੰਘ ਜੀਵਨ ਤੇ ਰਚਨਾ**

'ਸੁਰਜੀਤ ਸਿੰਘ ਸੇਠੀ' ਦਾ ਜਨਮ 1 ਅਕਤੂਬਰ, 1928 ਨੂੰ ਪਿੰਡ ਗੁਜਰਖਾਨ ਰਾਵਲਪਿੰਡੀ ਵਿਖੇ ਹੋਇਆ। ਆਪ ਨੇ ਅੰਗਰੇਜ਼ੀ ਤੇ ਪੰਜਾਬੀ ਦੀ ਐਮ. ਏ ਕਰਨ ਦੇ ਨਾਲ ਪੀ. ਐਚ. ਡੀ ਦੀ ਡਿਗਰੀ ਵੀ ਹਾਸਲ ਕੀਤੀ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਨੌਕਰੀ ਕਰਦੇ ਹੋਏ, ਉਥੋਂ ਥੀਏਟਰ ਅਤੇ ਟੈਲੀਵਿਜ਼ਨ ਵਿਭਾਗ ਵਿੱਚ ਪ੍ਰੋ. ਵਜੋਂ ਰਿਟਾਇਰ ਹੋਏ। ਪੰਜਾਬੀ ਯੂਨੀਵਰਸਿਟੀ ਨੇ ਆਪ ਨੂੰ 1994 ਵਿੱਚ ਲਾਈਫ਼ ਫੈਲੋਸ਼ਿਪ ਪ੍ਰਦਾਨ ਕੀਤਾ। 21 ਮਾਰਚ, 1995 ਵਿੱਚ ਦਿੱਲੀ ਵਿਖੇ ਆਪ ਦਾ ਦਿਹਾਂਤ ਹੋ ਗਿਆ।

ਰਚਨਾਵਾਂ

ਨਾਟਕ- 'ਕਾਫੀ ਹਾਊਸ', 'ਕੱਚਾ ਘੜਾ', 'ਕਾਦਰਯਾਰ', 'ਭਰਿਆ ਭਰਿਆ, ਸੱਖਣਾ ਸੱਖਣਾ', 'ਕਿੰਗ ਮਿਰਜ਼ਾ ਤੇ ਸਪੇਰਾ', 'ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ', 'ਗੁਰ ਬਿਨ ਘੋਰ ਅੰਧਕਾਰ', 'ਨੰਗੀ ਰਾਤ ਸੜਕ ਦਾ ਉਹਲਾ', 'ਮੇਰਾ ਮੁਰਸ਼ਦ ਮੋੜ ਲਿਆਓ', 'ਇਹ ਜ਼ਿੰਦਗੀ ਹੈ ਦੋਸਤੋ', 'ਦੇਵਤਿਆਂ ਦਾ ਥੀਏਟਰ', ਕੁਰਸੀ ਨਾਚ ਨਚਾਏ', 'ਪੇਬਲ ਬੀਚ ਤੇ ਲੌਂਗ ਗੁਆਚਾ', ਆਦਿ।

ਇਕਾਂਗੀ ਸੰਗ੍ਰਹਿ- 'ਪਰਦੇ ਪਿੱਛੇ', 'ਚਲਦੇ ਫਿਰਦੇ ਬੁੱਤ', ਆਦਿ

ਸਵੈਜੀਵਨੀ- 'ਮੇਰੀ ਸਾਹਿਤਕ ਸਵੈਜੀਨਵੀ', 'ਮੇਰੀ ਇਹ ਮੰਜ਼ਲ ਨਹੀਂ।

ਡਾ. ਸੇਠੀ ਦਾ ਲੇਖਣ ਕਾਰਜ ਬਹੁਤ ਵਿਸ਼ਾਲ ਹੈ। ਉਹਨਾਂ ਨੇ ਨਾਟਕ, ਇਕਾਂਗੀ, ਜੀਵਨ, ਸਵੈਜੀਵਨੀ, ਕਹਾਣੀ, ਨਾਵਲ, ਡਾਇਰੀ, ਸਫਰਨਾਮਾ, ਆਲੋਚਨਾ ਆਦਿ ਨਾਲ ਸੰਬੰਧਿਤ ਲੇਖਣ ਕਾਰਜ ਕੀਤਾ।

ਆਪ ਦੇ ਨਾਟਕ ਆਧੁਨਿਕ ਮਨੁੱਖ ਦੀਆਂ ਜਟਿਲਤਾਵਾਂ ਦੀ ਪੇਸ਼ਕਾਰੀ ਕਰਦੇ ਹਨ। ਉਹਨਾਂ ਨੇ ਐਬਸਰਡ ਨਾਟਧਾਰਾ, ਦੇ ਪ੍ਰਭਾਵ ਅਧੀਨ ਵੀ ਨਾਟ-ਰਚਨਾ ਕੀਤੀ।

ਉਹਨਾਂ ਦੇ ਨਾਟਕਾਂ ਵਿੱਚ ਤਕਨੀਕੀ ਤੌਰ ਤੇ ਵਿਸ਼ਾਲ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦੇ ਹਨ। ਆਪ ਨੂੰ ਰੰਗਮੰਚੀ ਚੇਤਨਾ ਦਾ ਨਾਟਕਕਾਰ ਕਿਹਾ ਜਾਂਦਾ ਹੈ।

ਰੰਗਮੰਚ ਦੇ ਸਿਧਾਂਤਾਂ ਬਾਰੇ ਆਪ ਨੂੰ ਬਹੁਤ ਜਾਣਕਾਰੀ ਸੀ ਜਿਸ ਦਾ ਸਮਨਵੈ ਉਸ ਦੇ ਨਾਟਕਾਂ ਵਿੱਚ ਨਜ਼ਰ ਆਉਂਦਾ ਹੈ।

ਡਾ. ਸੇਠੀ ਇੱਕ ਗਤੀਸ਼ੀਲ ਰਚਨਾਕਾਰ ਸੀ। ਆਖਰੀ ਪਲ ਤੱਕ ਉਹ ਆਪਣੀ ਸਿਰਜਣਾਤਮਕਤਾ ਦੇ ਗੌਰਵ ਨਾਲ ਜੀਵਿਆ। ਉਹ ਦਬੰਗ ਸਖਸ਼ੀਅਤ ਦਾ ਮਾਲਕ ਸੀ। ਉਸਨੇ ਝੁੱਕਣਾ ਨਹੀਂ ਸੀ ਸਿਖਿਆ। ਉਸ ਦੀ ਇਸ ਖੁੱਦਾਰ ਸ਼ਖਸੀਅਤ ਦਾ ਪਰਛਾਵਾਂ ਉਸਦੀ ਰਚਨਾ ਵਿੱਚ ਮੌਜੂਦ ਹੈ।

ਡਾ. ਸੇਠੀ ਨੇ ਪੰਜਾਬੀ ਨਾਟਕ ਅਕੈਡਮੀ ਦੀ ਸਥਾਪਨਾ ਕੀਤੀ। ਪੰਜਾਬੀ ਯੂਨੀਵਰਸਿਟੀ ਦੀ ਥੀਏਟਰ ਅਤੇ ਟੀ.ਵੀ ਵਿਭਾਗ ਨੂੰ ਪੱਕੇ ਪੈਰੀਂ ਖੜਾ ਕਰਨ ਵਿੱਚ ਉਸਦਾ ਯੋਗਦਾਨ ਸੀ।





# ਮਾਂ ਦਾ ਡਿਪਟੀ

**'ਮਾਂ ਦਾ ਡਿਪਟੀ' ਇਕਾਂਗੀ ਸਾਹਿਤਕ ਆਲੋਚਨਾ ਤੇ ਰੰਗਮੰਚੀ ਸਾਰਥਿਕਤਾ—**

'ਮਾਂ ਦਾ ਡਿਪਟੀ' ਇਕਾਂਗੀ 'ਆਈ.ਸੀ. ਨੰਦਾ' ਦੁਆਰਾ ਲਿਖਿਆ ਗਿਆ ਹੈ। ਇਕਾਂਗੀ ਦੇ ਤੱਤਾਂ ਦੇ ਆਧਾਰ ਉੱਤੇ ਇਸ ਦਾ ਕਲਾਪੱਖ ਹੇਠ ਲਿਖੇ ਅਨੁਸਾਰ ਹੈ।

1. **ਵਿਸ਼ਾ ਵਸਤੂ—** 'ਮਾਂ ਦਾ ਡਿਪਟੀ' ਇਕਾਂਗੀ ਆਈ.ਸੀ. ਨੰਦਾ ਦੁਆਰਾ ਲਿਖਿਆ ਗਿਆ ਹੈ। ਇਸ ਦਾ ਵਿਸ਼ਾ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਸੰਬੰਧਤ ਹੈ। ਇਸ ਵਿੱਚ ਵਸਾਵਾ ਸਿੰਘ ਇੱਕ ਸਾਧਾਰਨ ਕਿਸਾਨ ਹੈ ਜੋ ਆਪਣੇ ਪੁੱਤਰ ਨਾਰਾਇਣ ਸਿੰਘ ਨੂੰ ਆਪਣੀ ਹੈਸੀਅਤ ਤੋਂ ਵੱਧ ਖਰਚ ਕੇ ਸ਼ਹਿਰ ਪੜ੍ਹਨ ਭੇਜਦਾ ਹੈ ਤਾਂ ਜੋ ਉਹ ਪੜ੍ਹ ਲਿਖ ਕੇ ਚੰਗੀ ਥਾਂ ਨੌਕਰੀ ਲੱਗ ਜਾਵੇ। ਨਾਰਾਇਣ ਦੀ ਮਾਂ ਆਪਣੇ ਪੁੱਤਰ ਨੂੰ ਡਿਪਟੀ ਬਣਿਆ ਵੇਖਣਾ ਲੋਚਦੀ ਹੈ। ਇਸ ਸਾਰੇ ਕਾਰਜ ਲਈ ਵਧਾਵਾ ਸਿੰਘ ਪਿੰਡ ਦੇ ਸ਼ਾਹੂਕਾਰ ਤੋਂ ਕਰਜ਼ਾ ਲੈਂਦਾ ਹੈ। ਸਮਾਂ ਬੀਤਣ ਉਪਰੰਤ ਸ਼ਾਹੂਕਾਰ ਬਾਰ-ਬਾਰ ਆ ਕੇ ਆਪਣਾ ਦਿੱਤਾ ਪੈਸਾ ਵਾਪਸ ਮੰਗਦਾ ਹੈ ਪਰ ਵਸਾਵਾ ਸਿੰਘ ਪੈਸਾ ਵਾਪਸ ਕਰਨ ਤੋਂ ਅਸਮਰਥ ਹੈ। ਬੀ.ਏ. ਪਾਸ ਕਰਨ ਤੋਂ ਬਾਅਦ ਵੀ ਨਾਰਾਇਣ ਸਿੰਘ ਨੂੰ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਵਸਾਵਾ ਸਿੰਘ ਅਤੇ ਉਸਦੀ ਪਤਨੀ ਦੀਆਂ ਆਸਾਂ, ਉਮੀਦਾਂ ਉੱਪਰ ਪਾਣੀ ਫਿਰ ਜਾਂਦਾ ਹੈ। ਨਾਰਾਇਣ ਸਿੰਘ ਆਖਦਾ ਹੈ ਕਿ ਜੇਕਰ ਉਸਨੂੰ ਦੋ ਸਾਲਾਂ ਲਈ ਹੋਰ ਪੜ੍ਹਨ ਲਈ ਭੇਜ ਦਿੱਤਾ ਜਾਵੇ ਤਾਂ ਹੀ ਉਸਨੂੰ ਚੰਗੀ ਨੌਕਰੀ ਮਿਲੇਗੀ। ਪਰ ਵਸਾਵਾ ਸਿੰਘ ਆਖਦਾ ਹੈ ਕਿ ਉਹ, ਉਸਨੂੰ ਹੋਰ ਪੜ੍ਹਾਉਣ ਤੋਂ ਅਸਮਰਥ ਹੈ ਕਿਉਂਕਿ ਉਹ ਤਾਂ ਪਹਿਲਾਂ ਹੀ ਕਰਜ਼ੇ ਵਿਚ ਡੁੱਬਿਆ ਹੋਇਆ ਹੈ ਅਤੇ ਕੁੜੀ ਦਾ ਵਿਆਹ ਵੀ ਸਿਰ ਉੱਤੇ ਹੈ।

ਬੇਬੇ ਦੇ ਪੁੱਛਣ ਉੱਤੇ ਨਾਰਾਇਣ ਸਿੰਘ ਆਖਦਾ ਹੈ ਕਿ ਉਸਨੂੰ ਇਸ ਸਮੇਂ 40 ਰੁ. ਮਹੀਨੇ ਦੀ ਹੀ ਨੌਕਰੀ ਮਿਲ ਸਕਦੀ ਹੈ। ਇਹ ਸੁਣ ਕੇ ਬੇਬੇ ਦਾ ਦਿਲ ਟੁੱਟ ਜਾਂਦਾ ਹੈ। ਕਿੱਥੇ ਉਸ ਨੇ ਪੰਜ-ਸੱਤ ਸੌ ਰੁਪਏ ਮਹੀਨੇ ਦੇ ਸੁਪਨੇ ਵੇਖੇ ਸਨ ਪਰ ਨੌਕਰੀ ਕੇਵਲ 40 ਰੁਪਏ ਮਹੀਨੇ ਦੀ ਮਿਲ ਰਹੀ ਸੀ।

**ਉਦੇਸ਼—**ਇਕਾਂਗੀ ਦਾ ਉਦੇਸ ਪੇਂਡੂ ਜੀਵਨ ਦੇ ਯਥਾਰਥ ਨੂੰ ਹਰ ਪੱਖ ਤੋਂ ਪੇਸ਼ ਕਰਕੇ ਵਿਖਾਉਣਾ ਹੈ। ਅਜੋਕੇ ਪੰਜਾਬੀ ਪਰਿਵਾਰਾਂ ਦੇ ਮਾਂ-ਬਾਪ ਆਪਣੀ ਜ਼ਮੀਨ ਗਹਿਣੇ ਪਾ ਕੇ ਬੱਚਿਆਂ ਨੂੰ ਚੰਗੀ ਤਾਲੀਮ ਦੇ ਕੇ ਉੱਚੇ ਔਹਦਿਆਂ ਉੱਪਰ ਵੇਖਣਾ ਲੋਚਦੇ ਹਨ। ਪਰ ਯਥਾਰਥਕ ਜੀਵਨ ਬੇਰੁਜ਼ਗਾਰੀ ਦੀ ਸਮੱਸਿਆ ਕਾਰਨ ਜਿੱਥੇ ਮਾਂ ਬਾਪ ਦੇ ਸੁਪਨੇ ਟੁੱਟਦੇ ਹਨ, ਉਥੇ ਬੱਚੇ ਵੀ ਪੰਜਾਬੀ ਸਭਿਆਚਾਰ ਤੋਂ ਟੁੱਟਦੇ ਜਾ ਰਹੇ ਹਨ।

**ਪਲਾਟ ਜਾਂ ਗੋਂਦ—**ਇਕਾਂਗੀ ਦਾ ਪਲਾਟ ਯਥਾਰਥਕ ਹੈ। ਇਸ ਦੀ ਗੋਂਦ ਕੱਸੀ ਹੋਈ ਹੈ। ਕੋਈ ਵੀ ਘਟਨਾ

ਅਜਿਹੀ ਨਹੀਂ ਜੋ ਵਾਧੂ ਪ੍ਰਤੀਤ ਹੋਵੇ। ਇਸ ਦਾ ਪਲਾਟ ਤਿੰਨ ਝਾਂਕੀਆਂ ਵਿੱਚ ਸਿਰਜਿਆ ਗਿਆ ਹੈ। ਜਿਸ ਵਿੱਚ ਨਾਰਾਇਣ ਸਿੰਘ ਦਾ ਲਾਹੌਰ ਪੜ੍ਹਨ ਜਾਣਾ, ਬਾਰ ਬਾਰ ਪੈਸੇ ਮੰਗਣੇ, ਵਸਾਵਾ ਸਿੰਘ ਦਾ ਵਾਪਸ ਆਉਣਾ, ਸ਼ਾਹੂਕਾਰ ਦਾ ਪੈਸੇ ਵਾਪਸ ਮੰਗਣੇ, ਨਾਰਾਇਣ ਸਿੰਘ ਦਾ ਸ਼ਿਮਲੇ ਜਾਣਾ ਤੇ ਵਾਪਸ ਆ ਕੇ 40 ਰੁਪਏ ਦੀ ਨੌਕਰੀ ਮਿਲ ਸਕਣ ਦੀ ਖਬਰ ਸੁਣਾਉਣ ਤੱਕ ਦੀਆਂ ਘਟਨਾਵਾਂ ਸ਼ਾਮਿਲ ਹਨ।

**ਪਾਤਰ ਉਸਾਰੀ**—ਇਕਾਂਗੀ ਦੇ ਪਾਤਰ ਯਥਾਰਥਕ ਪ੍ਰਤੀਤ ਹੁੰਦੇ ਹਨ। ਵਸਾਵਾ ਸਿੰਘ ਪੁੱਤਰ ਨੂੰ ਪੜ੍ਹਾਉਣ ਖਾਤਰ ਜ਼ਮੀਨ ਗਹਿਣੇ ਪਾਉਂਦਾ ਹੈ। ਬੇਬੇ, ਪੁੱਤਰ ਨੂੰ ਡਿਪਟੀ ਬਣਿਆ ਵੇਖਣਾ ਚਾਹੁੰਦੀ ਹੈ। ਨਾਰਾਇਣ ਸਿੰਘ ਜੋ ਕਿ ਪੜ੍ਹ ਲਿਖ ਕੇ ਵੀ ਬੇਰੁਜ਼ਗਾਰ ਹੈ ਅਤੇ ਆਪਣੇ ਸਭਿਆਚਾਰ ਤੋਂ ਵੀ ਟੁੱਟ ਜਾਂਦਾ ਹੈ। ਸੋ ਪਾਤਰ ਉਸਾਰੀ ਦੇ ਪੱਖ ਤੋਂ ਇਹ ਉੱਤਮ ਰਚਨਾ ਹੈ।

**ਵਾਤਾਵਰਨ**—ਇਕਾਂਗੀ ਦਾ ਵਾਤਾਵਰਣ ਪੇਂਡੂ ਧਰਾਤਲ ਵਾਲਾ ਹੈ ਜਿਸ ਵਿੱਚ ਕਿਸਾਨ ਵਸਾਵਾ ਸਿੰਘ ਦਾ ਜ਼ਮੀਨ ਗਹਿਣੇ ਪਾਉਣ, ਬੇਬੇ ਦੇ ਸੁਪਨੇ ਅਤੇ ਨਾਰਾਇਣ ਸਿੰਘ ਦਾ ਆਪਣੇ ਸਭਿਆਚਾਰ ਤੋਂ ਟੁੱਟਣ ਦਾ ਯਥਾਰਥ ਬਿਆਨ ਕੀਤਾ ਗਿਆ ਹੈ।

**ਵਾਰਤਾਲਾਪ**—ਵਾਰਤਾਲਾਪ ਦੇ ਪੱਖੋਂ ਵੀ ਇਹ ਉੱਤਮ ਰਚਨਾ ਹੈ। ਇਕਾਂਗੀ ਵਿਚਲੀ ਵਾਰਤਾਲਾਪ ਚੁਸਤ ਤੇ ਰੋਚਕਤਾ ਭਰਪੂਰ ਹੈ। ਕੋਈ ਵੀ ਵਾਕ ਅਜਿਹਾ ਨਹੀਂ ਜਿਸ ਤੋਂ ਅਸਪਸ਼ਟਤਾ ਝਲਕਦੀ ਹੋਵੇ। ਵਾਰਤਾਲਾਪ ਰਾਹੀਂ ਪਾਤਰਾਂ ਦੇ ਚਰਿੱਤਰ ਉਘਾੜੇ ਗਏ ਹਨ।

**ਨਾਰਾਇਣ ਸਿੰਘ**—ਤੂੰ ਤੇ ਬੇਬੇ ਮੇਰੇ ਕੰਨ ਖਾ ਲਏ (ਨੌਕਰੀ ਨੌਕਰੀ ਕਰਕੇ, ਮੈਂ ਨੌਕਰੀ ਕੋਈ ਜੇਬ ਵਿੱਚ ਪਾਈ ਫਿਰਨਾ ਵਾਂ ? ਮੈਂ ਪਿਛਾ ਛੁਡਾਉਣ ਦਾ ਮਾਰਾ, ਚਲਿਆ ਗਿਆ, ਹੋਰ ਜੋਤਾਂ ਲਾਉਣ ਦਾ ਸ਼ੋਕ ਥੋੜ੍ਹਾ ਕੁਦਿਆ ਸੀ ਮੈਨੂੰ ?

ਵਾਰਤਾਲਾਪ ਰਾਹੀਂ ਹਾਸ ਰਸ ਵੀ ਪੈਦਾ ਕੀਤਾ ਗਿਆ ਹੈ।

ਨਾਰਾਇਣ ਸਿੰਘ—ਬਾਈ ਗੋਡ, ਮੇਰਾ ਪੇਪਰ 'ਸੀ' ਖਰਾਬ ਹੋ ਗਿਆ ਸੀ। ਬੇਬੇ ਮੈਂ ਬਿਲਕੁਲ, ਕਨਫਿਊਜ਼ ਹੋ ਗਿਆ ਸੀ ਪਰ ਮੇਰੀ ਗੁੱਡ ਲੱਕ, ਗੁੱਡ ਲੱਕ।

ਬੇਬੇ—ਵੇ ਲਿਆ ਖਾਂ ਪੁੱਤਰ, ਮੈਂ ਘੁੱਟ ਦਿਆਂ ਲੱਕ, ਕੀ ਹੋ ਗਿਆ ਤੇਰੇ ਲੱਕ ਨੂੰ।

ਵਾਰਤਾਲਾਪ ਰਾਹੀਂ ਹੀ ਲੇਖਕ ਨੇ ਅਜੋਕੇ ਨੌਜੁਆਨ ਨੂੰ ਪੰਜਾਬੀ ਸਭਿਆਚਾਰ ਤੋਂ ਟੁੱਟ ਜਾਣ ਉੱਤੇ ਵਿਅੰਗ ਪੇਸ਼ ਕੀਤਾ ਹੈ।

ਨਾਰਾਇਣ—ਬੇਬੇ ਮੈਂ ਬੋਲੀ ਸੱਚੀ ਬੋਲਨਾ ਆਂ, ਉਤੋਂ ਅੱਗ ਪਈ ਵਰਦੀ ਏ, ਖਾਧਾ ਪੀਤਾ, ਕੁਝ ਲਗਦਾ ਨਹੀਂ। ਜੇ ਮੈਂ ਗਰਮੀਆਂ ਪਿੰਡ ਵਿਚ ਕੱਟੀਆਂ ਤੇ ਮੇਰਾ ਕੱਖ ਨਹੀਂ ਰਹਿਣਾ, ਮੈਂ ਮਹੀਨੇ ਦੋ ਮਹੀਨੇ ਹਿਲਜ਼ ਉੱਤੇ ਲਾ ਆਵਾਂ ਤੇ ਭਾਵੇਂ ਤਗੜਾ ਹੋ ਜਾਵਾਂ।

**ਭਾਸ਼ਾ ਸ਼ੈਲੀ**— ਇਕਾਂਗੀ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਇਸ ਵਿੱਚ ਕਿਤੇ-ਕਿਤੇ ਅੰਗਰੇਜ਼ੀ ਸ਼ਬਦਾਵਲੀ ਵੀ ਵਰਤੀ ਗਈ ਹੈ ਜਿਵੇਂ— ਰਿਜ਼ਲਟ, ਕਨਫਿਊਜ਼, ਗੁੱਡ ਲੱਕ, ਮੀਨਿੰਗਜ਼, ਐਕਸਪ੍ਰੈਸ, ਫਾਲਟ, ਵਰਡਜ਼ ਆਦਿ



ਇਕਾਂਗੀ ਦੀ ਸ਼ੈਲੀ ਰੋਚਕਤਾ ਭਰਪੂਰ, ਸੰਜਮਤਾ ਭਰਪੂਰ, ਮੁਹਾਵਰੇਦਾਰ, ਹੱਸ ਰੱਸੀ ਤੇ ਵਿਅੰਗਾਤਮਕ ਹੈ।

"ਵੇ ਲਿਆ ਖਾਂ ਪੁੱਤਰ ਮੈਂ ਘੁੱਟ ਦਿਆ ਲੱਕ, ਕੀ ਹੋ ਗਿਆ ਤੇਰੇ ਲੱਕ ਨੂੰ।

**ਸਿਰਲੇਖ**— ਇਕਾਂਗੀ ਦਾ ਸਿਰਲੇਖ 'ਮਾਂ ਦਾ ਡਿਪਟੀ' ਢੁੱਕਵਾਂ ਹੈ ਜੋ ਕਿ ਗਰੀਬ ਕਿਸਾਨ ਦੇ ਜ਼ਮੀਨ ਗਹਿਣੇ ਪਾ ਕੇ ਪੁੱਤਰ ਨੂੰ ਪੜ੍ਹਾਉਣ ਅਤੇ ਉੱਚੇ ਔਹਦੇ ਉੱਤੇ ਨੌਕਰੀ ਕਰਨ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੈ।

**ਰੰਗਮੰਚੀ ਸਾਰਥਿਕਤਾ**— ਰੰਗਮੰਚ ਦੇ ਪੱਖੋਂ ਵੀ ਇਕਾਂਗੀ ਦੀ ਸਾਰਥਿਕਤਾ ਹੈ। ਕੋਈ ਵੀ ਘਟਨਾ, ਵਿਸ਼ਾ ਜਾਂ ਵਾਰਤਾਲਾਪ ਅਜਿਹਾ ਨਹੀਂ ਜੋ ਰੰਗਮੰਚ ਉੱਪਰ ਪੇਸ਼ ਨਾ ਕੀਤਾ ਜਾ ਸਕੇ ਇਹ ਇਕਾਂਗੀ ਅਜੋਕੇ ਸਮੇਂ ਵਿੱਚ ਵੀ ਉਨ੍ਹਾਂ ਹੀ ਯਥਾਰਥਕ ਹੈ ਜਿੰਨਾ ਕਿ ਜਦੋਂ ਲਿਖਿਆ ਗਿਆ ਸੀ।

**'ਮਨ ਦੀਆਂ ਮਨ ਵਿਚ' ਇਕਾਂਗੀ ਦੀ ਸਾਹਿਤਕ ਆਲੋਚਨਾ ਤੇ ਰੰਗਮੰਚੀ ਸਾਰਥਿਕਤਾ—**

'ਮਨ ਦੀਆਂ ਮਨ ਵਿੱਚ' ਇਕਾਂਗੀ ਡਾ. ਹਰਚਰਨ ਸਿੰਘ ਦੁਆਰਾ ਲਿਖਿਆ ਹੈ। ਇਕਾਂਗੀ ਦੇ ਤੱਤਾਂ ਦੇ ਅਧਾਰ ਉੱਤੇ ਇਸ ਦਾ ਕਲਾ ਪੱਖ ਹੇਠ ਲਿਖੇ ਅਨੁਸਾਰ ਹੈ।

1. **ਵਿਸ਼ਾ ਵਸਤੂ**—'ਮਨ ਦੀਆਂ ਮਨ ਵਿਚ' ਇਕਾਂਗੀ ਹਰਚਰਨ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਦਾ ਸੰਬੰਧ ਸਮਾਜਕ ਯਥਾਰਥ ਨਾਲ ਹੈ। ਇਹ ਔਰਤ ਦੀ ਅਣਜੋੜ ਵਿਆਹ ਦੀ ਸਮੱਸਿਆ ਨਾਲ ਸੰਬੰਧਤ ਹੈ। ਇਸ ਦਾ ਸੰਬੰਧ ਉਸ ਭਾਰਤੀ ਔਰਤ ਨਾਲ ਹੈ ਜੋ ਆਪਣੇ ਸ਼ਰਾਬੀ ਕਬਾਬੀ ਪਤੀ, ਜੋ ਉਸ ਨਾਲ ਸਾਲਾਂ ਬੱਧੀ ਬੁਰਾ ਵਿਵਹਾਰ ਕਰਦਾ ਸੀ ਅਤੇ 12 ਸਾਲਾਂ ਤੋਂ ਘਰ-ਬਾਰ ਛੋੜ ਕੇ ਚਲਾ ਗਿਆ ਸੀ।

ਇਸ ਵਿੱਚ ਅੰਬੋ ਦਾ ਪਤੀ ਸ਼ਰਾਬੀ ਹੈ ਤੇ ਬਿਮਾਰੀ ਦਾ ਖਾਧਾ ਹੋਇਆ ਹੈ ਤੇ 12 ਸਾਲਾਂ ਤੋਂ ਘਰ ਛੱਡ ਚੁੱਕਾ ਹੈ। ਉਹ ਘਰ ਦੀ ਕੋਈ ਉੱਘ-ਸੁੱਘ ਨਹੀਂ ਲੈਂਦਾ ਤੇ ਨਾਂ ਕੋਈ ਚਿੱਠੀ ਪੱਤਰ ਲਿਖਦਾ ਹੈ। ਅੰਬੋ ਪਿੰਡ ਦੇ ਨੌਜੁਆਨ ਸ਼ੇਰੂ ਨੂੰ ਪਿਆਰ ਕਰਨ ਲੱਗ ਜਾਂਦੀ ਹੈ। ਪਿੰਡ ਦੀ ਪੰਚਾਇਤ ਵੀ ਅੰਬੋ ਦਾ ਸ਼ੇਰੂ ਨਾਲ ਵਿਆਹ ਕਰਨ ਲਈ ਤਿਆਰ ਹੋ ਜਾਂਦੀ ਹੈ। ਪਿੰਡ ਦਾ ਨੰਬਰਦਾਰ ਇਸ ਸਾਰੇ ਕਾਰਜ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਵਿਆਹ ਵਾਲੇ ਦਿਨ ਜਦੋਂ 'ਅੰਬੋ' ਤਿਆਰ ਹੋ ਰਹੀ ਹੁੰਦੀ ਹੈ ਤਾਂ 'ਕਰਮ ਸਿੰਘ' ਦੀ ਭੈਣ 'ਕਰਮੋ' ਆਉਂਦੀ ਹੈ ਤੇ 'ਅੰਬੋ' ਨੂੰ ਦੂਜਾ ਵਿਆਹ ਕਰਨ ਤੋਂ ਵਰਜਦੀ ਹੈ ਤੇ ਕੋਸਦੀ ਹੈ। 'ਅੰਬੋ' ਨੂੰ ਬੁਲਾਉਣ ਲਈ ਨਾਈ ਤੇ ਨੰਬਰਦਾਰ ਆਉਂਦੇ ਹਨ। ਜਦੋਂ ਨੰਬਰਦਾਰ 'ਕਰਮੋ' ਨੂੰ ਵਿਆਹ ਵਿੱਚ ਰੁਕਾਵਟ ਨਾ ਬਣਨ ਲਈ ਸਮਝਾ ਬੁਝਾ ਰਿਹਾ ਹੁੰਦਾ ਹੈ, ਉਸੇ ਸਮੇਂ ਬਿਮਾਰੀ ਦਾ ਖਾਧਾ 'ਕਰਮ ਸਿੰਘ' ਪ੍ਰਵੇਸ਼ ਕਰਦਾ ਹੈ। ਇਹ ਇਕਾਂਗੀ ਦਾ ਸਿਖਰ ਹੈ। ਅੰਬੋ ਤੇ ਸ਼ੇਰੂ ਇੱਕ ਦੂਜੇ ਨੂੰ ਬੁੱਤ ਬਣ ਕੇ ਵੇਖਦੇ ਹਨ, ਸ਼ੇਰੂ ਬਾਹਰ ਨਿਕਲ ਜਾਂਦਾ ਹੈ, ਅੰਬੋ ਬੇਹੋਸ਼ ਹੋ ਜਾਂਦੀ ਹੈ। ਉਸ ਦੀਆਂ ਸੱਧਰਾਂ ਮਨ ਵਿੱਚ ਹੀ ਰਹਿ ਜਾਂਦੀਆਂ ਹਨ। ਸੋ ਇਕਾਂਗੀ ਦਾ ਵਿਸ਼ਾ ਔਰਤ ਦੀ ਸਥਿਤੀ ਦੇ ਦੁਖਾਂਤ ਨਾਲ ਸੰਬੰਧਤ ਹੈ। ਸੋ ਵਿਸ਼ੇ ਦੇ ਪੱਖ ਤੋਂ ਇਹ ਇੱਕ ਸਫਲ ਰਚਨਾ ਹੈ।

**ਪਲਾਟ** : ਇਕਾਂਗੀ ਦਾ ਪਲਾਂਟ ਯਥਾਰਥਕ ਹੈ, ਗੋਂਦ ਕੱਸੀ ਹੋਈ ਹੈ। ਇਸ ਵਿਚਲੀ ਕੋਈ ਵੀ ਘਟਨਾ ਵਾਧੂ ਪ੍ਰਤੀਤ ਨਹੀਂ ਹੁੰਦੀ। 'ਕਰਮੇ' ਦਾ ਸ਼ਰਾਬੀ ਹੋਣਾ, ਅੰਬੋ ਨਾਲ ਲੜਾਈ ਝਗੜਾ ਕਰਨਾ, ਘਰ ਛੱਡ ਕੇ ਚਲੇ ਜਾਣਾ ਤੇ 12 ਸਾਲ ਤੱਕ ਕੋਈ ਉੱਘ-ਸੁੱਘ ਨਹੀਂ ਲੈਣੀ, ਅੰਬੋ ਦਾ ਸ਼ੇਰੂ ਵਲ ਝੁਕਾਅ ਤੇ ਵਿਆਹ ਵਾਲੇ ਦਿਨ 'ਅੰਬੋ' ਦੀ ਨਨਾਣ ਦਾ 'ਅੰਬੋ' ਨੂੰ ਬੁਰਾ ਭਲਾ ਆਖਣਾ ਅਤੇ ਵਿਆਹ ਕਰਨ ਤੋਂ ਵਰਜਣਾ, 'ਕਰਮੇ' ਦਾ ਉਸੇ ਸਮੇਂ ਬਿਮਾਰੀ

ਤੇ ਨਸ਼ੇ ਦੀ ਫੱਕੜ ਹਾਲਤ ਵਿਚ ਵਾਪਸ ਪਰਤਣਾ ਤੇ ਅੰਬੋ ਦੇ ਮਨ ਦੀਆਂ ਮਨ ਵਿਚ ਰਹਿ ਜਾਣੀਆ ਆਦਿ ਉਸ ਦੀ ਦੁਖਾਂਤਕ ਸਥਿਤੀ ਨੂੰ ਪੇਸ਼ ਕਰਦੀਆਂ ਘਟਨਾਵਾਂ ਹਨ, ਜੋ ਅੰਬੋ ਦੀ ਤ੍ਰਾਸਦੀ ਰਾਹੀਂ ਔਰਤ ਦੇ ਯਥਾਰਥ (ਦੁਖਾਂਤ) ਨੂੰ ਬਿਆਨ ਕਰਦੀਆਂ ਹਨ।

**ਉਦੇਸ਼**—ਇਸ ਇਕਾਂਗੀ ਸਥਿਤੀ ਦਾ ਉਦੇਸ਼ 'ਅੰਬੋ' ਵਰਗੀਆਂ ਔਰਤਾਂ ਦੀ ਤ੍ਰਾਸਦੀ ਦੇ ਯਥਾਰਥ ਨੂੰ ਪੇਸ਼ ਕਰਨ ਦੇ ਨਾਲ-ਨਾਲ 'ਅੰਬੋ' ਤੇ 'ਸ਼ੇਰੂ' ਦੇ ਵਿਆਹ ਨੂੰ ਮਾਨਤਾ ਦੇਣ ਰਾਹੀਂ ਨਵੀਆਂ ਕਦਰਾਂ ਕੀਮਤਾਂ ਦੇ ਹੱਕ ਵਿਚ ਗਵਾਹੀ ਦਿੱਤੀ ਹੈ।

**ਵਾਤਾਵਰਣ**—ਇਕਾਂਗੀਕਾਰ ਨੇ 'ਸ਼ੇਰੂ' ਤੇ 'ਅੰਬੋ' ਦੇ ਰੁਮਾਂਟਿਕ ਵਾਤਾਵਰਣ ਅਤੇ ਕਰਮੇ ਦੇ ਵਾਪਸ ਪਰਤਣ ਉਪਰੰਤ 'ਅੰਬੋ' ਦੇ ਮਾਨਸਿਕ ਸੰਤਾਪ ਦੇ ਵਾਤਾਵਰਣ ਨੂੰ ਬਾਖੂਬੀ ਪੇਸ਼ ਕੀਤਾ ਹੈ।

**ਪਾਤਰ ਉਸਾਰੀ**—ਪਾਤਰ ਉਸਾਰੀ ਦੇ ਪੱਖ ਤੋਂ ਇਹ ਇੱਕ ਸਫ਼ਲ ਇਕਾਂਗੀ ਹੈ। 'ਕਰਮਾ', 'ਅੰਬੋ' ਦਾ ਪਤੀ ਹੈ, ਜੋ ਸ਼ਰਾਬੀ ਹੈ ਅਤੇ 12 ਸਾਲਾਂ ਤੋਂ ਘਰੋ ਗਿਆ ਹੋਇਆ ਹੈ। ਸ਼ੇਰੂ ਪਿੰਡ ਦਾ ਸੁਹਣਾ, ਸੁਣੱਖਾ ਗਭਰੂ ਹੈ ਤੇ ਅੰਬੋ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। 'ਕਰਮੋ', 'ਅੰਬੋ' ਦੀ ਨਨਾਣ ਹੈ ਅਤੇ ਇਸ ਵਿਆਹ ਦੇ ਖਿਲਾਫ ਹੈ। ਆਦਿ ਸਾਰੇ ਪਾਤਰ ਯਥਾਰਥਕ ਪ੍ਰਤੀਤ ਹੁੰਦੇ ਹਨ।

**ਭਾਸ਼ਾ ਸ਼ੈਲੀ**—ਇਕਾਂਗੀ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਇਸ ਵਿਚਲੀ ਸ਼ਬਦਾਵਲੀ ਸਰਲ, ਸਪਸ਼ਟ ਤੇ ਰੋਚਕਤਾ ਭਰਪੂਰ ਹੈ। ਇਸ ਵਿੱਚ ਕੋਈ ਵੀ ਅਜਿਹਾ ਸ਼ਬਦ ਪ੍ਰਯੋਗ ਨਹੀਂ ਕੀਤਾ ਗਿਆ, ਜਿਸ ਤੋਂ ਅਸਪਸ਼ਟਤਾ ਝਲਕਦੀ ਹੋਵੇ।

**ਕਰਮਾ**—ਸਮਾਨ ਸਾਡੇ ਕੋਲ ਕਿਹੜਾ। ਗੱਲ ਦੇ 2 ਕੱਪੜੇ ਨੇ।

ਇਕਾਂਗੀ ਦੀ ਸ਼ੈਲੀ ਰੋਚਕਤਾ ਭਰਪੂਰ, ਰੁਮਾਂਚਕ ਤੇ ਮੁਹਾਵਰੇਦਾਰ ਹੈ।

"ਚੁਬਾਰੇ ਦੀ ਇੱਟ ਚੁਬਾਰੇ ਨੂੰ ਲੱਗ ਗਈ।"

"ਜੋੜੀਆਂ ਜਗ ਥੋੜੀਆਂ, ਨਰੜ ਬਥੇਰੇ।"

ਵਾਰਤਾਲਾਪ—ਇਕਾਂਗੀ ਦੀ ਵਾਰਤਾਲਾਪ ਸਰਲ, ਸਪਸ਼ਟ ਤੇ ਸਾਦਾ ਹੈ। ਇਸ ਦੇ ਵਾਕ ਛੋਟੇ-ਛੋਟੇ ਤੇ ਭਾਵਪੂਰਤ ਹਨ। ਵਾਰਤਾਲਾਪ ਦੇ ਸਹਾਰੇ ਪਾਤਰਾਂ ਦੇ ਚਰਿਤਰ ਨੂੰ ਉਘਾੜਿਆ ਗਿਆ ਹੈ।

ਕਰਮੋ—ਅਮਰੋਂ, ਤੈਨੂੰ ਦੋਹੀਂ ਜਹਾਨੀ ਢੋਈ ਨਾ ਮਿਲੇ, ਜਿਵੇਂ ਤੂੰ ਸਾਡਾ ਨੱਕ ਵੱਢਣ ਲੱਗੀ ਏਂ।

ਵਾਰਤਾਲਾਪ ਸਮੇਂ ਸਥਾਨ ਤੇ ਪਾਤਰਾਂ ਦੀ ਸਥਿਤੀ ਤੇ ਉਨ੍ਹਾਂ ਦੇ ਸੁਭਾਅ ਮੁਤਾਬਕ ਹੈ।

ਅੰਬੋ—ਘਰ ਵਿੱਚ ਹੈ ਕੀ ਸੀ ? ਸੱਤਾਂ ਚੁੱਲਿਆਂ ਦੀ ਸੁਆਹ! ਜੋ ਮਾੜਾ ਮੋਟਾ ਸੀ ਉਸ ਸ਼ਰਾਬ ਦੇ ਮੂੰਹ ਉਜਾੜ ਛੱਡਿਆ ਸੀ।

ਵਾਰਤਾਲਾਪ ਜਿੱਥੇ ਕਹਾਣੀ ਨੂੰ ਤੇਜ਼ੀ ਨਾਲ ਅੱਗੇ ਤੋਰਦੀ ਹੈ, ਉੱਥੇ ਪਾਤਰਾਂ ਦੇ ਸੁਭਾਅ ਉਘਾੜਦੀ ਹੈ।



ਕਰਮਾ—ਸਮਾਨ ਸਾਡੇ ਕੋਲ ਕਿਹੜਾ? ਗੱਲ ਦੇ ਦੋ ਕੱਪੜੇ ਨੇ।

'ਅੰਬੋ' ਤੇ ਸ਼ੇਰੂ ਦੀ ਵਾਰਤਾਲਾਪ ਰੁਮਾਂਟਿਕ ਹੈ ਤੇ ਕਰਮੋ ਦੀ ਕਠੋਰ ਤੇ ਗੰਵਾਰੂ ਹੈ ਤੇ ਨੰਬਰਦਾਰ ਦੀ ਭਲੇਮਾਣਸ ਵਾਲੀ ਵਾਰਤਾਲਾਪ ਹੈ।

**ਸਿਰਲੇਖ**—ਇਕਾਂਗੀ ਦਾ ਸਿਰਲੇਖ 'ਮਨ ਦੀਆਂ ਮਨ ਵਿਚ' ਢੁੱਕਵਾਂ ਹੈ। ਇਸ ਦਾ ਸਬੰਧ ਅੰਬੋ ਦੀ ਤ੍ਰਾਸਦਿਕ ਸਥਿਤੀ ਨਾਲ ਹੈ ਜੋ ਸ਼ੇਰੂ ਨਾਲ ਵਿਆਹ ਕਰਵਾਉਣਾ ਚਾਹੁੰਦੀ ਹੈ ਤੇ ਵਿਆਹ ਵਾਲੇ ਦਿਨ ਉਸ ਦਾ ਪਤੀ ਕਰਮਾ 12 ਸਾਲਾਂ ਮਗਰੋਂ, ਨਸ਼ੇ ਦੀ ਹਾਲਤ ਵਿਚ, ਬਿਮਾਰੀ ਖਾਧਾ ਹੋਇਆ, ਵਾਪਸ ਆ ਜਾਂਦਾ ਹੈ ਤੇ ਉਸ ਦੇ ਮਨ ਦੀਆਂ ਸਧਰਾਂ ਮਨ ਵਿੱਚ ਹੀ ਰਹਿ ਜਾਂਦੀਆਂ ਹਨ।

**ਰੰਗਮੰਚੀ ਸਾਰਥਿਕਤਾ**—ਇਕਾਂਗੀ ਰੰਗਮੰਚ ਦੇ ਪੱਖ ਤੋਂ ਸਾਰਥਿਕ ਹੈ। ਇਹ ਇਕਾਂਗੀ ਰੰਗਮੰਚ ਉੱਪਰ ਸਫਲਤਾ ਪੂਰਵਕ ਖੇਡਿਆ ਜਾ ਸਕਦਾ ਹੈ। ਇਸ ਸੰਬੰਧੀ ਸਟੇਜ ਦਾ ਦ੍ਰਿਸ਼ ਬੜਾ ਸਾਦਾ ਹੈ ਤੇ ਘਰ ਦੀਆਂ ਸਾਧਾਰਨ ਚੀਜ਼ਾਂ ਨਾਲ ਹੀ ਇਸ ਦੀ ਸੈਟਿੰਗ ਕੀਤੀ ਜਾ ਸਕਦੀ ਹੈ। ਇਸਦਾ ਵਿਸ਼ਾ ਸਮਾਜ ਸੁਧਾਰਕ ਹੈ ਅਤੇ ਇਸ ਦਾ ਪਲਾਟ ਰੌਚਕਤਾ ਭਰਪੂਰ ਹੈ। ਇਸ ਦਾ ਸ਼ਿਖਰ ਬੜਾ ਜੋਰਦਾਰ ਅਤੇ ਅੰਤ ਬੜਾ ਪ੍ਰਭਾਵਸ਼ਾਲੀ ਹੈ। ਇਸ ਦੀ ਭਾਸ਼ਾ ਅਲੰਕਾਰਕ, ਮੁਹਾਵਰੇਦਾਰ ਤੇ ਅਖਾਣਾਂ ਭਰਪੂਰ ਹੈ। ਇਸ ਵਿੱਚ ਚਿਤਰੇ ਗਏ ਵਾਤਾਵਰਣ ਵਿੱਚ ਬੜੀ ਸੰਜੀਵਤਾ ਹੈ। ਇਸਦਾ ਨਾਂ/ਸਿਰਲੇਖ ਵੀ ਉਤਸੁਕਤਾ ਭਰਪੂਰ ਹੈ। ਇਹਨਾਂ ਸਾਰੇ ਗੁਣਾਂ ਕਰਕੇ ਇਹ ਇਕਾਂਗੀ ਮੰਚ ਉੱਪਰ ਪੂਰੀ ਸਫਲਤਾ ਨਾਲ ਖੇਡਿਆ ਜਾ ਸਕਦਾ ਹੈ।

("ਦੂਜਾ ਵਿਆਹ" ਇਕਾਂਗੀ ਦੀ ਸਾਹਿਤਕ ਆਲੋਚਨਾ ਤੇ ਰੰਗਮੰਚੀ ਸਾਰਥਿਕਤਾ) 'ਦੂਜਾ ਵਿਆਹ' ਇਕਾਂਗੀ ਪ੍ਰਿੰ: ਸੰਤ ਸਿੰਘ ਸੇਖੋ ਦੁਆਰਾ ਲਿਖਿਆ ਗਿਆ ਹੈ। ਇਕਾਂਗੀ ਦੇ ਤੱਤਾਂ ਦੇ ਆਧਾਰ ਉੱਤੇ ਇਸਦਾ ਕਲਾ ਪੱਖ ਹੇਠ ਲਿਖੇ ਅਨੁਸਾਰ ਹੈ।

**ਵਿਸ਼ਾ ਵਸਤੂ**—'ਦੂਜਾ ਵਿਆਹ' ਇਕਾਂਗੀ 'ਸੰਤ ਸਿੰਘ ਸੇਖੋਂ' ਦੁਆਰਾ ਲਿਖਿਆ ਗਿਆ ਹੈ। ਇਸ ਇਕਾਂਗੀ ਦਾ ਵਿਸ਼ਾ ਪੁਰਾਣੀ ਅਨਪੜ੍ਹ ਪੀੜੀ ਤੇ ਨਵੀਂ ਪੜ੍ਹੀ ਲਿਖੀ ਪੀੜੀ ਵਿਚਕਾਰਲੀ ਟੱਕਰ ਹੈ ਜਿਸ ਨੂੰ ਨੂੰਹ ਤੇ ਸੱਸ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਪੁਰਾਣੇ ਵਿਚਾਰਾਂ ਦੀ ਦਲਦਲ ਵਿੱਚ ਫਸੀ ਸੱਸ, ਨੂੰਹ ਦੇ ਹਰੇਕ ਕੰਮ ਵਿਚੋਂ ਨੁਕਸ ਕੱਢਦੀ ਹੈ। ਨੂੰਹ ਨੂੰ ਕਾਬੂ ਕਰਨ ਲਈ ਆਪਣੇ ਪੁੱਤਰ ਦੇ ਦੂਜੇ ਵਿਆਹ ਦੀਆਂ ਧਮਕੀਆਂ ਦਿੰਦੀ ਹੈ। ਨੂੰਹ ਦੇ ਪੇਕੇ ਘਰ ਵਾਲਿਆਂ ਨੂੰ ਕੋਸਦੀ ਹੈ, ਉਸ ਦੀਆਂ ਸਹੇਲੀਆਂ ਨੂੰ ਵੀ ਬੁਰਾ ਭਲਾ ਆਖਦੀ ਹੈ। ਇਸਤਰੀ ਸਭਾ ਦਾ ਵੀ ਵਿਰੋਧ ਕਰਦੀ ਹੈ। ਅਸਲ ਵਿੱਚ ਨਿਹਾਲ ਕੌਰ ਦੇ ਪਤੀ ਗੁਰਦਿੱਤ ਸਿੰਘ ਨੂੰ ਜੁਆਨੀ ਵੇਲੇ ਉਸ ਨੂੰ ਤੰਗ ਕੀਤਾ ਹੋਇਆ ਸੀ। ਹੁਣ ਨਿਹਾਲ ਕੌਰ ਆਪਣਾ ਬਦਲਾ ਲੈਣ ਲਈ, ਆਪਣੀ ਨੂੰਹ ਨੇ ਤੰਗ ਕਰਦੀ ਹੈ। ਕੁਝ ਸਮੇਂ ਬਾਅਦ ਨਿਹਾਲ ਕੌਰ ਦੀ ਚਿੱਠੀ ਆਉਂਦੀ ਹੈ ਕਿ ਉਸਦਾ ਪਤੀ ਦੂਜਾ ਵਿਆਹ ਕਰਵਾਉਣ ਲੱਗਾ ਹੈ। ਇਹ ਸੁਣ ਕੇ ਨਿਹਾਲ ਕੌਰ ਰੋਣ ਲੱਗਦੀ ਹੈ। ਉਸਦੀ ਨੂੰਹ ਉਸਨੂੰ ਦਿਲਾਸਾ ਦਿੰਦੀ ਹੈ ਤੇ ਇਸਤਰੀ ਸਭਾ ਦਾ ਧਰਨਾ ਸੁਖਦੇਵ ਕੌਰ ਦੇ ਸਹੁਰਿਆਂ ਦੇ ਘਰ ਦੇ ਸਾਹਮਣੇ ਲਗਵਾਉਣ ਦੀ ਤਜ਼ਵੀਜ ਦਿੰਦੀ ਹੈ। ਇਸ ਗਲੋਂ ਨਿਹਾਲ ਕੌਰ ਆਪਣੀ ਨੂੰਹ ਤੋਂ ਖੁਸ਼ ਹੋ ਜਾਂਦੀ ਹੈ। ਉਹ ਆਪਣੀ ਨੂੰਹ ਤੋਂ ਵੀ ਮੁਆਫੀ ਮੰਗਦੀ ਹੈ।

ਇਕਾਂਗੀ ਦਾ ਵਿਸ਼ਾ ਭਾਵੇਂ ਨਵੀਨ ਤੇ ਮੌਲਿਕ ਨਹੀਂ ਹੈ ਪਰ ਇਸ ਦੀ ਪੇਸ਼ਕਾਰੀ ਬਿਲਕੁਲ ਮੌਲਿਕ ਹੈ। ਇਹ ਵਿਸ਼ਾ ਸਮਾਜਕ ਸਮੱਸਿਆਂ ਦੀ ਯਥਾਰਥਕ ਤਸਵੀਰ ਪੇਸ਼ ਕਰਦਾ ਹੈ।

ਪਲਾਟ ਜਾਂ ਗੋਂਦ—ਇਕਾਂਗੀ ਦਾ ਪਲਾਟ ਯਥਾਰਥਕ ਹੈ। ਇਸ ਦੀ ਗੋਂਦ ਕੱਸੀ ਹੋਈ ਹੈ। ਸੱਸ ਦਾ ਨੂੰਹ ਨੂੰ ਤੰਗ ਕਰਨਾ, ਉਸਦੇ ਹਰ ਕੰਮ ਦਾ ਨੁਕਸ ਕੱਢਣਾ, ਨੂੰਹ ਦੇ ਪੇਕਿਆਂ, ਸਹੇਲੀਆਂ ਲਈ ਅਪਸ਼ਬਦ ਬੋਲਣੇ, ਆਪਣੇ ਪੁੱਤਰ ਦੇ ਦੂਜੇ ਵਿਆਹ ਦੀਆਂ ਧਮਕੀਆਂ ਦੇਣੀਆਂ, ਨੂੰਹ ਦੁਆਰਾ ਪੁੱਤਰ ਦਾ ਨਾਂ ਲੈਣ ਨੂੰ ਬੁਰਾ ਸਮਝਣਾ, ਆਪਣੀ ਧੀ ਦੇ ਦੁੱਖ ਵਿੱਚ ਦੁੱਖੀ ਹੋਣਾ ਸਭ ਘਟਨਾਵਾਂ ਯਥਾਰਥਕ ਪ੍ਰਤੀਤ ਹੁੰਦੀਆਂ ਹਨ।

ਪ੍ਰੰਤੂ ਇਕਾਂਗੀ ਦੇ ਅਖੀਰ ਵਿੱਚ ਅਚਾਨਕ ਸੁਖਦੇਵ ਕੌਰ ਦਾ ਆਉਣਾ ਯਥਾਰਥਕ ਪ੍ਰਤੀਤ ਨਹੀਂ ਹੁੰਦਾ। ਇਹ ਇਕਾਂਗੀਕਾਰ ਵਲੋਂ ਆਪਣੇ ਉਦੇਸ਼ ਦੀ ਪੂਰਤੀ ਖ਼ਾਤਰ ਕੀਤਾ ਗਿਆ ਯਤਨ ਪ੍ਰਤੀਤ ਹੁੰਦਾ ਹੈ।

ਉਦੇਸ—ਇਕਾਂਗੀ ਦਾ ਉਦੇਸ਼ ਨੂੰਹ-ਸੱਸ ਦੇ ਰਿਸ਼ਤੇ ਵਿਚ ਸੁਧਾਰ ਲਿਆਉਣਾ ਅਤੇ ਇਹ ਦੱਸਣਾ ਹੈ ਕਿ ਸਾਨੂੰ ਦੂਜੇ ਨਾਲ ਉਸੇ ਪ੍ਰਕਾਰ ਦਾ ਵਤੀਰਾ ਰੱਖਣਾ ਚਾਹੀਦਾ ਹੈ ਜਿਸ ਪ੍ਰਕਾਰ ਦਾ ਵਤੀਰਾ ਅਸੀਂ ਦੂਜਿਆਂ ਤੋਂ ਚਾਹੁੰਦੇ ਹਾਂ।

ਇਕਾਈਆਂ—ਇਕਾਂਗੀ ਵਿੱਚ ਸਮੇਂ ਸਥਾਨ ਤੇ ਕਾਰਜ ਦੀ ਏਕਤਾ ਹੈ। ਸਾਰਾ ਕਾਰਜ ਇਕੋ ਘਰ ਵਿੱਚ ਵਾਪਰਦਾ ਹੈ। ਇਸ ਵਿਚਲਾ ਕਾਰਜ ਦੂਜੇ ਵਿਆਹ ਦਾ ਟੱਲਣਾ ਹੈ। ਜੁਆਈ ਦਾ ਦੂਜਾ ਵਿਆਹ, ਪੁੱਤਰ ਦੇ ਦੂਜੇ ਵਿਆਹ ਨੂੰ ਰੋਕਦਾ ਹੈ।

ਵਾਤਾਵਰਨ—ਇਸ ਵਿੱਚ ਪੇਂਡੂ ਵਾਤਾਵਰਨ ਪੇਸ਼ ਕੀਤਾ ਗਿਆ ਹੈ। ਪੁਰਾਣੇ ਵਿਚਾਰਾਂ ਵਾਲੀ ਸੱਸ ਦਾ ਨੂੰਹ ਨੂੰ ਤੰਗ ਕਰਨਾ ਵਿਖਾਇਆ ਗਿਆ ਹੈ। ਘਰ ਵਿਚਲੇ ਚਰਖੇ, ਪੁਦੀਨੇ, ਚੌਂਕੇ ਆਦਿ ਨਾਲ ਪਿੰਡ ਦਾ ਵਾਤਾਵਰਨ ਸਿਰਜਿਆ ਗਿਆ ਹੈ।

ਵਾਰਤਾਲਾਪ—ਇਕਾਂਗੀ ਦੀ ਵਾਰਤਾਲਾਪ ਚੁਸਤ, ਦਲੀਲਮਈ, ਤਿੱਖੀ ਤੇ ਹਾਜ਼ਰ ਜੁਆਬ ਵਾਲੀ ਹੈ।

ਸੁਖਦੇਵ—ਮਾਂ ਜੀ ਵਿਚਾਰੀ ਦਾ ਵੀ ਕੀ ਇਹਦੇ ਵਿੱਚ ਕਸੂਰ ਐ, ਮਨਜੀਤ ਜੀ ? ਸਾਰੀ ਉਮਰ ਬਾਪੂ ਜੀ ਵਲੋਂ ਵਿਚਾਰੀ ਨੂੰ ਦੂਜਾ ਵਿਆਹ ਕਰਵਾ ਲੈਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਸੋ ਇਹਦੇ ਭਾਣੇ ਇਸਤਰੀ ਉੱਤੇ ਕਾਬੂ ਰੱਖਣ ਲਈ ਦੂਜੇ ਵਿਆਹ ਦੀ ਧਮਕੀ ਵੀ ਉਨੀ ਹੀ ਜ਼ਰੂਰੀ ਹੈ ਜਿਤਨੀ ਟਾਂਗੇ ਦੇ ਘੋੜੇ ਲਈ ਛਾਂਟ।

ਵਾਰਤਾਲਾਪ ਰਾਹੀਂ ਵਿਅੰਗ ਵੀ ਕੀਤਾ ਗਿਆ ਹੈ।

ਅਮਨਜੀਤ—'ਨਰਮ ਤਾਂ ਮਾਂ ਜੀ ਤੁਸੀਂ ਬੜੇ ਓ। ਕੜਾਹ ਨਾਲੋਂ ਵੀ ਕੂਲੇ ਹੋ।"

ਵਾਰਤਾਲਾਪ ਰਾਹੀਂ ਕਿਤੇ-ਕਿਤੇ ਹਾਸਰਸ ਪੈਦਾ ਕੀਤਾ ਗਿਆ ਹੈ।

ਸੁਖਦੇਵ—ਹਾਂ, ਬੜੀ ਖੁਸ਼ੀ ਨਾਲ ਕਰੋ ਪ੍ਰਬੰਧ, ਮਾਂ ਜੀ, ਮੇਰੇ ਦੂਜੇ ਵਿਆਹ ਦਾ। ਮਨਜੀਤ ਮੇਰੇ ਕੋਲ ਛਾਉਣੀ ਰਿਹਾ ਕਰੂ ਤੇ ਤੁਹਾਡੀ ਦੂਜੀ ਨੌਂਹ ਤੁਹਾਡੀ ਸੇਵਾ ਕਰਿਆ ਕਰੂ।

ਪਿਆਰ ਤੇ ਲਹਿਜੇ ਵਿੱਚ ਬੁਰੀਆਂ ਗੱਲਾਂ ਨੂੰ ਟਾਲਿਆ ਗਿਆ ਹੈ। ਸੋ ਵਾਰਤਾਲਾਪ ਦੇ ਪੱਖੋਂ ਇਹ ਸਫਲ ਇਕਾਂਗੀ ਹੈ।

ਭਾਸ਼ਾ ਸ਼ੈਲੀ—ਇਕਾਂਗੀ ਦੀ ਭਾਸ਼ਾ ਰੋਚਕ ਹੈ। ਇਸ ਵਿੱਚ ਠੇਠ ਪੰਜਾਬੀ ਦੀ ਵਰਤੋਂ ਕੀਤੀ ਗਈ ਹੈ। ਇਕਾਂਗੀ



ਵਿੱਚ ਕੋਈ ਵੀ ਸ਼ਬਦ ਜਾਂ ਵਾਕ ਅਜਿਹਾ ਨਹੀਂ ਜਿਸ ਤੋਂ ਅਸਪਸ਼ਟਤਾ ਝਲਕਦੀ ਹੋਵੇ।

ਸ਼ਬਦਾਵਲੀ ਸਰਲ, ਸਪਸ਼ਟ, ਸਾਦੀ ਤੇ ਦਲੀਲਮਈ ਹੈ।

"ਗੂੰਗੀ ਤੈਨੂੰ ਕੌਣ ਬਣਾਉਂਦਾ ਐ ? ਬਥੇਰੀ ਚਲਦੀ ਐ ਲੁਤਰ ਲੁਤਰ ਜ਼ਬਾਨ। ਬਣਾ ਲੈ ਜਿਹੜੀਆਂ ਸਭਾਵਾਂ ਬਣਾਉਣੀਆਂ। ਕਰ ਲੈ ਮਨਸੂਬੇ ਗਵਾਂਢਣ ਨਾਲ। ਮੇਰੇ ਮੁੰਡੇ ਦੇ ਲੈਕ ਨੀ ਬਣਨ ਲੱਗੀ ਤੂੰ।

ਕਿਤੇ ਕਿਤੇ ਮੁਹਾਵਰਿਆਂ ਤੇ ਅਖਾਣਾਂ ਦੀ ਵੀ ਵਰਤੋਂ ਕੀਤੀ ਗਈ ਹੈ।

ਟਿੱਲ ਲਾਉਣੀ, ਚੰਦ ਚੜਨਾ, ਤੱਕੜੇ ਦਾ ਸੱਤੀ ਵੀਹੀਂ ਸੌ।

ਇਕਾਂਗੀ ਦੀ ਸ਼ੈਲੀ ਢੁਕਵੀਂ ਤੇ ਫਬਵੀਂ ਹੈ। ਇਸ ਵਿੱਚ ਨਾਟਕੀ ਤੇ ਰੋਚਕਤਾ ਭਰਪੂਰ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਵਾਰਤਾਲਾਪੀ ਸ਼ੈਲੀ ਦੇ ਨਾਲ-ਨਾਲ ਮੁਹਾਵਰੇਦਾਰ, ਦਲੀਲਮਈ ਹਾਸਰਸੀ ਰੋਚਕਤਾਭਰਪੂਰ ਸ਼ੈਲੀ ਦੀ ਵਰਤੋਂ ਕਰਕੇ ਭਾਸ਼ਾ ਨੂੰ ਪਾਤਰਾਂ ਦੇ ਦਿਮਾਗੀ ਪੱਧਰ ਦੇ ਅਨੁਕੂਲ ਬਣਾਇਆ ਗਿਆ ਹੈ। ਮੁਹਾਵਰਿਆਂ ਦੀ ਵਰਤੋਂ ਅਤੇ ਲੋਕ ਬੋਲੀ ਦੇ ਸੁਮੇਲ ਨੇ ਇਕਾਂਗੀ ਵਿੱਚ ਮਿਠਾਸ ਭਰ ਦਿੱਤੀ ਹੈ।

ਸੁਖਦੇਵ—ਮਾਂ ਜੀ ਵਿਚਾਰੀ ਦਾ ਵੀ ਕੀ ਇਹਦੇ ਵਿੱਚ ਕਸੂਰ ਐ, ਮਨਜੀਤ ਜੀ ? ਸਾਰੀ ਉਮਰ ਬਾਪੂ ਜੀ ਵਲੋਂ ਵਿਚਾਰੀ ਨੂੰ ਦੂਜਾ ਵਿਆਹ ਕਰਵਾ ਲੈਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਸੋ ਇਹਦੇ ਭਾਣੇ ਇਸਤਰੀ ਉੱਤੇ ਕਾਬੂ ਰੱਖਣ ਲਈ ਦੂਜੇ ਵਿਆਹ ਦੀ ਧਮਕੀ ਵੀ ਉਨੀ ਹੀ ਜ਼ਰੂਰੀ ਹੈ ਜਿਤਨੀ ਟਾਂਗੇ ਦੇ ਘੋੜੇ ਲਈ ਛਾਂਟ। ਸੋ ਭਾਸ਼ਾ ਸ਼ੈਲੀ ਦੇ ਪੱਖੋਂ ਵੀ ਇਹ ਉੱਤਮ ਇਕਾਂਗੀ ਹੈ।

ਪਾਤਰ ਉਸਾਰੀ—ਪਾਤਰ ਉਸਾਰੀ ਦੇ ਪੱਖੋਂ ਵੀ ਇਹ ਸਫਲ ਇਕਾਂਗੀ ਹੈ।

ਇਸ ਦੇ ਸਾਰੇ ਪਾਤਰ ਯਥਾਰਥਕ ਜਾਪਦੇ ਹਨ। ਪਾਤਰਾਂ ਦਾ ਚਰਿੱਤਰ ਮਨੋਵਿਗਿਆਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਥਿਤੀ ਬਦਲਣ ਨਾਲ ਸੱਸ ਬਦਲ ਜਾਂਦੀ ਹੈ। ਨੂੰਹ ਪੜ੍ਹੀ ਲਿਖੀ ਤੇ ਸੁਸ਼ੀਲ ਹੈ, ਹੱਸਮੁੱਖ ਹੈ, ਖਿੜੇਮੱਥੇ ਵਾਲੀ ਹੈ ਤੇ ਕਿਸੇ ਵੀ ਗੱਲ ਦਾ ਬੁਰਾ ਨਹੀਂ ਮਨਾਉਂਦੀ ਬਲਕਿ ਹਰ ਬੁਰੀ ਗੱਲ ਵੀ ਹੱਸ ਕੇ ਟਾਲ ਦਿੰਦੀ ਹੈ। ਨਨਾਣ ਨਾਲ ਵੀ ਹਮਦਰਦੀ ਕਰਦੀ ਹੈ। ਪਤੀ ਤੇ ਸੁਹਰਾ ਵੀ ਨੂੰਹ ਦਾ ਪੱਖ ਪੂਰਦੇ ਹਨ। ਉਹ ਵਿਹਲਾ ਸਮਾਂ ਪੜਨ ਤੇ ਇਸਤਰੀ ਸਭਾ ਦੇ ਕੰਮਾਂ ਵਿੱਚ ਬਤੀਤ ਕਰਦੀ ਹੈ। ਨਿਹਾਲ ਕੌਰ ਅਨਪੜ੍ਹ ਸੱਸ ਹੈ ਤੇ ਉਹ ਆਪਣੀ ਨੂੰਹ ਦੀਆਂ ਕਮੀਆਂ ਕੱਢਦੀ ਰਹਿੰਦੀ ਹੈ ਤੇ ਉਸਨੂੰ ਕਾਬੂ ਰੱਖਣ ਲਈ ਪੁੱਤਰ ਦੇ ਦੂਜੇ ਵਿਆਹ ਦੀਆਂ ਧਮਕੀਆਂ ਦਿੰਦੀ ਹੈ। ਸ਼ੱਕੀ ਸੁਭਾਅ ਕਾਰਨ ਸਮਝਦੀ ਹੈ ਕਿ ਨੂੰਹ, ਉਸਦੇ ਪੁੱਤਰ ਨੂੰ ਭੜਕਾ ਰਹੀ ਹੈ। ਉਹ ਪੋਤਰੇ ਦੀ ਚਾਹਵਾਨ ਹੈ। ਪਰ ਉਸਦਾ ਸੁਭਾਅ ਮਨੋਵਿਗਿਆਨਕ ਹੈ ਅਸਲ ਵਿੱਚ ਉਹ ਜੁਆਨੀ ਵੇਲੇ ਆਪਣੇ ਨਾਲ ਹੋਏ ਵਤੀਰੇ ਦਾ ਬਦਲਾ ਆਪਣੀ ਨੂੰਹ ਤੋਂ ਲੈਣਾ ਚਾਹੁੰਦੀ ਹੈ। ਸੁਖਦੇਵ ਪੜ੍ਹਿਆ ਲਿਖਿਆ ਸਮਝਦਾਰ ਤੇ ਨੌਕਰੀ ਪੇਸ਼ਾ ਹੈ। ਉਸ ਨੂੰ ਮਾਂ ਨਾਲ ਹਮਦਰਦੀ ਹੈ ਕਿ ਉਸ ਨਾਲ ਵਧੀਕੀ ਹੋਈ ਹੈ। ਉਹ ਆਪਣੇ ਦੂਜੇ ਵਿਆਹ ਦੀ ਗੱਲ ਬੜੀ ਸਮਝਦਾਰੀ ਨਾਲ ਟਾਲਦਾ ਹੈ। ਸੋ ਸੁਖਦੇਵ ਕੌਰ ਨੂੰ ਜੋ ਕਿ ਨਿਹਾਲ ਕੌਰ ਦੀ ਧੀ ਹੈ, ਨੂੰ ਛੱਡ ਕੇ ਬਾਕੀ ਸਾਰੇ ਪਾਤਰ ਯਥਾਰਥਕ ਪ੍ਰਤੀਤ ਹੁੰਦੇ ਹਨ।

ਸਿਰਲੇਖ—ਇਕਾਂਗੀ ਦਾ ਸਿਰਲੇਖ 'ਦੂਜਾ ਵਿਆਹ' ਢੁੱਕਵਾਂ ਹੈ। ਸੱਸ ਨੂੰਹ ਨੂੰ ਕਾਬੂ ਕਰਨ ਲਈ ਉਸਨੂੰ

ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀਆਂ ਧਮਕੀਆਂ ਦਿੰਦੀ ਹੈ। ਪਰ ਜਦੋਂ ਉਸਨੂੰ ਆਪਣੇ ਜੁਆਈ ਦੇ ਦੂਜੇ ਵਿਆਹ ਕਰਵਾਉਣ ਦੀ ਖ਼ਬਰ ਮਿਲਦੀ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਪਰਾਈ ਧੀ ਨੂੰ ਦੂਜੇ ਵਿਆਹ ਦੀ ਧਮਕੀ ਦੇਣਾ ਗਲਤ ਹੈ। ਇਸ ਪ੍ਰਕਾਰ ਜੁਆਈ ਦੇ ਦੂਜੇ ਵਿਆਹ ਦੀ ਧਮਕੀ, ਪੁੱਤਰ ਦੇ ਦੂਜੇ ਵਿਆਹ ਨੂੰ ਰੋਕਦੀ ਹੈ। ਅਤੇ ਸੱਸ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਵਾਉਂਦੀ ਹੈ।

**ਰੰਗਮੰਚੀ ਸਾਰਥਿਕਤਾ**—ਇਹ ਇਕਾਂਗੀ ਰੰਗਮੰਚ ਉੱਪਰ ਸਫਲਤਾਪੂਰਵਕ ਖੇਡਿਆ ਜਾ ਸਕਦਾ ਹੈ। ਇਕਾਂਗੀ ਵਿਚਲੀ ਕੋਈ ਵੀ ਘਟਨਾ ਅਜਿਹੀ ਨਹੀਂ ਜੋ ਸਟੇਜ ਉੱਪਰ ਪੇਸ਼ ਨਾ ਕੀਤੀ ਜਾ ਸਕੇ। 'ਟਾਂਗਾ' ਸਟੇਜ ਉੱਪਰ ਨਹੀਂ ਆ ਸਕਦਾ ਇਸ ਲਈ ਉਸਦੀ ਆਵਾਜ਼ ਬੈਕ ਸਟੇਜ ਤੋਂ ਪੇਸ਼ ਕੀਤੀ ਗਈ ਹੈ ਕਿਉਂਕਿ ਟਾਂਗਾ ਘਰ ਵਿੱਚ ਨਹੀਂ ਜਾ ਸਕਦਾ ਕੇਵਲ ਗਲੀ ਵਿੱਚ ਹੀ ਆਉਂਦਾ ਹੈ। ਇੱਥੇ ਘਰ ਹੀ ਰੰਗਮੰਚ ਹੈ। ਸੋ ਰੰਗਮੰਚ ਪੱਖੋਂ ਵੀ ਇਹ ਇੱਕ ਸਫ਼ਲ ਇਕਾਂਗੀ ਹੈ।

**ਪ੍ਰਸ਼ਨ-'ਅਪਮਾਨ' ਇਕਾਂਗੀ ਦੀ ਸਾਹਿਤਕ ਆਲੋਚਨਾ ਅਤੇ ਰੰਗਮੰਚੀ ਸਾਰਥਿਕਤਾ—**

**4. 'ਅਪਮਾਨ' ਇਕਾਂਗੀ 'ਸੁਰਜੀਤ ਸਿੰਘ ਸੇਠੀ' ਦੁਆਰਾ ਲਿਖਿਆ ਗਿਆ ਹੈ ਇਕਾਂਗੀ ਦੇ ਤੱਤਾਂ ਦੇ ਆਧਾਰ ਉੱਤੇ, ਇਸ ਦਾ ਕਲਾ ਪੱਖ ਹੇਠ ਅਨੁਸਾਰ ਹੈ।**

**1. ਵਿਸ਼ਾ ਵਸਤੂ**—ਸੁਰਜੀਤ ਸਿੰਘ ਸੇਠੀ ਦੁਆਰਾ ਲਿਖੇ ਇਕਾਂਗੀ 'ਅਪਮਾਨ' ਦਾ ਵਿਸ਼ਾ ਮਨੋਵਿਗਿਆਨਕ ਹੈ। ਇਸ ਦਾ ਸੰਬੰਧ ਮੱਧ ਵਰਗੀ ਸ਼੍ਰੇਣੀ ਨਾਲ ਹੈ। ਇਕਾਂਗੀ ਦਾ ਨਾਇਕ ਬਿਪਨ ਇੱਕ ਲੇਖਕ ਹੈ ਅਤੇ ਉਸਦਾ ਆਪਣੀ ਹਮਜਮਾਤਣ, ਖ਼ੂਬਸੂਰਤ ਲੜਕੀ ਸੁਸ਼ਮਾ ਨਾਲ ਵਿਆਹ ਹੋ ਜਾਂਦਾ ਹੈ। ਬਿਪਨ ਤੇ ਸੁਸ਼ਮਾ ਵੱਖਰੀ-ਵੱਖਰੀ ਸ਼ਖਸੀਅਤ ਦੇ ਮਾਲਕ ਹਨ। ਪੇਸ਼ੇ ਵਜੋਂ ਲੇਖਕ ਹੋਣ ਦੇ ਨਾਤੇ 'ਬਿਪਨ', 'ਸੁਸ਼ਮਾ' ਤੋਂ ਬੌਧਿਕ ਵਿਅਕਤਿਤਵ ਦੀ ਮੰਗ ਕਰਦਾ ਹੈ। ਉਸਨੂੰ ਖ਼ੂਬਸੂਰਤੀ ਨਿਰਾ ਛਲਾਵਾ ਲੱਗਦੀ ਹੈ। ਉਸਨੇ ਪੜ੍ਹੀ ਲਿਖੀ ਕੁੜੀ ਨਾਲ ਵਿਆਹ ਵੀ ਇਸ ਕਾਰਨ ਕਰਵਾਇਆ ਸੀ ਕਿ ਉਹ ਬੌਧਿਕ ਸ਼ਖਸੀਅਤ ਵਾਲੀ ਕੁੜੀ ਹੋਵੇਗੀ, ਜਦੋਂ ਕਿ 'ਸੁਸ਼ਮਾ', 'ਬਿਪਨ' ਦੀ ਆਸ ਤੋਂ ਉਲਟ ਕੇਵਲ ਖ਼ੂਬਸੂਰਤੀ ਦੇ ਅਹਿਸਾਸ ਨਾਲ ਜੀਉਣ ਵਾਲੀ ਕੁੜੀ ਹੈ। ਉਹ ਬਿਪਨ ਨੂੰ ਆਪਣੀ ਖ਼ੂਬਸੂਰਤੀ ਤੇ ਪ੍ਰਸ਼ੰਸ਼ਕ ਵਜੋਂ ਵੇਖਣਾ ਚਾਹੁੰਦੀ ਹੈ। ਪਰ ਬਿਪਨ ਦੀ ਇਸ ਸਭ ਵਿੱਚ ਕੋਈ ਰੁਚੀ ਨਹੀਂ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਡੁੱਬਿਆ ਹੋਇਆ ਬੌਧਿਕ ਪੱਧਰ ਉੱਪਰ ਵਿਚਰਦਾ ਹੈ।

ਦੋਹਾਂ ਦੀ ਸੋਚ ਦੇ ਮਤਭੇਦ ਕਾਰਨ ਸੁਸ਼ਮਾ ਇੱਕਲ ਹੰਢਾਉਂਦੀ ਹੈ, ਦੁੱਖੀ ਹੁੰਦੀ ਹੈ ਅਤੇ ਆਪਣਾ ਦੁੱਖ ਸੁੱਖ ਨੌਕਰਾਣੀ ਨਾਲ ਸਾਂਝਾ ਕਰਦੀ ਹੈ। ਅੰਤ ਵਿਚ ਸੁਸ਼ਮਾ ਆਪਣੀ ਖ਼ੂਬਸੂਰਤੀ ਦਾ ਅਹਿਸਾਸ ਕਰਵਾਉਣ ਖਾਤਰ ਆਪਣਾ ਚਿਹਰਾ ਸਟੋਵ ਨਾਲ ਜਲਾ ਲੈਂਦੀ ਹੈ ਉਹ ਇਹ ਜਤਲਾਉਣਾ ਚਾਹੁੰਦੀ ਹੈ ਕਿ ਜਿਸ ਖ਼ੂਬਸੂਰਤੀ ਦੀ ਕਦਰ ਨਹੀਂ ਉਸਨੂੰ ਰੱਖਣ ਦਾ ਕੋਈ ਫਾਇਦਾ ਨਹੀਂ ਹੈ। ਇਕਾਂਗੀ ਦੇ ਅੰਤ ਵਿਚ ਬਿਪਨ ਆਪਣੇ ਆਪ ਨੂੰ ਸੁਸ਼ਮਾ ਦੀ ਇਸ ਹਾਲਤ ਲਈ ਜਿੰਮੇਵਾਰ ਸਮਝਦਾ ਹੈ ਅਤੇ ਦੁੱਖੀ ਹੁੰਦਾ ਹੈ। ਸੋ ਇਕਾਂਗੀ 'ਅਪਮਾਨ' ਸਮੁੱਚੇ ਰੂਪ ਵਿੱਚ ਮਨੋਵਿਗਿਆਨਕ ਦੁਖਾਂਤ ਹੋ ਨਿਬੜਦਾ ਹੈ।

**ਉਦੇਸ਼**—ਇਕਾਂਗੀ ਦਾ ਉਦੇਸ਼ ਇਹ ਦੱਸਣਾ ਹੈ ਕਿ ਪਤੀ-ਪਤਨੀ ਦੇ ਸਬੰਧਾਂ ਵਿੱਚ, ਇੱਕ ਦੂਜੇ ਨੂੰ ਸਮਝਣ ਅਤੇ ਇੱਕ ਦੂਜੇ ਦੀਆਂ ਭਾਵਨਾਵਾਂ ਦਾ ਅਹਿਸਾਸ ਕਰਨਾ ਬਹੁਤ ਜ਼ਰੂਰੀ ਹੈ। ਅਰਥਾਤ ਪਤੀ-ਪਤਨੀ ਦੇ ਰਿਸ਼ਤੇ ਵਿੱਚ ਸਾਵਾਂਪਨ ਬਹੁਤ ਜ਼ਰੂਰੀ ਹੈ।



**ਪਲਾਟ ਜਾਂ ਗੋਂਦ**—ਇਕਾਂਗੀ ਦਾ ਪਲਾਟ ਯਥਾਰਥਕ ਹੈ ਇਸ ਵਿੱਚ ਪਤੀ ਪਤਨੀ ਦੇ ਜੀਵਨ ਦੇ ਮਨੋਵਿਗਿਆਨਕ ਦੁਖਾਂਤ ਦੇ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਇਕਾਂਗੀ ਦੀ ਕੋਈ ਘਟਨਾ ਵਾਧੂ ਪ੍ਰਤੀਤ ਨਹੀਂ ਹੁੰਦੀ। ਇਸ ਦੀ ਗੋਂਦ ਕੱਸੀ ਹੋਈ, ਪੀਡੀ ਹੈ। ਬਿਪਨ ਤੇ ਸੁਸ਼ਮਾ ਦਾ ਵੱਖਰੀ-ਵੱਖਰੀ ਸ਼ਖਸੀਅਤ ਦੇ ਮਾਲਕ ਹੋਣਾ, ਬਿਪਨ ਦਾ ਪੇਸ਼ੇ ਵਜੋਂ ਲੇਖਕ ਹੋਣ ਕਾਰਨ ਆਪਣੀ ਬੌਧਿਕ ਸ਼ਖਸੀਅਤ ਦੇ ਅਨੁਸਾਰ, ਆਪਣੀ ਪਤਨੀ ਤੋਂ ਵੀ ਬੌਧਿਕਤਾ ਦੀ ਮੰਗ ਕਰਨਾ ਅਤੇ ਬਾਹਰੀ ਸੁੰਦਰਤਾ ਤੋਂ ਪ੍ਰਭਾਵਿਤ ਨਾ ਹੋਣਾ, ਸੁਸ਼ਮਾ ਦਾ ਖ਼ੂਬਸੂਰਤੀ ਦੇ ਅਹਿਸਾਸ ਵਿੱਚ ਜੀਉਣਾ ਤੇ ਆਪਣੇ ਪਤੀ ਤੋਂ ਵੀ ਆਪਣੀ ਸੁੰਦਰਤਾ ਦੀ ਤਾਰੀਫ਼ ਦੀ ਮੰਗ ਕਰਨਾ ਅਤੇ ਦੋਹਾਂ ਵਲੋਂ ਇੱਕ ਦੂਜੇ ਦੀਆਂ ਭਾਵਨਾਵਾਂ ਦੀ ਅਣਗਹਿਲੀ ਕਾਰਨ ਇਕਾਂਗੀ ਦਾ ਪਲਾਟ ਮਨੋਵਿਗਿਆਨਕ ਦੁਖਾਂਤ ਹੋ ਨਿਬੜਦਾ ਹੈ। ਕੁਲ ਮਿਲਾ ਕੇ ਇਹ ਸਾਰੀਆਂ ਘਟਨਾਵਾਂ ਯਥਾਰਥਕ ਹਨ।

**ਪਾਤਰ ਉਸਾਰੀ**—ਪਾਤਰ ਉਸਾਰੀ ਦੇ ਪੱਖੋਂ ਇਹ ਇੱਕ ਸਫਲ ਇਕਾਂਗੀ ਹੈ। ਇਸ ਵਿੱਚ ਬਿਪਨ ਪੇਸ਼ੇ ਵਜੋਂ ਇੱਕ ਸਫਲ ਲੇਖਕ ਹੈ ਤੇ ਬੌਧਿਕ ਪੱਧਰ ਉੱਪਰ ਵਿਚਰਨ ਕਾਰਨ, ਸਾਰਿਆਂ ਤੋਂ ਬੌਧਿਕਤਾ ਦੀ ਉਮੀਦ ਕਰਦਾ ਹੈ। 'ਸੁਸ਼ਮਾ', ਬਿਪਨ ਦੀ ਪੜ੍ਹੀ ਲਿਖੀ, ਖ਼ੂਬਸੂਰਤ ਬੀਵੀ ਹੈ ਤੇ ਹਰ ਸਮੇਂ ਇਹੀ ਚਾਹੁੰਦੀ ਹੈ ਕਿ ਉਸਦਾ ਪਤੀ ਵੀ ਉਸਦੀ ਸੁੰਦਰਤਾ ਦੀ ਤਾਰੀਫ਼ ਕਰੇ। ਪਰ ਦੋਵੇਂ ਵੱਖਰੀ-ਵੱਖਰੀ ਸ਼ਖਸੀਅਤ ਦੇ ਮਾਲਕ ਹੋਣ ਕਾਰਨ, ਆਪਣੀਆਂ ਇੱਛਾਵਾਂ ਦੀ ਪੂਰਤੀ ਨਾ ਹੋਣ ਕਾਰਨ ਸੰਤਾਪ ਹੰਢਾਉਂਦੇ ਹਨ।

ਬਿਪਨ-"...ਤੇ ਤੇਰੀ ਬੁੱਧੀ ਹੀਣਤਾ ਤੇ ਬੇਅਕਲੀ ਨਾਲ ਸਖ਼ਤ ਘਿਰਣਾ ਵੀ ਹੈ।"

**ਵਾਤਾਵਰਣ**—ਇਕਾਂਗੀ ਦਾ ਵਾਤਾਵਰਣ ਮੱਧ ਸ਼੍ਰੇਣੀ ਦੇ ਪਰਿਵਾਰ ਨਾਲ ਸੰਬੰਧਤ ਹੋਣ ਦੇ ਨਾਲ-ਨਾਲ ਦੋਹਾਂ ਦੇ ਮਾਨਸਿਕ ਵਾਤਾਵਰਣ ਨੂੰ ਪੇਸ਼ ਕਰਦਾ ਹੈ ਕਿ ਕਿਵੇਂ 'ਸੁਸ਼ਮਾ' ਆਪਣੀਆਂ ਇੱਛਾਵਾਂ ਦੀ ਅਪੂਰਤੀ ਦੇ ਸਿੱਟੇ ਵਜੋਂ ਦੁੱਖੀ ਹੋ ਕੇ ਆਪਣਾ ਮੂੰਹ ਸਟੋਵ ਨਾਲ ਜਲਾ ਲੈਂਦੀ ਹੈ।

"ਬਿਪਨ ਮੈਨੂੰ ਵੀ ਕਿਸੇ ਚੀਜ਼ ਉੱਤੇ ਉਨਾ ਹੀ ਮਾਣ ਸੀ, ਜਿੰਨਾ ਤੁਹਾਨੂੰ ਆਪਣੀ ਬੁੱਧੀ ਅਤੇ ਅਕਲ ਉੱਤੇ ਹੈ। ਮੇਰੀ ਸੁੰਦਰਤਾ ਤੇ ਜਵਾਨੀ ਦਾ ਤੁਸੀਂ ਨਿਰਾਦਰ ਕੀਤਾ ਹੈ, ਇਸ ਹੱਦ ਤੱਕ ਨਿਰਾਦਰ ਕੀਤਾ ਹੈ ਕਿ ਮੈਨੂੰ ਮਜ਼ਬੂਰ ਹੋਣਾ ਪੈ ਰਿਹਾ ਹੈ ਆਪਣੀ ਸੁੰਦਰਤਾ ਨੂੰ ਹਮੇਸ਼ਾ ਲਈ ਖ਼ਤਮ ਕਰ ਦੇਣ ਤੇ।"

**ਵਾਰਤਾਲਾਪ**—ਇਕਾਂਗੀ ਦੀ ਵਾਰਤਾਲਾਪ ਛੋਟੀ ਛੋਟੀ, ਚੁਸਤ ਤੇ ਭਾਵਪੂਰਤ ਹੈ। ਵਾਰਤਾਲਾਪ ਦੇ ਰਾਹੀਂ ਹੀ ਸਾਨੂੰ ਬਿਪਨ ਤੇ ਸੁਸ਼ਮਾ ਦੀ ਸ਼ਖਸੀਅਤ ਦਾ ਗਿਆਨ ਹੁੰਦਾ ਹੈ।

**ਸੁਸ਼ਮਾ**—ਤੁਹਾਨੂੰ ਆਪਣੀ ਅਕਲ ਤੇ ਬੁੱਧੀ ਉੱਤੇ ਬੜਾ ਮਾਣ ਹੈ।

**ਬਿਪਨ**— ਤੇ ਤੇਰੀ ਬੁੱਧ ਹੀਣਤਾ ਤੇ ਬੇਅਕਲੀ ਨਾਲ ਸਖ਼ਤ ਘਿਰਣਾ ਵੀ ਹੈ।

**ਭਾਸ਼ਾ ਸ਼ੈਲੀ**—ਇਕਾਂਗੀ ਦੀ ਭਾਸ਼ਾ ਕੇਂਦਰੀ ਪੰਜਾਬੀ ਹੈ। ਇਸ ਦੀ ਸ਼ਬਦਾਵਲੀ ਸਰਲ, ਸਪਸ਼ਟ, ਚੁਸਤ ਤੇ ਸੰਖੇਪ ਹੈ। ਕੋਈ ਵੀ ਵਾਕ ਅਜਿਹਾ ਨਹੀਂ ਹੈ ਜਿਸ ਤੋਂ ਅਸਪਸ਼ਟਤਾ ਝਲਕਦੀ ਹੋਵੇ। ਕਿਤੇ-ਕਿਤੇ ਅੰਗਰੇਜ਼ੀ ਸ਼ਬਦਾਵਲੀ ਵੀ ਵਰਤੀ ਗਈ ਹੈ। ਜਿਵੇਂ—ਡਰਾਇੰਗ ਰੂਮ, ਕਾਲਜ, ਆਦਿ।

ਇਸ ਦੀ ਸ਼ੈਲੀ ਸਰਲ ਸਪਸ਼ਟ ਤੇ ਵਾਰਤਾਲਾਪੀ ਹੈ।

ਸਿਰਲੇਖ—ਇਕਾਂਗੀ ਦਾ ਸਿਰਲੇਖ : 'ਅਪਮਾਨ' ਢੁੱਕਵਾਂਈ ਹੈ। ਇਸ ਦਾ ਸੰਬੰਧ ਸੁਸ਼ਮਾ ਦੇ ਮਨੋਵਿਗਿਆਨਕ ਸੰਤਾਪ ਨਾਲ ਹੈ। ਉਹ ਇੱਕ ਖ਼ੂਬਸੂਰਤ ਔਰਤ ਹੈ ਤੇ ਆਪਣੇ ਪਤੀ ਤੋਂ ਉਮੀਦ ਕਰਦੀ ਹੈ ਕਿ ਉਹ ਉਸਦੀ ਤਾਰੀਫ਼ ਕਰੇ। ਪਰ ਇੱਛਾ ਪੂਰਤੀ ਨਾ ਹੋਣ ਕਾਰਨ ਆਪਣੇ ਆਪ ਨੂੰ ਅਪਮਾਣਿਤ ਸਮਝਦੀ ਹੈ ਤੇ ਆਪਣਾ ਮੂੰਹ ਸਾੜ ਲੈਂਦੀ ਹੈ।

ਰੰਗਮੰਚੀ ਸਾਰਥਿਕਤਾ—ਇਕਾਂਗੀ ਰੰਗਮੰਚ ਦੇ ਪੱਖੋਂ ਵੀ ਸਾਰਥਿਕ ਹੈ। ਇਸ ਵਿਚਲੀ ਕੋਈ ਵੀ ਘਟਨਾ ਅਜਿਹੀ ਨਹੀਂ ਜਿਸਨੂੰ ਰੰਗਮੰਚ ਉੱਪਰ ਪੇਸ਼ ਕਰਨਾ ਸੰਭਵ ਨਾ ਹੋਵੇ। ਇਕਾਂਗੀ ਰਾਹੀਂ ਪਤੀ-ਪਤਨੀ ਦੇ ਰਿਸ਼ਤੇ ਵਿਚ ਸਾਂਵੇਪਨ ਦਾ ਸੰਦੇਸ਼ ਦਿੱਤਾ ਗਿਆ ਹੈ।





# ਪੰਜਾਬੀ ਸਾਹਿਤ ਦਾ ਇਤਿਹਾਸ-ਗੁਰੂ ਨਾਨਕ ਕਾਲ

ਗੁਰਮਤਿ ਸਾਹਿਤ

ਗੁਰੂ ਸਾਹਿਬਾਨ ਦੇ ਮੁਖਾਰ ਬਿੰਦ 'ਚੋਂ ਨਿਕਲੀ ਹੋਈ ਬਾਣੀ ਗੁਰਮਤਿ ਸਾਹਿਤ ਅਖਵਾਉਂਦੀ ਹੈ।

ਗੁਰੂ ਨਾਨਕ ਕਾਲ ਵਿੱਚ ਰਚੇ ਗਏ ਸਮੁੱਚੇ ਸਾਹਿਤ ਵਿੱਚੋਂ ਸਭ ਤੋਂ ਸ੍ਰੇਸ਼ਟ ਰਚਨਾ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਹੈ, ਜਿਹੜੀ ਆਦਿ ਗ੍ਰੰਥ ਵਿੱਚ ਸੰਕਲਿਤ ਕੀਤੀ ਗਈ ਹੈ। ਇਹ ਬਾਣੀ ਆਪਣੀ ਸਿਧਾਂਤਕ ਪਕਿਆਇ ਕਰਕੇ ਮੱਧਕਾਲ ਦੇ ਸਮੁੱਚੇ ਅਧਿਆਤਮਕ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਰੱਖਦੀ ਹੈ। ਜਿੱਥੇ ਇਹ ਰਚਨਾ ਭਗਤੀ ਮੱਤ ਦੇ ਆਸ਼ਿਆਂ ਦੇ ਅਨੁਕੂਲ ਰਚੀ ਗਈ, ਉੱਥੇ ਇਸਦੀ ਇਕ ਵਿਲੱਖਣਤਾ ਇਹ ਹੈ ਕਿ ਲੋਕ ਜੀਵਨ ਦੇ ਵੱਧ ਤੋਂ ਵੱਧ ਨਿਕਟ ਹੈ ਅਤੇ ਲੋਕ ਭਾਸ਼ਾ ਦੇ ਪ੍ਰਚਲਿਤ ਕਾਵਿ ਰੂਪਾਂ ਵਿਚ ਹੋਣ ਕਰਕੇ, ਲੋਕ ਮਨਾਂ ਨੂੰ ਵੱਧ ਤੋਂ ਵੱਧ ਖਿੱਚ ਪਾਉਂਦੀ ਹੋਈ ਸਮਾਜਿਕ, ਸਭਿਆਚਾਰਕ ਤੇ ਧਾਰਮਿਕ ਖੇਤਰਾਂ ਵਿਚ ਉਨ੍ਹਾਂ ਦੀ ਸੁਚੇਤ ਭਾਂਤ ਅਗਵਾਈ ਕਰਦੀ ਹੈ।

ਗੁਰਮਤਿ ਕਾਵਿ-ਧਾਰਾ ਦੇ ਸਤਿਕਾਰਯੋਗ ਕਵੀ ਇਸ ਪ੍ਰਕਾਰ ਹਨ-

1. ਗੁਰੂ ਨਾਨਕ ਸਾਹਿਬ ਜੀ
2. ਗੁਰੂ ਅੰਗਦ ਦੇਵ ਜੀ
3. ਗੁਰੂ ਅਮਰ ਦਾਸ ਜੀ
4. ਗੁਰੂ ਰਾਮ ਦਾਸ ਜੀ
5. ਗੁਰੂ ਅਰਜਨ ਦੇਵ ਜੀ
6. ਗੁਰੂ ਤੇਗ ਬਹਾਦਰ ਜੀ
7. ਗੁਰੂ ਗੋਬਿੰਦ ਸਿੰਘ ਜੀ
8. ਭਾਈ ਗੁਰਦਾਸ ਜੀ

ਇਨ੍ਹਾਂ ਦਾ ਵਿਸਤਾਰ ਸਹਿਤ ਸਾਹਿਤ ਇਸ ਪ੍ਰਕਾਰ ਹੈ-

## 1. ਗੁਰੂ ਨਾਨਕ ਦੇਵ ਜੀ (1469-1539 ਈ.)

ਆਪ ਗੁਰਮਤਿ ਕਾਵਿ ਦੀ ਜੜ੍ਹ ਥੰਮ ਤੇ ਸਿਖਰ ਹਨ। ਆਪ ਵਿਸ਼ਵ ਭਰ ਦੇ ਸਰਬ ਸ੍ਰੇਸ਼ਟ ਤੇ ਉੱਚਤਮ ਸਿਖਰ ਨੂੰ ਪਹੁੰਚੇ ਕਵੀ ਹਨ। ਮਹਾਨ ਗਾਇਕ, ਮਹਾਨ ਦਾਰਸ਼ਨਿਕ ਅਤੇ ਅਦਭੁੱਤ ਰਹੱਸਵਾਦੀ ਕਵੀ ਸਨ। ਆਪ ਭਗਤੀ ਦੇ ਵੀ ਸਿਖਰ ਹਨ-ਇਕ ਲੋਕ ਗੀਤ ਇਸ ਬਾਰੇ ਪ੍ਰਮਾਣਿਤ ਹੈ-

ਬਾਬੇ ਨਾਨਕ ਜੇਡ ਭਗਤ ਨਾ ਕੋਈ

ਜਿਨ ਹਰਿ ਕਾ ਨਾਮ ਪਛਾਤਾ।

ਆਪ ਜੀ ਦੀਆਂ ਬਾਣੀਆਂ-ਜਪੁਜੀ ਸਾਹਿਬ, ਸਿਧ ਗੋਸ਼ਟਿ, ਦੱਖਣੀ ਉਕਾਂਰ, ਪੱਟੀ ਰਾਗ ਆਸਾ ਤਿੰਨ ਵਾਰਾਂ-ਆਸਾ ਮਾਝ ਤੇ ਮਲਾਰ ਰਾਗ ਵਿਚ, ਬਾਰਾਂ ਮਾਹ ਰਾਗ ਤੁਖਾਰੀ, ਬਾਬਰ ਬਾਣੀ, ਵਣਜਾਰੇ, ਕੁਚੱਜੀ ਤੇ ਸੁਚੱਜੀ, ਸੋਦਰ ਤੇ ਆਰਤੀ, ਫੁਟਕਲ, ਸ਼ਬਦ ਪੜ੍ਹੇ ਪਹਿਰੇ, ਅਸ਼ਟਪਦੀਆਂ, ਸੋਹਲੇ, ਛੰਦ ਤੇ ਸਲੋਕ ਆਦਿ।

**ਜਪੁਜੀ ਸਾਹਿਬ**- ਉੱਤਮ ਬਾਣੀ ਗਾਗਰ ਵਿਚ ਸਾਗਰ ਭਰਿਆ ਪਿਆ ਹੈ। ਉਤਕ੍ਰਿਸ਼ਟ ਰਚਨਾ ਹੈ। ਅਨੁਭਵ ਅਤੀ ਸੂਖਮ ਹੈ। ਆਦਿ ਗ੍ਰੰਥ ਇਸ ਦੀ ਹੀ ਵਿਆਖਿਆ ਕਰਦਾ ਹੋਇਆ ਭੋਗ ਪਾ ਜਾਂਦਾ ਹੈ। ਪੰਜ ਖੰਡ ਆਤਮਿਕ ਵਿਕਾਸ ਦੇ ਪੰਜ ਪੜ੍ਹਾਅ ਪੇਸ਼ ਕੀਤੇ ਹੋਏ ਹਨ। ਆਦਿ ਵਿਚ ਇਕ ਸਲੋਕ ਰਾਹੀਂ ਪ੍ਰਾਬ੍ਰਹਮ ਦੀ ਸੁੰਦਰ ਪਰਿਭਾਸ਼ਾ ਕੀਤੀ ਹੋਈ ਹੈ ਅਤੇ ਅੰਤ ਵਿਚ ਇਕ ਸਲੋਕ ਦਿੱਤਾ ਗਿਆ ਹੈ। ਬ੍ਰਹਮ ਦੇ ਨਿਰਗੁਨ ਤੇ ਸਰਗੁਨ ਸਰੂਪ ਦਾ ਵਰਨਣ ਹੈ। ਇਹ ਦਾਰਸ਼ਨਿਕ ਰਚਨਾ ਹੈ। ਰਹੱਸਵਾਦ ਅਤੀ ਸੂਖਮ ਹੈ।' ਕਿਵ ਸਚਿਆਰਾ ਹੋਈਐ ਇਸ ਦਾ ਕੇਂਦਰੀ ਭਾਵ ਹੈ। 38 ਪਉੜੀਆਂ ਵਿਚ ਕਾਵਿ ਦੀ ਉਸਾਰੀ ਹੋਈ ਹੈ। ਪ੍ਰਕ੍ਰਿਤੀ ਦੀ ਅਸਗਾਹਤਾ ਤੇ ਰਚਨਾ ਪ੍ਰਤੀ ਵਿਚਾਰ ਹੈ।

**ਸਿਧ ਗੋਸ਼ਟਿ**- ਇਹ ਦਾਰਸ਼ਨਿਕ ਬਾਣੀ ਹੈ। ਪ੍ਰਬੰਧ ਕਾਵਿ ਹੈ। ਨਾਥਾਂ ਤੇ ਗੁਰੂ ਜੀ ਦੇ ਰਹੱਸ ਦਾ ਅੰਤਰ ਹੈ। ਨਾਥਾਂ ਨੂੰ ਠੀਕ ਮਾਰਗ ਦਰਸਾਉਂਦੀ ਹੋਈ ਉਪਦੇਸ਼ਾਤਮਕ ਬਾਣੀ ਹੈ-

"ਨਾਨਕ ਜੀਵਦਿਆਂ ਮਰ ਰਹੀਐ ਯੋਗ ਜੁਗਤਿ ਇਵ ਪਾਈਐ।" ਇਹ ਪੰਕਤੀਆਂ ਇਸ ਦਾ ਕੇਂਦਰ ਬਣੀਆਂ ਹਨ-

ਜੈਸੇ ਜਲ ਮਹਿ ਕਮਲੁ ਨਿਰਾਮਲੁ ਮੁਰਗਾਈ ਨੈਮਾਣੇ।
ਸੁਰਤਿ ਸ਼ਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ।

ਉਤੱਮ ਪ੍ਰਸ਼ਨੋਤਰੀ ਕਾਵਿ ਰਾਹੀਂ ਦਿਸ਼ਟਾਂਤ ਅਲੰਕਾਰ ਦੀ ਪੇਸ਼ਕਾਰੀ ਹੈ। ਸੰਤ ਦੀ ਮਹਿਮਾ ਹੈ। ਮੰਗਣ ਦੀ ਨਿਖੇਧੀ ਅਤੇ ਗ੍ਰਹਿਸਤ ਆਸ਼ਰਮ ਤੇ ਜੋਰ ਹੈ।

**ਦਖਣੀ ਉਂਕਾਰ**- ਇਸ ਬਾਣੀ ਵਿਚ ਅਧਿਆਤਮਕ ਗਿਆਨ ਅਤੇ ਵਿੱਦਿਆ ਦੇ ਅਸਲ ਮਨਰੋਥ ਦੀ ਵਿਆਖਿਆ ਹੈ-

"ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਿਜ ਸੁਭਾਇ।
ਬਿਦਿਆ ਸੋਧੈ ਤਤੁ ਲਹੈ, ਰਾਮ ਨਾਮ ਲਿਵ ਲਾਇ"



**ਪੱਟੀ ਰਾਗ ਆਸਾ** — ਇਸ ਬਾਣੀ ਅੰਦਰ ਸਾਹਿਬ ਦੀ ਮਹਿਮਾ ਦਾ ਵਖਿਆਣ ਹੈ-

"ਸਸੈ ਸੋਇ ਸ੍ਰਿਸਟ ਜਿਨਿ ਸਾਜੀ,
ਸਭਨਾ ਸਾਹਿਬ ਏਕ ਭਇਆ।
ਸੇਵਤ ਰਹੇ ਚਿਤ ਜਿਨ ਕਾ ਲਾਗਾ,
ਆਇਆ ਤਿਨ ਕਾ ਸਫਲ ਭਇਆ।"

**ਆਸਾ ਦੀ ਵਾਰ**- ਪ੍ਰਭਾਤੀ ਬਾਣੀ ਹੈ। ਇਸ ਵਿਚ ਸਮਕਾਲੀਨ ਸਮਾਜਿਕ, ਇਤਿਹਾਸਕ, ਰਾਜਨੀਤਿਕ ਅਤੇ ਧਾਰਮਿਕ ਆਦਿ ਪੱਖੋਂ ਵਿਹਾਰਕ ਜੀਵਨ ਦੀ ਆਲੋਚਨਾ ਹੈ।

**ਬਾਰਾਂ ਮਾਹ**- ਵਿਯੋਗ ਵਰਨਣ ਦੀ ਬਾਣੀ ਹੈ। ਇਸ ਵਿਚ ਪ੍ਰਭੂ ਮਿਲਾਪ ਦੀ ਧਾਰਨਾ ਹੈ- "ਘਰਿ ਆਵਹੁ ਦਇਆ ਕਰਹਿ।"

**ਬਾਬਰ ਬਾਣੀ** - ਇਹ ਇਤਿਹਾਸਕ ਬਾਣੀ ਹੈ, ਜਿਸ ਵਿਚ ਬਾਬਰ ਦੇ ਹਮਲੇ ਦਾ ਵਰਨਣ ਹੈ। ਜ਼ੁਲਮ ਤੇ ਹੜ੍ਹ ਦਾ ਬਿਆਨ ਹੈ। ਸੋਦਰ ਤੇ ਆਰਤੀ ਵਾਲੇ ਸ਼ਬਦਾਂ ਵਿਚ ਅਦਭੁਤ ਪ੍ਰਕਿਰਤੀ ਤੇ ਪ੍ਰਭੂ ਦਾ ਵਰਨਣ ਹੈ। ਨਿਰਗੁਣ ਸਰਗੁਣ ਬ੍ਰਹਮ ਦੇ ਸਰੂਪ ਦਾ ਵਰਨਣ ਹੈ। ਕਲਪਨਾ ਬਿੰਬ ਮਹਾਨ ਹੈ। ਆਰਤੀ ਦਾ ਉਪਦੇਸ਼ ਹੈ ਕਿ ਮਨੁੱਖ ਚਾਰ ਦੀਵਾਰੀ ਵਿਚ ਉਚਾਰਦਾ ਹੋਇਆ ਆਰਤੀ ਮਨ ਦੀ ਸੰਕੀਰਨਤਾ ਵਿੱਚ ਬੱਝਦਾ ਹੈ, ਇਸ ਲਈ ਖੁਲ੍ਹੀ ਕੁਦਰਤ ਵਿਚ ਆਰਤੀ ਜੋ ਉਚਾਰੀ ਜਾ ਰਹੀ ਹੈ, ਉਸ ਵਿਚ ਸ਼ਾਮਿਲ ਹੋਇਆ ਜਾਏ। ਗੁਰੂ ਜੀ ਦੀ ਬਾਣੀ ਰੂਪਕ ਪੱਖੋਂ ਵੀ ਮਹਾਨ ਹੈ।

| | | |
|---|---|---|
| ਛੇਕ੍ਰੋਤੀ ਅਲੰਕਾਰ | - | ਸਭ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ।<br>ਧਰ ਤਰਾਜੂ ਤੋਲੀਐ ਨਿਵੈ ਸੁ ਗਉਰਾਂ ਹੋਇ। |
| ਰੂਪਕ ਅਲੰਕਾਰ | - | ਜਤ ਪਹਾਰਾ ਧੀਰਜ ਸੁਨਿਆਰ, ਮੁੰਦਾ ਸੰਤੋਖ.....।" |
| ਪ੍ਰਸ਼ਨੋਤਰੀ ਅਲੰਕਾਰ | - | ਤੈਂ ਸਾਹਿਬ ਕੀ ਬਾਤ ਜਿ ਆਖੈ ਕਹੁ, ਨਾਨਕ ਕਿਆ ਦੀ ਜੈ? |
| ਤੁਲਯੋਗਤਾ ਅਲੰਕਾਰ | — | ਸੁਣਿਐ ਸਿਧ ਪੀਰ ਸੁਰਨਾਥ।<br>ਸੁਣਿਐ ਧਰਤ ਧਵਲ ਆਕਾਸ਼। |
| ਯੁਕਤੀ ਅਲੰਕਾਰ | — | ਜੇ ਕਰ ਸੂਤਕ ਮੰਨੀਐ ਸਭ ਤੇ ਸੂਤਕ ਹੋਇ। |
| ਵੀਪਸਾ ਅਲੰਕਾਰ | — | ਭੰਡਿ ਜੰਮੀਐ ਭੰਡਿ ਨਿੰਮੀ ਐ ਭੰਡਿ ਮੰਗਣ ਵਿਆਹੁ। |
| ਕਾਵਿ ਲਿੰਗ ਅਲੰਕਾਰ | — | ਕੁੰਤੇ ਬੱਧਾ ਜਲ ਰਹੈ ਜਲ ਬਿਨੁ ਕੁੰਭ ਨ ਹੋਇ। |
| ਉਲੇਖ ਅਲੰਕਾਰ | — | ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ। |
| ਵਿਪਰਯੈ ਅਲੰਕਾਰ | — | ਵਾਇਨਿ ਚੇਲੈ ਨਚਨਿ ਗੁਰ। |

| | |
|---|---|
| ਅਦਭੁਤਰਸ | — ਵਿਸਮਾਦੁ ਨਾਦ ਵਿਸਮਾਦੁ ਵੇਦ। |
| ਕਰੁਣਾ ਰਸ | — ਵੱਡਾ ਹੋਆ ਦੁਨੀਦਾਰ ਗਲਿ ਸੰਗਲ ਘਤਿ ਚਲਾਇਆ। |
| ਹਾਸ ਰਸ | — ਉਡ ਉਡ ਰਾਵਾ ਝਾਟੈ ਪਾਇ।<br>ਵੇਖੈ ਲੋਕ ਹਸੈ ਘਰ ਜਾਇ। |
| ਵੀਭਤਸ ਰਸ | — ਭਲਕੇ ਥੁਕ ਪਵੈ ਨਿਤ ਦਾੜੀ। |
| ਭਿਆਨਕ ਰਸ | — ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲ। |

ਬੋਲੀ - ਅਰਬੀ ਫਾਰਸੀ, ਸੰਸਕ੍ਰਿਤ, ਹਿੰਦੀ, ਖੜੀ ਬੋਲੀ ਅਤੇ ਬ੍ਰਜੀ ਆਦਿ ਭਾਸ਼ਾਵਾਂ ਦੀ ਵਰਤੋਂ ਕੀਤੀ ਹੋਈ ਹੈ। ਕਾਵਿ ਬਿੰਬ ਨਾਨਕ ਬਾਣੀ ਦੀ ਕਾਵਿ ਸ਼ੈਲੀ ਦੀ ਅੰਤਰਾਤਮਾ ਹੈ। ਦਲੀਲ ਬਾਜ਼ੀ ਵੀ ਹੈ ਅਤੇ ਬਾਣੀ 19ਰਾਗਾਂ ਵਿਚ ਹੈ।

## ਗੁਰੂ ਅੰਗਦ ਦੇਵ ਜੀ (1504-1552 ਈ.)

ਗੁਰੂ ਅੰਗਦ ਦੇਵ ਜੀ 28ਵਰ੍ਹੇ ਦੀ ਆਯੂ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ। ਗੁਰੂ ਅੰਗਦ ਦੇਵ ਜੀ ਦਾ ਜਨਮ ਪਿੰਡ ਮਤੇ ਦੀ ਸਰਾਏ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਇਹਨਾਂ ਦਾ ਪਹਿਲਾ ਨਾਂ ਲਹਿਣਾ ਸੀ। ਪਿਤਾ ਫੇਰੂਮੱਲ ਮਾਂ ਸਭਰਾਈ ਜੀ ਅਤੇ ਸ਼ਾਦੀ ਖੀਵੀ ਜੀ ਨਾਲ ਹੋਈ। ਸੰਤਾਨ ਦਾਸੂ, ਦਾਤੂ ਪੁੱਤਰ ਤੇ ਧੀ ਬੀਬੀ ਅਮਰੋ ਸੀ। ਇਹਨਾਂ ਨੇ 63 ਸਲੋਕ ਰਚੇ ਹਨ। ਆਪ ਗੁਰੂ ਨਾਨਕ ਦੇਵ ਜੀ ਤੋਂ ਗੱਦੀ ਦੇ ਲਹਿਣੇਦਾਰ ਸਨ। ਆਪ ਨੇ ਇਹਨਾਂ ਸਲੋਕਾਂ ਵਿੱਚ ਗੁਰੂ ਦੀ ਮਹਿਮਾ ਦਾ ਹੀ ਗੁਨਗਾਇਣ ਕੀਤਾ ਹੋਇਆ ਹੈ—

ਜੇ ਸਉ ਚੰਦਾ ਉਗਵਹਿ ਸੂਰਜ ਚੜ੍ਹੇ ਹਜ਼ਾਰ।
ਏ ਤੇ ਚਾਨਣ ਹੋਂਦਿਆ ਗੁਰ ਬਿਨ ਘੋਰ ਅੰਧਾਰ।

ਆਪ ਹਉਮੈਂ ਨੂੰ ਦੀਰਘ ਰੋਗ ਸਮਝਦੇ ਹਨ। ਪਰ ਇਸ ਦੀਰਘ ਰੋਗ ਦੀ ਦਵਾ ਵੀ ਬਾਣੀ ਹੀ ਦਰਸਾਉਂਦੇ ਹਨ—

"ਹਉਮੈਂ ਦੀਰਘ ਰੋਗ ਹੈ, ਦਾਰੂ ਭੀ ਇਸ ਮਾਹਿ।

ਆਪ ਜੀ ਦੇ ਸਲੋਕ ਨਾ ਤਾਂ ਬਹਿਰ ਵਿਚ ਤੇ ਨਾ ਹੀ ਤੁਕਾਂ ਵਿਚ ਇਕਸਾਰ ਹਨ। ਸਲੋਕ ਦੀਆਂ ਆਮ ਤੌਰ ਹੀ ਤੁੱਕਾਂ ਹਨ, ਪਰ ਇਹ ਤੁਕਾਂ ਕਈ ਵਾਰੀ ਵੱਧ ਘੱਟ ਵੀ ਹੋ ਜਾਂਦੀਆਂ ਹਨ—

"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ"
.......................................................
.......................................................

ਇਹਨਾਂ ਦੇ ਕਈ ਸਲੋਕ ਬਾਬਾ ਫਰੀਦ ਜੀ ਦੇ ਸਲੋਕਾਂ ਨਾਲ ਮੇਲ ਖਾਂਦੇ ਹਨ। ਜਿਵੇਂ



ਜੋ ਸਿਰਿ ਸਾਈ ਨ ਨਿਵੈ ਸੋ ਸਿਰਿ ਦੀਜੈ ਡਾਰ

ਆਪ ਜੀ ਦਾ ਉਪਦੇਸ਼ ਹੈ ਕਿ ਮਨੁੱਖ ਦੀ ਵਾਗਡੋਰ ਪ੍ਰਭੂ ਦੇ ਹੱਥ ਹੈ। ਜਿਥੇ ਵੀ ਉਸ ਦਾ ਦਾਨਾ ਪਾਣੀ ਖਿਲਰਿਆ ਹੋਇਆ ਹੈ, ਉਸ ਉਥੋਂ ਹੀ ਜਾ ਕੇ ਚੁਨਣਾ ਹੈ—

"ਨਕਿ ਨਥਿ ਖਸਮ ਹਥਿ ਕਿਰਤ ਧਕੇ ਦੇ।
ਜਹਾਂ ਦਾਣੇ ਤਹਾਂ ਖਾਣੇ ਨਾਨਕਾ ਸੱਚ ਹੇ।"

## ਗੁਰੂ ਅਮਰ ਦਾਸ ਜੀ (1479-1574 ਈ:)

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ 72 ਸਾਲ ਦੀ ਆਯੂ ਵਿੱਚ ਗੱਦੀ ਉਤੇ ਬਿਰਾਜਮਾਨ ਹੋਏ। ਇਹਨਾਂ ਦਾ ਜਨਮ 1479 ਈ. ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਹਨਾਂ ਦੇ ਪਿਤਾ ਤੇਜ ਭਾਨ ਮਾਂ ਲਛਮੀ ਜੀ ਅਤੇ ਪਤਨੀ ਰਾਮ ਕੌਰ ਜੀ ਸਨ। ਸੰਤਾਨ ਦੋ ਪੁੱਤਰ ਮੋਹਣੀ ਤੇ ਮੋਹਰੀ ਅਤੇ ਦੋ ਧੀਆਂ ਦਾਨੀ ਤੇ ਭਾਨੀ ਜੀ ਸਨ। ਬਾਣੀ 'ਆਨੰਦ ਸਾਹਿਬ' ਆਪ ਜੀ ਦੀ ਸ੍ਰੇਸ਼ਠ ਰਚਨਾ ਹੈ। ਇਹ ਪ੍ਰਬੰਧ ਕਾਵਿ ਹੈ। ਇਹਨਾਂ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ— ਆਨੰਦ ਸਾਹਿਬ (ਰਾਗ ਰਾਮਕਲੀ ਵਿਚ), ਪਟੀ, ਚਾਰ ਵਾਰਾਂ ਰਾਗ ਗੁਜਰੀ, ਸੂਹੀ, ਰਾਮਕਲੀ ਤੇ ਮਾਰੂ ਵਿਚ। ਸ਼ਬਦ, ਅਸ਼ਟਪਦੀਆਂ ਤੇ ਸਲੋਕ ਆਦਿ ਹੈ।

ਆਪ ਜੀ ਨੇ ਸਤੀ ਦੀ ਰਸਮ ਨੂੰ ਬੰਦ ਕੀਤਾ-

"ਸਤੀਆਂ ਏਹਿ ਨ ਆਖੀਅਨਿ ਜੋ ਮੜੀਆਂ ਲੱਗਿ ਜਲੰਨਿ।"

ਆਪ ਸੱਚੇ ਆਨੰਦ ਵਿਚ ਗਾ ਉਠਦੇ ਹਨ—

"ਆਨੰਦ ਅਨੰਦ ਸਭੁ ਕੋ ਕਹੋ ਅਨੰਦ ਗੁਰੂ ਤੇ ਜਾਣਿਆ।"

ਆਪ ਜੀ ਦਾ ਕਥਨ ਹੈ ਕਿ ਗੁਰਬਾਣੀ ਚਾਨਣ ਹੈ ਅਤੇ ਕਰਮਾਂ ਨਾਲ ਹੀ ਮਨ ਵਿਚ ਵੱਸਦੀ ਹੈ।

"'ਗੁਰਬਾਣੀ ਇਸ ਜਗ ਮਹਿ ਚਾਨਣੁ
ਕਰਮ ਵਸੈ ਮਨਿ ਆਇ।"

ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਖ਼ਿਆਲਾਂ ਉੱਤੇ ਅਤੇ ਉਹਨਾਂ ਦੇ ਹੀ ਵਰਤੇ ਗਏ 19 ਰਾਗਾਂ ਵਿਚੋਂ 17 ਰਾਗਾਂ ਵਿਚ ਬਾਣੀ ਰਚੀ। ਆਪ ਜੀ ਨੇ ਰਲੇ ਤੋਂ ਬਚਾਣ ਲਈ ਸੱਚੀ ਤੇ ਕੱਚੀ ਬਾਣੀ ਦਾ ਨਿਰਣਾ ਕੀਤਾ।

"ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ"।
ਬਾਣੀ ਤਾਂ ਗਵਾਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।
. . . . . . . . . . . . . . . . . . .
ਕਹੇ ਨਾਨਕੁ ਸਦਾ ਗਾਵਹੁ ਏਹ ਸੱਚੀ ਬਾਣੀ।
ਸਤਿਗੁਰੂ ਬਿਨਾ ਹੋਰ ਕੱਚੀ ਹੈ ਬਾਣੀ।

## ਗੁਰੂ ਰਾਮ ਦਾਸ ਜੀ (1534-1581)

ਇਹਨਾਂ ਦਾ ਪਹਿਲਾ ਨਾਂ ਜੇਠਾ ਸੀ। ਆਪ ਜੀ ਦਾ ਜਨਮ 1534 ਈ. ਵਿਚ ਚੂਨਾ ਮੰਡੀ ਲਾਹੌਰ ਹਰੀ ਦਾਸ ਦੇ ਘਰ ਦਇਆ ਕੌਰ ਦੀ ਕੁੱਖੋਂ ਹੋਇਆ ਅਤੇ ਆਪ ਜੀ ਦੀ ਸ਼ਾਦੀ ਬੀਬੀ ਭਾਨੀ ਨਾਲ ਹੋਈ। ਆਪ ਜੀ ਦੇ ਤਿੰਨ ਸੱਪੁਤਰ ਪ੍ਰਿਥੀ ਚੰਦ, ਮਹਾਦੇਵ ਤੇ ਗੁਰੂ ਅਰਜਨ ਦੇਵ ਜੀ ਸਨ। ਆਪ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾਇਆ ਤੇ ਅੰਮ੍ਰਿਤ ਸਰੋਵਰ ਦੀ ਉਸਾਰੀ ਕੀਤੀ। ਆਪ ਜੀ ਨੇ 30ਰਾਗਾਂ ਵਿਚ ਬਾਣੀ ਰਚੀ। ਇਹਨਾਂ ਦੀ ਬਾਣੀ ਦਾ ਵੇਰਵਾ- ਚੌਪਦੇ, ਅਸ਼ਟਪਦੀਆਂ, ਛੰਦ, ਸੋਹਿਲੇ, ਅਠ ਵਾਰਾਂ (ਸ੍ਰੀ ਰਾਗ, ਗਉੜੀ, ਬਿਹਾਗੜਾ, ਵੱਡਹਸ, ਸੋਰਠਿ, ਬਿਲਾਵਲ, ਸਾਰੰਗ, ਕਾਨੜਾ ਰਾਗਾਂ ਵਿਚ) ਸ਼ਲੋਕ, ਪਹਿਰੇ ਵਣਜਾਰੇ, ਕਰਹਲੇ ਅਤੇ ਘੋੜੀਆਂ ਆਦਿ। ਗੁਰੂ ਅਮਰ ਦਾਸ ਵਾਂਗ ਆਪ ਨੇ ਵੀ ਗੁਰੂ ਨਾਨਕ ਸਿਧਾਂਤ ਨੂੰ ਹੀ ਬਾਣੀ ਦਾ ਵਿਸ਼ਾ ਬਣਾਇਆ। ਆਪ ਜੀ ਦੀ ਕਾਵਿ ਸ਼ੈਲੀ ਅਦੁਤੀ ਲੈਅ ਵਾਲੀ, ਸ਼ਰੋਦੀ ਹੂਕ ਵਾਲੀ, ਵਾਯੂ ਮੰਡਲੀ ਤੇ ਵਿਲੱਖਣ ਹੈ। ਬੋਲੀ ਸਰਲ, ਸਾਦੀ, ਸੁਭਾਵਕ ਠੇਠ ਤੇ ਜਦੂ ਭਰੀ ਹੈ। ਕਰਹਲੇ ਦਾ ਅਰਥ ਊਠ ਹੈ। ਊਠਾਂ ਵਾਲਿਆਂ ਵਾਂਗ ਮਨੁੱਖ ਵੀ ਪ੍ਰਦੇਸੀ ਹੈ।

ਗੁਰੂ ਅਮਰਦਾਸ ਵਾਂਗ ਆਪ ਵੀ ਫਰਮਾਉਂਦੇ ਹਨ ਕਿ ਹਰੀ ਆਪ ਹੀ ਆਪਣੀ ਬਾਣੀ ਭਗਤਾਂ ਦੇ ਮੂੰਹ ਵਿੱਚੋਂ ਕੱਢਵਾ ਰਿਹਾ ਹੈ। ਭਗਤਾਂ ਦੇ ਹਿਰਦੇ ਵਿੱਚ ਉਸ ਦਾ ਆਪਣਾ ਨਿਵਾਸ ਹੈ—

"ਆਪੇ ਹਰ ਅਪਰੰਪਰ ਕਰਤਾ ਹਰਿ ਆਪੇ ਬੋਲ ਬੁਲਾਇ।

. . . . . . . . . . . . . . . . . . . . . . . . . . . . . .

ਆਪ ਜੀ ਦੀ ਦੁਹਰਾਅ ਸ਼ੈਲੀ ਅਦੁੱਤੀ ਹੈ। ਆਪ ਕੁਝ ਸ਼ਬਦਾਂ ਵਿਚ ਦੁਹਰਾਉ ਪੈਦਾ ਕਰਕੇ ਭਾਵ ਨੂੰ ਪ੍ਰਭਾਵ ਸ਼ਾਲੀ ਤੇ ਮਿਠਾਸ ਭਰਿਆ ਬਣਾ ਦਿੰਦੇ ਹਨ—

"ਹਰਿ ਧਿਆਵਹਿ ਹਰਿ ਪਿਆਵਹਿ ਤੁਧ ਜੀ, ਸੇ ਜਨ ਜੁਗ ਮਹਿ ਸੁਖ ਵਾਸੀ।"

ਆਪ ਸ਼ਰੋਮਣੀ ਸਰੋਦੀ ਕਵੀ ਸਨ। ਆਪ ਰਾਗ ਤੇ ਤਾਲ ਨੂੰ ਉਤੇਜਿਤ ਕਰਨ ਲਈ ਆਪਣੀਆਂ ਪਕੰਤੀਆਂ ਲੰਬੀਆਂ ਹੋਣ ਦੇਂਦੇ ਹਨ। ਸ਼ਬਦਾਂ ਨੂੰ ਗੁਰੂ ਅਮਰ ਦਾਸ ਜੀ ਵਾਂਗ ਦੁਹਰਾਈ ਜਾਂਦੇ ਹਨ। ਇਓਂ ਰਾਗ ਦੀ ਮਧੁਰਤਾ ਸਿਰਜਦੀ ਚਲੀ ਜਾਂਦੀ ਹੈ।

ਆਪ ਆਦਰਸ਼ਕ ਗੁਰ ਸਿੱਖੀ ਦਾ ਜੀਵਨ ਸੁਦ੍ਰਿੜ ਕਰਵਾਉਂਦੇ ਹਨ—

"ਗੁਰ ਸਤਿਗੁਰ ਕਾ ਜੋ ਸਿਖ ਅਖਾਵੈ
ਸੁ ਭਲਕੇ ਉਠਿ ਹਰਿਨਾਮ ਧਿਆਵੈ....."।

ਆਪ ਜੀ ਦੇ ਅੰਮ੍ਰਿਤ ਵਚਨ ਹਨ ਕਿ ਬਾਣੀ ਤੇ ਗੁਰੂ ਇਕ ਸਰੂਪ ਹਨ—

"ਬਾਣੀ ਗੁਰੂ ਗੁਰੂ ਹੈ ਬਾਣੀ ਵਿੱਚ ਬਾਣੀ ਅੰਮ੍ਰਿਤ ਸਾਰ।
ਗੁਰਬਾਣੀ ਕਹੈ ਸੇਵਕ ਜਨ ਮਾਨੇ ਪਰਤਖਿ ਗੁਰੂ ਨਿਸਤਾਰੇ।"

ਆਸਾ ਰਾਗ ਦੇ ਸੋ ਪੁਰਖ ਵਾਲੇ ਸ਼ਬਦ ਵਿਚ ਪ੍ਰਭੂ-ਮਿਲਾਪ ਦਾ ਵਰਨਣ ਹੈ। ਆਪ ਜੀ ਨੇ ਤੋਲ ਤੁਕਾਂਤ ਪੱਖੋਂ ਖੁਲ੍ਹੀਆਂ ਉਡਾਰੀਆਂ ਵੀ ਮਾਰੀਆਂ ਹਨ। ਜਿਸ ਤੋਂ ਪ੍ਰਤੱਖ ਹੈ ਕਿ ਆਪ ਕੁਦਰਤੀ ਝੁਣ ਝਣਾਹਟ ਵਿਚ ਬਾਣੀ



ਰਚਦੇ ਹਨ। ਬਾਣੀ ਅੰਮ੍ਰਿਤ ਹੈ, ਜਿਸ ਨੂੰ ਪੀ ਦੇ ਜੀਵ ਅਮਰ ਹੋ ਜਾਂਦਾ ਹੈ। ਆਪ ਜੀ ਦੀਆਂ ਚਾਰ ਲਾਵਾਂ ਪ੍ਰਭੂ ਨਾਲ ਇਕਮਿਕਤਾ ਦੇ ਚਾਰ ਸਿਧਾਂਤ ਹਨ—

1. ਧਰਮ ਪਕੜਨਾ ਪਾਪ ਤਿਆਗਨਾ।

2. ਨਿਰਭਉ ਭੈ ਤੇ ਨਿਰਮਲ ਭਉ ਪੈਦਾ ਕਰਨਾ।

3. ਪ੍ਰਭੂ ਪ੍ਰੀਤੀ ਦਾ ਚਾਉ ਮਨ ਬੈਰਾਗੀਆਂ ਵਿਚ ਪੈਦਾ ਕਰਨਾ।

4. ਸਹਿਜ ਪ੍ਰੀਤ ਪਾਉਣੀ। ਸਹਿਜ ਅਵਸਥਾ ਸਦੀਵੀ ਅਵਸਥਾ ਹੈ।

ਵਿਆਹ ਪ੍ਰਭੂ ਮਿਲਾਪ ਦਾ ਸਾਧਨ ਹੈ। ਇਸ ਕਰਕੇ ਲਾਵਾਂ ਵਿਆਹ ਤੇ ਗਾਈਆਂ ਜਾਂਦੀਆਂ ਹਨ।

## ਗੁਰੂ ਅਰਜਨ ਦੇਵ ਜੀ (1563-1606)

ਆਪ ਜੀ ਦਾ ਜਨਮ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਅੰਮ੍ਰਿਤਸਰ ਵਿਖੇ ਬੀਬੀ ਭਾਨੀ ਦੀ ਕੁੱਖੋਂ ਗੁਰੂ ਰਾਮ ਦਾਸ ਜੀ ਦੇ ਘਰ ਹੋਇਆ। ਆਪ ਗੁਰੂ ਅਮਰ ਦਾਸ ਜੀ ਦੇ ਦੋਹਤਰੇ ਹਨ। ਆਪ ਆਪਣੇ ਦੋ ਭਰਾਵਾਂ ਪ੍ਰਿਥੀ ਚੰਦ ਤੇ ਮਹਾਂਦੇਵ ਨਾਲੋਂ ਭਾਵੇਂ ਆਯੂ ਵਿੱਚ ਨਿੱਕੇ ਸਨ, ਪਰ ਅਕਲ ਵਿਚ ਵੱਡੇ ਤੇ ਪੂਰੇ ਸਨ। ਇਸ ਲਈ ਆਪ ਨੂੰ 1581 ਵਿਚ ਗੁਰਗੱਦੀ ਪ੍ਰਾਪਤ ਹੋਈ। ਆਪ ਜੀ ਨੇ ਆਪਣੇ ਜੀਵਨ ਵਿਚ ਅਨੇਕ ਮਹਾਨ ਕਾਰਜ ਸੰਪੂਰਨ ਕੀਤੇ। ਉਹਨਾਂ ਸਭ ਵਿਚੋਂ ਮਹਾਨਤਾ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ ਜੋ ਘੋਰ ਘਾਲਣਾ ਦਾ ਫਲ ਸੀ। ਗੁਰਧਾਮਾਂ ਦੀ ਉਸਾਰੀ ਕੀਤੀ। ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਤੇ ਸੰਤੋਖਸਰ ਮੁਕੰਮਲ ਕੀਤਾ। ਤਰਨਤਾਰਨ ਦੀ ਨੀਂਹ ਰੱਖੀ। ਜਲੰਧਰ ਵਿਚ ਕਰਤਾਰਪੁਰ ਵਸਾਇਆ। ਲਾਹੌਰ ਵਿਚ ਬਉਲੀ ਸਾਹਿਬ ਦੀ ਸਥਾਪਨਾ ਕੀਤੀ। ਇਹ ਸਭ ਕੁਝ ਗੁਰਮਤਿ ਦੇ ਪ੍ਰਚਾਰ ਲਈ ਅਤਿ ਜਰੂਰੀ ਸੀ ਅਤੇ ਸ਼ਾਇਦ ਆਪ ਜੀ ਦੀ ਮਹਾਨ ਸ਼ਹੀਦੀ ਵੀ। 1606 ਈ. ਨੂੰ ਆਪ ਜੀ ਦੀ ਸ਼ਹੀਦੀ ਜ਼ਬਰ ਵਿਰੋਧ ਸਬਰ ਦੀ ਜਿਤ ਸਿਧ ਕਰਦੀ ਹੈ। ਮਾਨੋ ਕਿ ਆਪ ਜੀ ਨੇ ਆਪਣੀ ਮਹਾਨ ਤੇ ਉਚੱਤਮ ਬਾਣੀ, ਜਿਸ ਨੂੰ ਆਦਿ ਗ੍ਰੰਥ ਦਾ ਸਿਖ਼ਰ ਕਿਹਾ ਜਾਂਦਾ ਹੈ, ਦੇ ਸਿਧਾਂਤ ਨੂੰ ਸ਼ਹੀਦੀ ਦੀ ਪ੍ਰਯੋਗਸ਼ਾਲਾ ਵਿਚ ਸਿੱਧ ਕਰਕੇ ਰੱਖ ਦਿੱਤਾ ਹੈ। ਆਪ ਜੀ ਨੇ ਦੈਵੀ ਮਾਪਿਆਂ ਦੀ ਮਿਠਾਸ, ਸਹਿਣਸ਼ੀਲਤਾ, ਸੇਵਾ ਤੇ ਕੁਰਬਾਨੀ ਆਦਿ ਵਿਰਸੇ ਵਿਚ ਮਿਲੀ ਹੋਈ ਸੀ। ਆਪ ਜੀ ਦੀ ਬਾਣੀ ਦਾ ਵੇਰਵਾ-

1. ਸੁਖਮਣੀ ਸਾਹਿਬ 2. ਬਾਵਣ ਅੱਖਰੀ (ਪ੍ਰਬੰਧਕਾਵਿ) 3. ਬਾਰਾਂਮਾਹ ਰਾਗ ਮਾਝ, 4. 6 ਵਾਰਾਂ 5. ਗਾਥਾ 6. ਸੰਹਿਸਕ੍ਰਿਤੀ 7. ਫੁਟਕਲ-ਪੁਨਹੇ, ਪਹਿਰੇ, ਸ਼ਬਦ, ਡਖਣੇ, ਅਸ਼ਟਪਦੀਆਂ ਅਤੇ ਸਲੋਕ ਆਦਿ। ਆਪ ਜੀ ਨੇ 30 ਰਾਗ ਵਰਤੇ ਹਨ। ਆਪ ਬਾਣੀ ਦੇ ਬੋਹਿਥੇ ਅਰਥਾਤ ਜਹਾਜ ਹਨ। ਇਹ ਲੋਕ ਗੀਤ ਆਪ ਜੀ ਦੇ ਬਾਰੇ ਹੀ ਪ੍ਰਚਲਤ ਹੋਇਆ ਸੀ-

"ਸਾਡੇ ਗੁਰਾਂ ਨੇ ਜਹਾਜ ਬਣਾਇਆ ਆਓ ਜਿਨ੍ਹਾਂ ਪਾਰ ਲੰਘਣਾ।"

ਜੈਤਸਰੀ ਦੀ ਵਾਰ ਵਿਚ ਆਪ ਜੀ ਨੇ ਵੱਖ-ਵੱਖ ਬੋਲੀਆਂ ਦੀ ਵਰਤੋਂ ਕੀਤੀ ਹੈ।

## ਗੁਰੂ ਤੇਗ ਬਹਾਦਰ ਜੀ (1621-1675)

ਆਪ ਜੀ ਦੀ ਮਹਾਨਤਾ ਹੈ ਕਿ ਆਪ ਜੀ ਦਾ ਪਹਿਲਾ ਨਾਂ ਤਿਆਗ ਮਲ ਸੀ. ਪਰ ਜਦ ਆਪ ਜੀ ਨੇ ਗੁਰੂ

ਪਿਤਾ ਜੀ ਦੇ ਨਾਲ ਲੜਾਈ ਵਿਚ ਅਦੁੱਤੀ ਜੋਹਰ ਵਿਖਾਏ ਤਾਂ ਗੁਰੂ ਪਿਤਾ ਜੀ ਨੇ ਆਪ ਜੀ ਦਾ ਨਾਂ ਤੇਗ ਬਹਾਦਰ ਰੱਖ ਦਿੱਤਾ। ਆਪ ਜੀ ਦਾ ਜਨਮ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਿੰਘ ਤੇ ਮਾਤਾ ਨਾਨਕੀ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ ਅਤੇ ਦੇਸ਼ ਲਈ ਆਪ ਜੀ ਨੇ ਆਪਣੀ ਸਹੀਦੀ 1675 ਨੂੰ ਚਾਂਦਨੀ ਚੌਂਕ ਦਿੱਲੀ ਵਿਚ ਦਿੱਤੀ। ਗੁਰੂ ਜੀ ਦੀ ਬਾਣੀ ਦੇ 59 ਸ਼ਬਦ ਤੇ 57 ਸਲੋਕ ਹਨ। ਆਪ ਜੀ ਨੇ ਕੁਲ 15 ਰਾਗ ਵਰਤੇ ਹਨ। ਆਪ ਜੀ ਦੇ ਸਲੋਕ ਸੱਚ ਮੋਤੀ ਨਿਰਣੇ ਪੇਸ਼ ਕਰਦੇ ਹਨ। ਇਹਨਾਂ ਵਿੱਚ ਸੱਚ ਦੀ ਚਮਕ ਤੇ ਵੈਰਾਗ ਦੀ ਲੋਸ ਹੈ—

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਣ ਰੇ ਮਨਾ ਗਿਆਨੀ ਤਾਹਿ ਬਖਾਨਿ।"

ਆਪ ਜੀ ਦੇ ਸਲੋਕਾਂ ਵਿਚ ਜਿੱਥੇ ਉਪਰਾਮਤਾ ਹੈ ਉਥੇ ਕਹਿਰਾ ਦਾ ਵਲ ਵੀ ਹੈ। ਜਿੱਥੇ ਕਠੋਰ ਅਸਲੀਅਤ ਦਾ ਵਰਨਣ ਹੈ, ਉੱਥੇ ਮੀਠਾ ਕੋਮਲ ਸੰਗੀਤ ਵੀ ਹੈ। ਜਿੱਥੇ ਡੂੰਘਾ ਨਿਰਾਸ਼ਾਵਾਦ ਹੈ, ਉਥੇ ਯਥਾਰਥਕ ਆਸ਼ਾਵਾਦ ਵੀ ਹੈ। ਆਪ ਵਾਰ ਵਾਰ ਮਨੁੱਖ ਨੂੰ ਚੇਤਾਵਨੀ ਕਰਵਾਉਂਦੇ ਹਨ ਕਿ—

"ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਿ ਨ ਕੋਇ।
ਕਹੁ ਨਾਨਕ ਹਰਿ ਭਜੁ ਮਨਾ ਅੰਤ ਸਹਾਈ ਹੋਇ।"

ਜਗ ਤਾਂ ਪ੍ਰਭੂ ਤੋਂ ਬਿਨਾ ਝੂਠਾ ਹੈ ਮਨੁੱਖ ਤੂੰ ਸੱਚਾ ਕਿਉਂ ਸਮਝਦਾ ਹੈਂ—

"ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ
ਕਹੈ ਨਾਨਕ ਥਿਰ ਨ ਰਹੈ ਜਿਉਂ ਬਾਲੂ ਕੀ ਭੀਤ।"

ਆਪ ਜੀ ਦੇ ਸਲੋਕਾਂ ਤੇ ਸ਼ਬਦਾਂ ਵਿਚ ਕਮਾਲ ਦਾ ਸੰਜਮ ਹੈ। ਕਲਾਤਮਕ ਨਿਪੁੰਨਤਾ ਹੈ। ਬੋਲੀ ਸਰਲ ਤੇ ਸ਼ਾਂਤ ਹੈ। ਸ਼ਬਦ ਅਮਿੱਟ ਪ੍ਰਭਾਵ ਪਾਉਂਦੇ ਹਨ—

"ਸਾਧੋ ਮਨ ਕਾ ਮਾਨ ਤਿਆਗਉਂ
ਕਾਮ ਕਰੋਧ ਸੰਗਤਿ ਦੁਰਜਨ ਕੀ
ਨਾ ਤੇ ਅਹਿਨਿਸ ਭਾਗਉ।"

## ਗੁਰੂ ਗੋਬਿੰਦ ਸਿੰਘ ਜੀ (1666-1708)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 1666 ਈ. ਵਿਚ ਸ੍ਰੀ ਤੇਗ ਬਹਾਦਰ ਅਤੇ ਮਾਤਾ ਗੁਜਰੀ ਜੀ ਦੀ ਕੁੱਖੋਂ ਪਟਨੇ ਵਿੱਖੇ ਹੋਇਆ। ਪੀਰ ਭੀਖਣ ਸ਼ਾਹ ਨੇ ਪੂਰਬ ਵਲ ਸਿੱਜਦਾ ਕੀਤਾ ਅਤੇ ਪਟਨੇ ਵੱਲ ਚਲ ਪਿਆ। ਉਥੇ ਉਸ ਨੇ ਗੋਬਿੰਦ ਰਾਏ ਦੇ ਮਾਮਾ ਕ੍ਰਿਪਾਲ ਚੰਦ ਨੂੰ ਬੇਨਤੀ ਕੀਤੀ ਕਿ ਬੱਚੇ ਦੇ ਦਰਸ਼ਨ ਕਰਵਾਏ ਜਾਣ। ਜਦ ਦੀਦਾਰ ਹੋਏ ਤਾਂ ਪੀਰ ਨੇ ਹਿੰਦੂ ਅਤੇ ਮੁਸਲਮਾਨ ਦੀ ਦੁਕਾਨ ਤੋਂ ਖਰੀਦੀ ਹੋਈ ਮਿਸਰੀ ਦੇ ਦੋਵੇਂ ਹੱਥ ਪੀਰ ਭੀਖਣ ਸ਼ਾਹ ਦੇ ਇਕ ਇਕ ਹੱਥ ਉਤੇ ਰੱਖ ਦਿੱਤੇ ਤੇ ਪੀਰ ਭੀਖਣ ਸ਼ਾਹ ਖੁਸ਼ ਹੋ ਗਿਆ ਕਿ ਇਹ ਪੀਰ ਹਿੰਦੂ ਅਤੇ ਮੁਸਲਿਮ ਦੋਵਾਂ ਦੀ ਹੀ ਰੱਖਿਆ ਕਰੇਗਾ।

ਆਪ ਨੇ ਸਾਹਿਬ ਚੰਦ ਗ੍ਰੰਥੀ ਪਾਸੋਂ ਸੰਸਕ੍ਰਿਤ ਤੇ ਹਿੰਦੀ ਸਿੱਖੀ ਅਤੇ ਕਾਜੀ ਪੀਰ, ਮੁਹੰਮਦ ਪਾਸੋਂ ਅਰਬੀ



ਫ਼ਾਰਸੀ। ਆਪ ਦੀਆਂ ਸ਼ਾਦੀਆਂ ਬੀਬੀ ਅਜੀਤ ਕੌਰ, ਬੀਬੀ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਨਾਲ ਹੋਈਆਂ।

ਆਪ ਜੀ ਦੇ ਘਰ ਚਾਰ ਸਾਹਿਬ ਜਾਦਿਆਂ ਨੇ ਜਨਮ ਲਿਆ। ਜਿਹਨਾਂ ਦੇ ਨਾਂ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਹਿ ਸਿੰਘ ਜੀ ਸਨ।

ਆਪ ਨੇ ਨੌ ਸਾਲ ਦੀ ਉਮਰ ਵਿਚ ਕਸ਼ਮੀਰੀ ਪੰਡਿਤਾਂ ਦੀ ਬੇਨਤੀ ਉਤੇ ਹਿੰਦੂ ਧਰਮ ਦੀ ਰਖਿਆ ਲਈ ਦਿੱਲੀ ਔਰੰਗਜੇਬ ਦੇ ਜ਼ੁਲਮ ਵਿਰੁਧ ਵਿਦਰੋਹ ਵਲੋਂ ਸ਼ਹੀਦੀ ਦੇਣ ਲਈ ਟੋਰਿਆ। 13 ਵਿਸਾਖ 1699 ਵਿਚ ਆਪ ਨੇ ਖਾਲਸਾ ਪੰਥ ਦੀ ਸਾਜਣਾ ਕੀਤੀ। ਇਸ ਜੁਲਮ ਨਾਲ ਟੱਕਰ ਲੈਣ ਲਈ ਖਾਲਸਾ ਫੌਜ ਤਿਆਰ ਕੀਤੀ। ਆਪ ਜੀ ਦੀ ਫੌਜ ਅੰਦਰ ਹਿੰਦੂ ਅਤੇ ਮੁਸਲਮਾਨ ਦੋਵੇ ਹੀ ਧਰਮ ਦੇ ਲੋਕ ਸ਼ਾਮਿਲ ਹੋਏ। ਪੀਰ ਬੁੱਧੂ ਸ਼ਾਹ ਵਰਗੇ ਅਨਿਨ ਸਿੱਖ ਬਣੇ ਤੇ ਸ਼ਹੀਦੀ ਲਈ ਫੌਜ ਅੰਦਰ ਜਾ ਵੜੇ। ਆਪ ਔਰੰਗਜੇਬ ਦੇ ਖਿਲਾਫ਼ ਨਹੀਂ ਸਨ ਸਗੋਂ ਉਸਦੇ ਜੋਰ ਜ਼ੁਲਮ ਦੇ ਵਿਰੁਧ ਸਨ। ਆਪ ਨੇ ਅਨੇਕਾਂ ਹੀ ਲੜਾਈਆਂ ਲੜੀਆਂ ਜਿਹਨਾਂ ਵਿਚ ਆਪ ਜੀ ਦੀ ਹੀ ਫਤਹਿ ਹੋਈ। ਆਪ ਮਹਾਨ ਮਾਨਵਵਾਦੀ ਸਨ। ਆਪ ਲਈ ਸਰਬ ਮਾਨਵ ਜਾਤੀ ਵਿਸ਼ਵ ਭਰ ਵਿਚ ਇਕੋ ਹੀ ਜਾਤੀ ਦੀ ਹੈ—

"ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ।"

ਆਪ ਲਈ ਦੇਹੁਰਾ ਤੇ ਮਸੀਤ ਇਕ ਸਮਾਨ ਸਨ—

"ਦੇਹੁਰਾ ਮਸੀਤ ਸੋਈ ਪੂਜਾ ਔ ਨਮਾਜ਼ ਓਈ ,
ਦੂਸਰੋ ਨਾ ਭੇਦ ਕੋਈ ਭੂਲ ਭਰਮ ਮਾਨਬੋ।"

ਆਪ ਮਨੁੱਖਤਾ ਵਿਚ ਵੰਡੀਆਂ ਪਾਉਣ ਦੇ ਵਿਰੁਧ ਸਨ। ਇਸੇ ਤਰ੍ਹਾਂ ਹੀ ਜੋ ਉਨ੍ਹਾਂ ਦਾ ਸਿੱਖ ਹੈ, ਉਹ ਸਾਰੀ ਮਨੁੱਖ ਜਾਤੀ ਨੂੰ ਜਾਤ ਧਰਮ ਅਸਲ ਨਸਲ ਹੱਦਾਂ ਬੰਨਿਆਂ ਵਿਚ ਨਹੀਂ ਵੰਡਦਾ ਸਗੋਂ ਸਮੂਹ ਮਨੁੱਖਤਾ ਦੀ ਸੇਵਾ ਤੇ ਪਿਆਰ ਵਿੱਚੋਂ ਵਾਹਿਗੁਰੂ ਨੂੰ ਪਾਉਂਦਾ ਹੈ ਜਿਵੇਂ ਕਿ ਗੁਰੂ ਜੀ ਦਾ ਹੁਕਮ ਹੈ—

"ਸਾਚ ਕਹੂੰ ਸੁਣ ਲਿਓ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।"

ਅੰਤ ਐਸਾ ਉਪਦੇਸ਼ ਕਰਦੇ ਹੋਏ ਆਪ 1708 ਈ. ਵਿਚ ਹਜ਼ੂਰ ਸਾਹਿਬ ਨੰਦੇੜ ਹੈਦਰਾਬਾਦ ਵਿਖੇ ਜੋਤੀ ਜੋਤ ਸਮਾ ਗਏ। ਪਿਛੋਂ ਉਨ੍ਹਾਂ ਦੇ ਵਰੋਸਾਏ ਬੰਦੇ ਨੇ ਜ਼ੁਲਮ ਦੀ ਇੱਟ ਨਾਲ ਇੱਟ ਖੜਕਾਈ।

## ਭਾਈ ਗੁਰਦਾਸ (1551-1687)

ਆਪ ਗੁਰੂ ਅਮਰ ਦਾਸ ਜੀ ਦੇ ਭਤੀਜੇ ਤੇ ਗੁਰੂ ਅਰਜਨ ਦੇ ਮਾਮਾ ਜੀ ਸਨ। ਸੋ ਗੁਰੂ ਘਰ ਨਾਲ ਆਪ ਦਾ ਰਿਸ਼ਤਾ ਨਿਕਟ ਵਰਤੀ ਹੈ। ਆਪ ਵਿਦਵਾਨ ਹੋਣ ਕਰਕੇ ਗੁਰਮਤਿ ਦੇ ਪ੍ਰਚਾਰ ਲਈ ਲਾਹੌਰ, ਆਗਰਾ, ਚੰਬਾ, ਜੰਮੂ, ਕਸ਼ਮੀਰ, ਬੁਰਹਾਨ ਪੁਰ, ਬਨਾਰਮ, ਲਖਨਊ ਤੇ ਰਾਜਸਥਾਨ ਗਏ। ਅਕਬਰ ਦੇ ਦੀਨੇ ਇਲਾਹੀ ਸੰਮੇਲਨ ਵਿਚ ਆਪ ਨੇ ਮੂਲਮੰਤ ਦੀ ਵਿਆਖਿਆ ਕਰਕੇ ਹੈਰਾਨ ਕੀਤਾ। ਆਪ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਾਨ ਮਿਲਿਆ। ਆਪ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਹਿਕੇ ਗੁਰੂ ਅਰਜਨ ਦੇਵ ਜੀ ਨੇ ਬਾਣੀ। ਆਪ ਜੀ ਨੇ 41 ਕੁ ਵਾਰਾਂ ਤੇ 600 ਦੇ ਲਗਭਗ ਕਬਿਤ ਤੇ ਸਵੱਈਏ ਰਚੇ।

ਆਪ ਜੀ ਦੀ ਬਾਣੀ ਦਾ ਉਦੇਸ਼ ਗੁਰਬਾਣੀ ਦੀ ਵਿਆਖਿਆ ਹੈ। ਇਸ ਕਰਕੇ ਆਪ ਵੀ ਗੁਰਮਤਿ ਦੇ ਕਵੀ ਹਨ। ਭਾਸ਼ਾ ਸਰਲ ਹੈ। ਆਦਿ ਗ੍ਰੰਥ ਦੇ ਮਿਥਿਹਾਸਕ ਇਤਿਹਾਸਕ ਹਵਾਲਿਆਂ ਨੂੰ ਸਪਸ਼ਟ ਕੀਤਾ ਹੈ। ਆਪ ਨੂੰ ਗੁਰਬਾਣੀ ਦਾ ਗਹਿਰਾ ਅਧਿਐਨ ਹੈ। ਆਪ ਨੇ ਗੁਰਮਤਿ ਦੀ ਵਿਚਾਰ-ਧਾਰਾ ਨੂੰ ਸਰਲ ਤੇ ਸਪਸ਼ਟ ਕਰਕੇ ਮਹਾਨ ਨਾਮਨਾ ਖੱਟਿਆ ਹੈ।





# ਸੂਫੀ ਕਾਵਿ ਧਾਰਾ

ਗੁਰਮਤਿ ਤੋਂ ਬਾਅਦ ਸੂਫੀ ਕਾਵਿ ਧਾਰਾ ਪੰਜਾਬੀ ਦੇ ਅਧਿਆਤਮਕ ਸਾਹਿੱਤ ਦੀ ਇਕ ਉੱਘੀ ਦੇ ਮਹੱਤਵਪੂਰਨ ਕਾਵਿ ਧਾਰਾ ਹੈ, ਜਿਸ ਦਾ ਆਰੰਭ ਪੂਰਵ ਨਾਨਕ ਕਾਲ ਵਿਚ ਹੀ ਬਾਬਾ ਫ਼ਰੀਦ ਸ਼ੱਕਰ ਗੰਜ ਦੀ ਰਚਨਾ ਨਾਲ ਹੋ ਚੁੱਕਾ ਸੀ। ਬਾਬਾ ਫਰੀਦ ਪਹਿਲੇ ਪੜ੍ਹਾਅ ਦਾ ਸੂਫੀ ਸੀ, ਜਿੱਥੇ ਇਸਲਾਮੀ ਸ਼ਰ੍ਹਾ ਦੇ ਨਿਯਮਾਂ ਦੀ ਕਰੜੀ ਪਾਲਣਾ ਕੀਤੀ ਜਾਂਦੀ ਸੀ ਅਤੇ ਹੱਜ, ਨਿਮਾਜ਼ਾਂ, ਰੋਜ਼ੇ ਤੇ ਜ਼ੁਕਾਤਾਂ ਉੱਤੇ ਜ਼ੋਰ ਦਿੱਤਾ ਜਾਂਦਾ ਸੀ। ਗੁਰੂ ਨਾਨਕ ਕਾਲ ਵਿੱਚ ਸੂਫੀ ਮੱਤ ਆਪਣੇ ਦੂਜੇ ਪੜਾਅ ਵਿਚ ਦਾਖਲ ਹੁੰਦਾ ਹੈ, ਜਿੱਥੇ ਸ਼ਰੀਅਤ ਦੀ ਥਾਂ ਤਰੀਕਤ ਉੱਤੇ ਜ਼ੋਰ ਹੁੰਦਾ ਹੈ। ਸੂਫ਼ੀ ਮੱਤ ਵਿੱਚ ਭਾਰਤੀ ਵੇਦਾਂਤ ਤੇ ਭਗਵਤ-ਵਾਦ ਦੇ ਪ੍ਰਭਾਵਾਂ ਨੇ ਰੂਪ ਤੇ ਵਿਸ਼ੇ ਪੱਖੋਂ ਕਾਫ਼ੀ ਤਬਦੀਲੀ ਲਿਆਂਦੀ। ਇਹ ਤਬਦੀਲੀ ਸ਼ਪਸ਼ਟ ਰੂਪ ਵਿੱਚ ਸ਼ਾਹ ਹੁਸੈਨ ਤੇ ਬੁਲ੍ਹੇ ਦੀ ਕਵਿਤਾ ਵਿੱਚੋਂ ਦੇਖੀ ਜਾ ਸਕਦੀ ਹੈ।

ਰੂਪ ਜਾਂ ਕਲਾ ਦੇ ਪੱਖ ਤੋਂ ਸੂਫ਼ੀਆਂ ਨੇ ਪੰਜਾਬ ਦੇ ਉਹਨਾਂ ਪ੍ਰਚਲਤ ਛੰਦਾਂ ਨੂੰ ਅਪਨਾਇਆ, ਜਿਨ੍ਹਾਂ ਦੀ ਸਾਂਝ ਲੋਕਾਂ ਨਾਲ ਪਹਿਲਾਂ ਹੀ ਪੈ ਚੁੱਕੀ ਸੀ। ਜਿੱਥੇ ਬਾਬਾ ਫ਼ਰੀਦ ਨੇ ਦੋਹਾਂ ਛੰਦਾਂ ਦੀ ਵਰਤੋਂ ਕੀਤੀ ਅਤੇ ਉੱਥੇ ਸ਼ਾਹ ਹੁਸੈਨ ਨਾਲ ਕਾਫ਼ੀ ਤੇ ਸੁਲਤਾਨ ਬਾਹੂ ਨਾਲ ਦੋਹੜੇ ਤੇ ਸ਼ੀਹਰਫ਼ੀ ਦਾ ਰਿਵਾਜ ਪਿਆ। ਦੂਜਾ ਉਘੜਦਾ ਪੱਖ, ਨਿਰੋਲ, ਪੰਜਾਬੀ ਜੀਵਨ ਵਿੱਚੋਂ ਲਏ ਚਿੰਨ੍ਹ ਜਾਂ ਪ੍ਰਤੀਕ ਹਨ। ਜਿਨ੍ਹਾਂ ਨੂੰ ਸੂਫੀਆਂ ਨੇ ਆਪਣੇ ਅਧਿਆਤਮਕ ਅਨੁਭਵਾਂ ਦੇ ਪ੍ਰਗਟਾ ਲਈ ਵਰਤਿਆ। ਪ੍ਰਿੰਸੀਪਲ ਤੇਜਾ ਸਿੰਘ ਦਾ ਇਸ ਸੰਬੰਧੀ ਕਥਨ ਹੈ ਕਿ "ਪੰਜਾਬੀ ਸੂਫੀ ਕਵਿਤਾ ਵਿਚ ਹੁਣ ਦਜਲੇ ਤੇ ਫਰਾਤ ਨਾਲੋਂ ਝਨਾ ਤੇ ਸੱਤਲੁਜ ਸੁਕਣ ਲੱਗੇ ਅਤੇ ਹੀਰ-ਰਾਂਝਾ, ਸੱਸੀ ਪੁੰਨੂ ਆਦਿ ਪ੍ਰੀਤ ਦੇ ਆਦਰਸ਼ਕ ਪ੍ਰਮਾਣ ਸਮਝੇ ਜਾਣ ਲਗੇ।" ਸਥਾਨਕ ਚੌਗਰਿਦੇ ਵਿੱਚੋਂ ਨਿਤ ਜੀਵਨ ਦੀਆਂ ਸਾਧਾਰਨ ਵਸਤਾਂ, ਯਥਾ ਬੇੜੀ, ਪੱਤਣ, ਮਲਾਹ, ਚਰਖਾ, ਤਕਲਾ, ਮਾਹਲ, ਖੂਹ, ਟਿੰਡਾ ਆਦਿ ਨੂੰ ਲੈ ਕੇ ਇਨ੍ਹਾਂ ਦੁਆਰਾ ਸੂਫ਼ੀ ਰੱਹਸਵਾਦ ਦਾ ਪ੍ਰਗਟਾਵਾ ਕੀਤਾ ਜਾਣ ਲੱਗਾ, ਜਿਸ ਨਾਲ ਔਖੇ ਤੋਂ ਔਖੇ ਧਾਰਮਿਕ ਸਿਧਾਂਤ ਲੋਕਾਂ ਦੀ ਸਮਝ ਵਿਚ ਸੌਖੀ ਤਰ੍ਹਾਂ ਆਉਣ ਲੱਗੇ।

ਗੁਰੂ ਨਾਨਕ ਕਾਲ ਦੇ ਉੱਘੇ ਸੂਫੀ ਕਵੀ ਇਸ ਪ੍ਰਕਾਰ ਹਨ—

(1) ਸ਼ਾਹ ਹੁਸੈਨ (1539-1593 ਈ.)

(2) ਸੁਲਤਾਨ ਬਾਹੂ (1631-1691 ਈ.)

(3) ਸ਼ਾਹ ਸ਼ਰਫ਼ (1659-1725 ਈ.)

(4) ਮੌਲਾਨਾ ਅਬਦੀ (ਜਨਮ ਮਰਨ ਦੀਆਂ ਪੱਕੀਆਂ ਤਾਰੀਖਾਂ ਨਹੀਂ। ਇਹਨਾਂ ਬਾਰੇ ਵਿਚਾਰ ਇਸ ਪ੍ਰਕਾਰ ਹੈ—

1. **ਸ਼ਾਹ ਹੁਸੈਨ (1539-1593ਈ.)** ਸ਼ਾਹ ਹੁਸੈਨ ਨੂੰ ਮਾਧੋ ਲਾਲ ਹੁਸੈਨ ਵੀ ਆਖਿਆ ਜਾਂਦਾ ਹੈ। ਆਪ ਦਾ ਜਨਮ 1539 ਈ. ਵਿਚ ਸ਼ੇਖ ਉਸਮਾਨ ਦੇ ਘਰ ਹੋਇਆ, ਜਿਹੜੇ ਜੁਲਾਹਿਆਂ ਦਾ ਕੰਮ ਕਰਦੇ ਸਨ। ਇਸ ਸੰਬੰਧੀ ਸ਼ਾਹ ਹੁਸੈਨ ਦੀ ਰਚਨਾ ਵਿਚ ਵੀ ਹਵਾਲਾ ਮਿਲਦਾ ਹੈ।

"ਨਾਉਂ ਹੁਸੈਨਾਂ ਤੇ ਜਾਤ ਜੁਲਾਹਾ
ਗਾਲ੍ਹਾਂ ਦੇਂਦੀਆਂ ਤਾਣੀਆਂ ਵਾਲੀਆਂ।"

ਆਪ ਬਚਪਨ ਤੋਂ ਹੀ ਬੜੇ ਸੂਝਵਾਨ ਸਨ। ਦਸ ਸਾਲ ਦੀ ਉਮਰ ਵਿਚ ਹੀ ਸਾਰਾ ਕੁਰਾਨ ਜ਼ਬਾਨੀ ਯਾਦ ਕਰਕੇ ਹਾਫਿਜ਼ ਬਣ ਗਏ। ਬਾਰ੍ਹਾਂ ਵਰ੍ਹੇ ਤੱਕ ਆਪਨੇ ਦਾਤਾ ਗੰਜ਼ ਬਖ਼ਸ਼ ਦੇ ਤਕੀਏ ਉਤੇ ਸੂਫ਼ੀ ਸਿਧਾਂਤਾ ਦਾ ਅਧਿਐਨ ਕੀਤਾ ਅਤੇ ਆਪਣੇ ਆਪ ਨੂੰ ਸ਼ਰ੍ਹਾ ਦੇ ਅਸੂਲਾਂ ਮੁਤਾਬਿਕ ਢਾਲਿਆ ਅਤੇ ਕਈ ਕਈ ਰਾਤਾਂ ਰਾਵੀ ਦਰਿਆ ਦੇ ਠੰਡੇ ਪਾਣੀ ਵਿਚ ਖੜ੍ਹੋਂ ਕੇ ਕੁਰਾਨ ਸ਼ਰੀਫ਼ ਪੜ੍ਹਦੇ ਰਹੇ।

ਹੁਸੈਨ ਨੇ ਆਪਣੀ ਜਿੰਦਗੀ ਦੇ ਪਹਿਲੇ 36 ਸਾਲ ਬੜੀ ਕਰੜੀ ਤਪੱਸਿਆ ਕੀਤੀ।

ਸ਼ਾਹ ਹੁਸੈਨ ਦੀ ਕਵਿਤਾ ਦਾ ਉਚੇਰਾ ਰੁਮਾਂਸ ਉਸ ਦੇ ਤੀਬਰ ਪ੍ਰੇਮ-ਵੇਗ ਨੂੰ ਪ੍ਰਗਟ ਕਰਦਾ ਹੈ। ਉਸ ਦੀ ਕਵਿਤਾ ਸ਼ਰੋਦੀ ਅਤੇ ਗੀਤ ਵਾਂਗ ਹੌਲੀ ਫੁੱਲ ਹੈ। ਸਾਦਗੀ ਤੇ ਮਿਠਾਸ ਨਾਲ ਖਿਆਲ ਦੀ ਡੂੰਘਾਈ ਨੂੰ ਬੜੀ ਕਲਾਕਾਰੀ ਨਾਲ ਨਿਭਾਇਆ ਗਿਆ ਹੈ—

"ਮਨ ਅਟਕਿਆ ਬੇਪਰਵਾਹ ਦੇ ਨਾਲ।
ਉਸ ਦੀਨ ਦੁਨੀ ਦੇ ਸ਼ਾਹ ਦੇ ਨਾਲ।
ਕਾਂਜ਼ੀ ਮੁੱਲਾਂ ਮਤੀ ਦੇਂਦੇ,
ਖ਼ਰੇ ਸਿਆਣੇ ਰਾਹ ਦਸੇਂਦੇ
ਇਸ਼ਕ ਕੀ ਲਗੇ ਰਾਹ ਦੇ ਨਾਲ।"

ਉਸ ਦੀ ਕਵਿਤਾ ਦੀ ਇਕ ਇਕ ਸਤਰ ਸੂਫੀ ਮੱਤ ਦੇ ਛਾਇਆ ਵਾਦ ਨੂੰ ਪੇਸ਼ ਕਰਦੀ ਹੈ। ਉਸ ਵਿਚ ਪ੍ਰਭੂ ਦੀ ਏਕਤਾ ਵਿਚ ਲੀਨ ਹੋਣ ਦੀ ਤੀਬਰ ਇੱਛਾ ਹੈ। ਪੇਂਡੂ ਦ੍ਰਿਸ਼ਾਂ ਨੂੰ ਧਾਰਮਿਕ ਰੰਗਣ ਦਿੱਤੀ ਗਈ ਹੈ—

"ਦਿਨ ਲਥੜਾ ਹਰਨ ਨਾ ਗੇੜ ਮੁਈਏ।
ਇਕ ਭਰ ਆਈਆਂ ਇਕ ਭਰ ਚਲੀਆਂ
ਇਕਨਾਂ ਲਾਈ ਡੇਰ ਮੁਈਏ।

ਸ਼ਾਹ ਹੁਸੈਨ ਦੀਆਂ ਕਾਫ਼ੀਆਂ ਤੀਬਰ ਪਿਆਰ ਤੇ ਵੈਰਾਗ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਦਾ ਅਲਾਪ ਸਹਿਜ ਸੁਭਾ ਹੋਇਆ ਹੈ। ਉਹ ਆਪਣੀ ਜਿੰਦ ਨੂੰ ਮੱਤੀ ਦਿੰਦਾ ਨਹੀਂ ਥਕਦਾ। ਉਹ ਬੀਤ ਚੁੱਕੇ ਸਮੇਂ ਲਈ ਪਛਤਾਵਾ ਕਰਦਾ ਹੈ ਅਤੇ ਹਮੇਸ਼ਾ ਮੌਤ ਦੇ ਭੈ ਵਿਚ ਜਿਉਂਦਾ ਹੈ। ਉਹ ਮਨੁੱਖ ਨੂੰ ਬੰਦਗੀ ਦੀ ਪ੍ਰੇਰਨਾ ਦਿੰਦਾ ਹੈ—

"ਆਪਣਾ ਆਪ ਪਛਾਣ ਬੰਦੇ।
ਜੇ ਤੁਧ ਆਪਣਾ ਆਪ ਪਛਾਤਾ,
ਸਾਹਿਬ ਨੂੰ ਮਿਲਣ ਆਸਾਨ ਬੰਦੇ।"



ਸ਼ਾਹ ਹੁਸੈਨ ਦੀ ਮੌਤ 1593 ਈ. ਵਿਚ ਹੋਈ। ਉਸ ਦੀ ਕਬਰ ਅੱਜ ਵੀ ਬਾਗਨਪੁਰੇ (ਲਾਹੌਰ) ਵਿਚ ਕਾਇਮ ਹੈ, ਜਿੱਥੇ ਹਰ ਸਾਲ ਮੇਲਾ ਲਗਦਾ ਹੈ।

ਸ਼ਾਹ ਹੁਸੈਨ ਦੀ ਸਮੁੱਚੀ ਰਚਨਾ 163 ਕਾਫੀਆਂ ਹਨ ਜਿਹੜੀਆਂ ਆਕਾਰ ਤੇ ਕਾਵਿ ਗੁਣਾਂ ਕਰਕੇ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਕਾਫ਼ੀਆਂ ਵਿਚ ਆਖਿਰ ਤੇ ਥਾਂ ਥਾਂ ਇਹ ਸ਼ਬਦ ਆਉਂਦੇ ਹਨ— "ਕਹੈ ਹੁਸੈਨ ਫਕੀਰ ਸਾਂਈ ਦਾ" ਜਾਂ "ਕਹੈ ਹੁਸੈਨ ਫਕੀਰ ਨਿਮਾਣਾ"। ਇਹ ਕਾਫ਼ੀਆਂ ਰਾਗਾਂ ਅਨੁਸਾਰ ਹਨ। ਇਸ ਸੰਬੰਧੀ ਮੌਲਾ ਬਖ਼ਸ਼ ਕੁਸਤਾ ਲਿਖਦੇ ਹਨ— "ਉਨ੍ਹਾਂ ਮੁਖ਼ਤਲਿਫ਼ ਰਾਗਾਂ ਰਾਗਣੀਆਂ ਤੇ ਇਹ ਕਾਫੀਆਂ ਲਿਖੀਆਂ ਜੋ ਪੰਜਾਬੀ ਬੋਲੀ ਵਿਚ ਪਹਿਲੀ ਤੇ ਸਫ਼ਲ ਕੋਸ਼ਿਸ਼ ਅਤੇ ਸਰਮਾਇਆ ਹੈ।" ਡਾ. ਸੁਰਿੰਦਰ ਸਿੰਘ ਕੋਹਲੀ, ਸ਼ਾਹ ਹੁਸੈਨ ਨੂੰ "ਨਵੀਨ ਪੰਜਾਬੀ ਵਿਚ ਲਿਖਣ ਵਾਲਾ ਪਹਿਲਾ ਸੂਫ਼ੀ ਕਵੀ" ਆਖਦੇ ਹਨ।

**ਸੁਲਤਾਨ ਬਾਹੂ (1631-1691ਈ.)**

ਮੁਹੰਮਦ ਬਖ਼ਸ਼ ਨੇ ਆਪਣੇ ਕਿੱਸੇ ਸੈਫੁਲ-ਮਲੂਕ ਵਿਚ ਬਹੁਤ ਉੱਘੇ ਪੰਜਾਬੀ ਕਵੀਆਂ ਬਾਰੇ ਬੜੇ ਸੰਖੇਪ ਪਰ ਭਾਵਪੂਰਤ ਢੰਗ ਨਾਲ ਵਿਚਾਰ ਪੇਸ਼ ਕੀਤੇ ਹਨ। ਸੁਲਤਾਨ ਬਾਹੂ ਬਾਰੇ ਲਿਖਦਾ ਹੈ—

"ਫੇਰ ਸੁਲਤਾਨ ਬਾਹੂ ਹਿਕ ਹੋਇਆ, ਖ਼ਾਸਾ ਮਰਦ ਹੱਕਾਨੀ।
ਦੋਹੜ ਪਾਕ ਜ਼ਬਾਨ ਉਹਦੀ ਦੇ, ਰੌਸ਼ਨ ਦੋਹੀਂ ਜਹਾਨੀ।"

ਸੁਲਤਾਨ ਬਾਹੂ ਦਾ ਜਨਮ 1631 ਈ. ਵਿਚ ਝੰਗ ਜਿਲੇ ਦੇ ਪਿੰਡ ਅਵਾਣ ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਬਾਜ਼ੀਦ ਮੁਹੰਮਦ ਸੀ। ਮੁੱਢਲੀ ਵਿਦਿਆ ਮਾਤਾ ਪਾਸੋਂ ਪ੍ਰਾਪਤ ਕਰਕੇ ਆਪ ਹਜ਼ਰਤ ਹਬੀਬੁਲਾ ਕਾਦਰੀ ਦੇ ਚੇਲੇ ਬਣ ਗਏ। ਆਪ ਅਰਬੀ ਫ਼ਾਰਸੀ ਦੇ ਚੰਗੇ ਵਿਦਵਾਨ ਸਨ ਅਤੇ ਫਾਰਸੀ ਵਾਰਤਕ ਵਿਚ ਆਪ ਨੇ 40 ਦੇ ਕਰੀਬ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚ ਸੂਫ਼ੀ ਸਿਧਾਂਤਾ ਦੀ ਵਿਆਖਿਆ ਕੀਤੀ ਹੈ। ਪੰਜਾਬੀ ਵਿਚ ਆਪ ਦੀਆਂ ਕਾਫ਼ੀਆਂ ਤੇ ਸੀਅਰਫ਼ੀਆਂ ਪ੍ਰਸਿੱਧ ਹਨ। ਆਪ ਦੀ ਰਚਨਾ ਦੀ ਹਰ ਤੁੱਕ ਦੇ ਅਖੀਰ ਤੇ "ਹੂ" ਆਉਂਦਾ ਹੈ। ਜਿਸ ਨਾਲ ਕਵਿਤਾ ਵਿਚ ਇਕ ਸੰਗੀਤਕ ਲੈ ਆ ਜਾਂਦੀ ਹੈ। ਏਸੇ ਹੂ ਦੀ ਰਚਨਾ ਨਾਲ ਹੀ ਬਾਹੂ ਦੀ ਕਵਿਤਾ ਹੋਰ ਕਵੀਆਂ ਨਾਲੋਂ ਨਖੇੜੀ ਜਾ ਸਕਦੀ ਹੈ।

ਸੁਲਤਾਨ ਬਾਹੂ ਦਾ ਪਿਤਾ ਝੰਗ ਦੇ ਇਲਾਕੇ ਦਾ ਇਕ ਚੰਗਾ ਜ਼ਿਮੀਦਾਰ ਸੀ ਤੇ ਬਾਹੂ ਵੀ ਕੁਝ ਚਿਰ ਖੇਤੀ ਕਰਦਾ ਰਿਹਾ। ਆਮ ਸੂਫ਼ੀ ਫਕੀਰਾਂ ਤੋਂ ਉਲਟ ਬਾਹੂ ਬੜੀ ਸ਼ਾਹਨਾ ਸੱਜ ਧੱਜ ਨਾਲ ਰਹਿੰਦਾ ਸੀ। ਜਦ ਉਹ ਚਲਦਾ ਸੀ ਤਾਂ ਉਸ ਦੇ ਸਿਰ ਤੇ ਸੁਨਹਿਰੀ ਛੱਤਰ ਝੁਲਦਾ ਸੀ ਤੇ ਨੌਕਰ ਪੇਟੀਆਂ ਬੰਨ੍ਹ ਕੇ ਅਰਦਲ ਵਿਚ, ਨਾਲ ਤੁਰਦੇ ਸਨ। ਉਸ ਦੀਆਂ ਚਾਰ ਵਹੁਟੀਆਂ ਤੇ ਸਤਾਰਾਂ ਦਾਸੀਆਂ ਸਨ।

ਹੋਰ ਸੂਫੀਆਂ ਦੇ ਟਾਕਰੇ ਤੇ ਸੁਲਤਾਨ ਬਾਹੂ ਦੀ ਰਚਨਾ ਵਿਚ ਬੋਧਿਕ ਅੰਸ਼ ਵਧੇਰੇ ਹੈ। ਪੰਜਾਬੀ ਵਿਹ ਬੈਤਾਂ ਤੇ ਦੋਹੜਿਆਂ ਰਾਹੀਂ ਉਸ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਆਪ ਜੀ ਦੀ ਪੰਜਾਬੀ ਰਚਨਾ "ਆਬਯਾਤ ਬਾਹੂ" ਨਾਂ ਦੇ ਸੰਗ੍ਰਹਿ ਵਿਚ ਦਰਜ ਹੈ। ਬਾਹੂ ਦੀ ਰਚਨਾ ਵਿਚ ਸੂਫ਼ੀ ਮੱਤ ਦੇ ਸਦਾਚਾਰਕ ਤੇ ਨੈਤਿਕ ਪੱਖ ਉੱਤੇ ਵਧੇਰਾ ਜ਼ੋਰ ਹੈ। ਉਹ ਮਜ਼ਹਬੀ ਦਿਖਾਵਿਆਂ ਤੇ ਭੇਖਾਂ ਦਾ ਖੰਡਨ ਕਰਦਾ ਹੋਇਆ ਆਖਦਾ ਹੈ—

ਜੇ ਰੱਬ ਮਿਲਦਾ ਜੰਗਲ ਭੌਂਵਿਆ, ਮਿਲਦਾ ਗਊਆਂ ਵੱਛੀਆਂ ਹੂ।
ਜੇ ਰੱਬ ਮਿਲਦਾ ਬਾਲ ਵਧਾਇਆ, ਮਿਲਦਾ ਭੇਡਾਂ ਸਸੀਆਂ ਹੂ।

ਜੇ ਰੱਬ ਮਿਲਦਾ ਤੀਰਥ ਨਾਤਿਆਂ, ਮਿਲਦਾ ਡੱਡੂਆਂ ਮੱਛੀਆਂ ਹੂ
ਬਾਹੂ ਰੱਬ ਉਨ੍ਹਾਂ ਨੂੰ ਮਿਲਦਾ, ਨੀਤਾਂ ਜਿਨ੍ਹਾਂ ਦੀਆਂ ਹੱਛੀਆਂ ਹੂ।

ਝੰਗ ਦਾ ਵਸਨੀਕ ਹੋਣ ਕਰਕੇ, ਉਸਦੀ ਬੋਲੀ ਤੇ ਲਹਿੰਦੀ ਦਾ ਪ੍ਰਭਾਵ ਪ੍ਰਤੱਖ ਹੈ। ਬਾਹੂ ਕਰਮ ਕਾਂਡ, ਸਰ੍ਹਾਂ, ਨਰਕ ਸੁਰਗ, ਪੂਰਬ ਪੱਛਮ ਸਭ ਤੋਂ ਉਪਰ ਉੱਠ ਕੇ ਕੇਵਲ ਰੱਬੀ ਮੇਲ ਦਾ ਇੱਛੁਕ ਹੈ। ਜਿਸ ਦੀ ਸੋਝੀ ਉਸਨੂੰ ਮੁਰਸ਼ਦ ਦੀ ਕਿਰਪਾ ਨਾਲ ਹੋਈ—

"ਅਲਫ਼ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮੇਰੇ ਮਨ ਲਾਈ ਹੂ।
ਸੂਫੀ ਇਬਾਦਤ ਦਾ ਪਾਣੀ ਮਿਲਿਆ ਹਰ ਰੰਗੇ ਹਰ ਜਾਈ ਹੂ।
ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੂਲਣ ਤੇ ਆਈ ਹੂ।
ਜੀਵੇ ਮੁਰਸ਼ਦ ਕਾਮਿਲ ਬਾਹੂ, ਜੈ ਇਹ ਬੂਟੀ ਲਾਈ ਹੂ।

ਅਤੇ ਸ਼ਰ੍ਹਾ ਧਰਮ ਜਾਂ ਜਾਤ ਦੇ ਬੰਧਨ ਤੋੜਦਾ ਹੋਇਆ ਉਹ ਸਿੱਧਾ ਰੱਬ ਨਾਲ ਮੇਲ ਲੋਚਦਾ ਹੈ—

"ਨਾ ਮੈਂ ਹਿੰਦੂ ਨਾ ਮੈਂ ਮੁਸਲਮ, ਨਾ ਮੈਂ ਮੁੱਲਾਂ ਕਾਜ਼ੀ ਹੂ।
ਨਾ ਦਿਲ ਦੋਜ਼ਖ ਮੰਗੇ ਮੇਰਾ, ਨਾ ਸ਼ੌਕ ਬਹਿਸ਼ਤੀ ਰਾਜ਼ੀ ਹੂ।

ਬਾਹੂ ਦਿਖਾਵੇ ਦੀ ਭਗਤੀ ਕਰਨ ਵਾਲਿਆਂ ਨੂੰ ਹਲੂਣਾਂ ਦਿੰਦਾ ਹੋਇਆ ਕਹਿੰਦਾ ਹੈ—

ਜੋ- ਜ਼ਬਾਨੀ ਕਲਮਾਂ ਹਰ ਕੋਈ ਪੜ੍ਹਦਾ ਦਿਲ ਦਾ ਪੜ੍ਹਦਾ ਕੋਈ ਹੂ।
ਦਿਲ ਦਾ ਕਲਮਾ ਆਸ਼ਕ ਪੜਦੇ, ਕੀ ਜਾਨਣ ਯਾਰ ਗਲੋਈ ਹੂ।

ਜਾਂ

ਪੇ-ਪੜ੍ਹ ਪੜ੍ਹ ਇਲਮ ਹਜਾਰ ਕਿਤਾਬਾਂ, ਆਲਮ ਹੋਏ ਸਾਰੇ ਹੂ।
ਇਕ ਹਰਫ਼ ਇਸ਼ਕ ਦਾ ਨਾ ਪੜ੍ਹ ਜਾਣਨ, ਭੁਲੇ ਫਿਰਨ ਵਿਚਾਰੇ ਹੂੰ।

ਬਾਹੂ ਨੂੰ ਸ਼ਾਹ ਹੁਸੈਨ ਜਿੰਨੀ ਪ੍ਰਸਿੱਧੀ ਪ੍ਰਾਪਤ ਨਹੀਂ ਹੋਈ, ਪਰ ਉਸ ਦਾ ਸੂਫ਼ੀ ਅਨੁਭਵ ਤੇ ਕਾਵਿ ਕਲਾ ਕਿਸੇ ਤਰ੍ਹਾਂ ਵੀ ਸ਼ਾਹ ਹੁਸੈਨ ਨਾਲੋਂ ਘੱਟ ਨਹੀਂ ਹੈ।

### ਸ਼ਾਹ-ਸ਼ਰਫ਼ (1659-1725 ਈ:)

ਸ਼ਾਹ ਸ਼ਰਫ਼ (1659-1725 ਈ :)— ਮੁਹੰਮਦ ਬਖ਼ਸ਼ ਕਿੱਸਾ "ਸੈਫੁਲ ਮਲੂਕ" ਵਿਚ ਸ਼ਾਹ ਸ਼ਰਫ਼ ਬਾਰੇ ਲਿਖਦਾ ਹੈ—

"ਸੁਖਨ ਸਰੀਫ਼ ਸ਼ਰੀਫ਼ ਦੇ ਰੱਜੇ, ਕੱਥ ਸ਼ਾਹ ਸਰਫ਼ ਦੇ।
ਪੰਧ ਪਿਆ ਨੂੰ ਰਾਹ ਦਿਖਾਵਣ, ਰਾਹਬਰ ਉਸ ਤਰਫ਼ ਦੇ।"

ਸ਼ਾਹ ਸ਼ਰਫ਼ ਦਾ ਜਨਮ ਬਟਾਲੇ ਵਿਚ 1659 ਈ. ਵਿਚ ਹੋਇਆ। ਆਪ ਦੇ ਵੱਡੇ ਵਡੇਰੇ ਖਤਰੀ ਸਨ। ਕਿਸੇ ਘਰੋਗੀ ਘਟਨਾ ਕਰ ਕੇ ਮਨ ਉਪਰਾਮ ਹੋ ਗਿਆ ਤੇ ਆਪ ਘਰ-ਬਾਰ ਤਿਆਗ ਕੇ ਫਕੀਰ ਹੋ ਗਏ। ਆਪ ਆਪਣੇ



ਸਮੇਂ ਦੇ ਬੜ੍ਹੇ ਉੱਘੇ ਸੂਫੀ ਸਨ। 66 ਵਰ੍ਹੇਂ ਦੀ ਆਯੂ ਭੋਗ ਕੇ ਆਪ ਦਾ ਦਿਹਾਂਤ ਹੋ ਗਿਆ।

ਸਾਹ ਸ਼ਰਫ਼ ਦੀਆਂ ਰਚੀਆਂ ਹੋਈਆਂ ਕਾਫ਼ੀਆਂ ਵਿਚ ਲੋਹੜੇ ਦਾ ਸੋਜ ਦੇ ਦਰਦ ਹੈ। ਪ੍ਰਭੂ ਮੇਲ ਲਈ ਉਹ ਮੱਛੀ ਵਾਂਗ ਤੜਫਦਾ ਤੇ ਕੂੰਜ ਵਾਂਗ ਕੁਰਲਾਉਂਦਾ ਹੈ। ਉਸ ਨੂੰ ਇਸ ਗਲ ਦਾ ਅਹਿਸਾਸ ਹੈ ਕਿ ਇਹ ਮੰਜਿਲ ਬੜੀ ਕਠਿਨ ਹੈ ਜਿਸ ਵਿਚ ਇਹ ਭਿੰਨ-ਭਿੰਨ ਉਪਮਾਵਾਂ ਦੇ ਰੂਪਕਾਂ ਰਾਹੀਂ ਪ੍ਰਗਟ ਕਰਦਾ ਹੈ।

"ਪੈ ਚੱਕੀ ਆਪ ਪੀਸਾਈਐ, ਵਿਚ ਰੰਗਣ ਤਾਵਣ ਤਾਈ ਐ।?
ਇਉਂ ਕਪੜ੍ਹ ਰੰਗ ਰੰਗਾਈਐ, ਤਾਂ ਨਾਮ ਮਜੀਠ ਸਦਾਈ ਐ।"

ਪਰਮਾਤਮਾ ਨੂੰ ਪੀਆ ਤੇ ਆਪਣੇ ਆਪ ਨੂੰ ਇਸਤਰੀ ਮੰਨਕੇ ਵੀ ਸ਼ਾਹ  ਸ਼ਰਫ ਨੇ ਵਿਛੋੜੇ ਦੇ ਗੀਤ ਗਾਏ ਹਨ। ਸੱਯਦ ਮੁਹੰਮਦ ਲਤੀਫ਼ ਆਪਣੀ ਪੁਸਤਕ "ਤਾਰੀਖ ਲਾਹੌਰ" ਵਿਚ ਲਿਖਦਾ ਹੈ ਕਿ ਸ਼ਾਹ ਸ਼ਰਫ਼ ਬਹੁਤ ਵੱਡਾ ਫਾਜਲ-ਵਿਦਵਾਨ ਸੀ ਤੇ ਉਹਨਾਂ ਦਾ ਜੁਹਦ ਤੇ ਤਪ-ਭਗਤੀ ਦੂਰ-ਦੂਰ ਤਕ ਮਸ਼ਹੂਰ ਸੀ।

### ਮੌਲਾਨਾ ਅਬਦੀ

ਆਪ ਦਾ ਪੂਰਾ ਨਾਂ ਮੌਲਾਨਾ ਮੁੰਹਮਦ ਅਬਦੁਲਾ ਅਬਦੀ ਤੇ ਪਿਤਾ ਦਾ ਨਾਂ ਮੀਆਂ ਜਾਨ ਮੁਹੰਮਦ ਸੀ। ਆਪ ਪਿੰਡ ਮਲਕਾ ਹਾਂਸ ਤਹਿਸੀਲ ਪਾਕ ਪਟਨ ਜਿਲ੍ਹਾ ਮਿੰਟਗੁਮਰੀ ਦੇ ਵਸਨੀਕ ਸਨ। ਇਹ ਉਹੀ ਮਲਕਾ ਹਾਂਸ ਹੈ ਜਿੱਥੇ ਅਠਾਰਵੀਂ ਸਦੀ ਵਿਚ ਵਾਰਿਸ ਸ਼ਾਹ ਨੇ ਆਪਣੇ ਕਿਸੇ ਹੀਰ-ਰਾਂਝਾ ਦੀ ਸਿਰਜਣਾ ਕੀਤੀ। ਆਪ ਦੇ ਜਨਮ ਮਰਨ ਦੀਆਂ ਤਾਰੀਖਾਂ ਬਾਰੇ ਕੋਈ ਪੱਕਾ ਸਬੂਤ ਨਹੀਂ ਮਿਲਦਾ, ਪਰ ਮੌਲਾ ਬਖ਼ਸ਼ ਕੁਸਤਾ ਅਨੁਸਾਰ ਆਪ ਦਾ ਜਨਮ ਜਹਾਂਗੀਰ ਦੇ ਰਾਜ ਸਮੇਂ ਹੋਇਆ ਤੇ ਮ੍ਰਿਤੂ ਔਰੰਗਜੇਬ  ਦੇ ਰਾਜ ਸਮੇਂ। ਆਪ ਲਗਭਗ 40 ਵਰ੍ਹੇਂ ਤਕ ਕਾਵਿ ਸਿਰਜਣਾ ਕਰਦੇ ਰਹੇ। ਆਪ ਨੇ ਬੜ੍ਹਾ ਪਵਿਤਰ ਜੀਵਨ ਜੀਵਿਆ ਤੇ ਚੱਕੀ ਪੀਹ ਕੇ, ਆਪਣੇ ਬਾਲ ਬੱਚੇ ਦਾ ਪੇਟ ਭਰਦੇ ਰਹੇ।  ਸ਼ਰ੍ਹਾ ਦੀ ਵਿਆਖਿਆ ਦੇ ਆਪ ਉਸਤਾਦ ਸਨ। ਜਿਸ ਸੰਬੰਧੀ ਆਪ ਦੀ ਸਮੁੱਚੀ ਰਚਨਾ "ਬਾਗਅਨਵਾਹ" ਨਾਂ ਹੇਠ ਪ੍ਰਾਪਤ ਹੈ। ਆਪ ਦੀ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ—

1. "ਦਿਲ ਦਰਿਆਂ ਸੰਮੁਦਰੋਂ ਡੂਘੇ, ਕੌਣ ਦਿਲਾਂ ਦੀਆਂ ਜਾਣੇ।
   ਵਿਚੇ ਬੇੜੇ ਬੇੜੇ ਕੱਪਰ, ਵਿਚ ਹੀ ਮਲਾਹ ਮੁਹਾਣੇ,
   ਚੌਦਾਂ ਤਬਕ ਦਿਲੇ ਦੇ ਅੰਦਰ, ਤੰਬੂ ਵਾਂਗਣ ਤਾਣੇ।
   ਜੇ ਕੋਈ ਮਹਿਰਾਮ ਦਿਲ ਦਾ ਹੋਵੇ, ਸੋਈ ਰੱਬ ਪਛਾਣੇ।"

ਅਬਦੀ ਰਚਤ ਇਹ ਤੁਕ "ਦਿਲ ਦਰਿਆਂ ਸੰਮੁਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ", ਅਟੱਲ ਸਚਾਈ ਬਣ ਕੇ ਲੋਕ ਮੂਹਾਂ ਤੇ ਚੜ੍ਹ ਗਈ ਹੈ।

-----

| B.A. SEMESTER - II | Lesson No. 12 |
|---|---|
| COURSE NO. : PU-201 | UNIT-III |

# ਗੁਰੂ ਨਾਨਕ ਕਾਲ ਦੀ ਕਿੱਸਾ ਕਾਵਿ ਧਾਰਾ

ਪੰਜਾਬੀ ਵਿੱਚ ਕਿੱਸਾ ਸਾਹਿਤ ਅਰਬੀ-ਫਾਰਸੀ ਵਿੱਚੋਂ ਹੀ ਆਇਆ ਹੈ। ਉਥੇ ਇਸ ਰੂਪ ਨੂੰ 'ਮਸਨਵੀ' ਕਿਹਾ ਜਾਂਦਾ ਸੀ। ਪ੍ਰਮੁੱਖ ਰੂਪ ਵਿਚ ਕਿੱਸਾ-ਰਚਨਾ ਪ੍ਰੇਮ ਕਥਾ ਹੀ ਹੈ। ਕਿਸੇ ਮਹਾਨ ਵਿਅਕਤੀ ਦੀਆਂ ਜੀਵਨ ਘਟਨਾਵਾਂ, ਜਿਨ੍ਹਾਂ ਦਾ ਸੁਭਾ ਪ੍ਰੀਤ-ਕੇਂਦ੍ਰਿਤ ਹੋਵੇ ਬਿਲਕੁਲ ਉਵੇਂ ਜਿਵੇਂ ਪੂਰਨ ਭਗਤ, ਹੀਰ ਰਾਂਝਾ ਅਤੇ ਸੱਸੀ ਪੁੰਨੂ ਆਦਿ। ਪਿਆਰ ਕਹਾਣੀ ਹੀ ਕਿੱਸੇ ਦੀ ਆਤਮਾ ਹੈ। ਕਿੱਸਾ ਕਾਵਿ ਵਿਚ ਪ੍ਰਮੁੱਖ ਰੂਪ ਵਿਚ ਇਸ਼ਕ ਤੇ ਸਮਾਜ ਦੀ ਟੱਕਰ ਪ੍ਰਸਤੁਤ ਹੁੰਦੀ ਹੈ। ਸਮਾਜ ਇਸ਼ਕ ਦੇ ਸਿਰ ਉਪਰ ਕੁੰਡੇ ਵਾਂਗ ਵੰਗਾਰ ਹੈ। ਇਸ਼ਕ ਸਮਾਜ ਦੇ ਅਨੁਸਾਰੀ ਹੋਣ ਤੋਂ ਭੱਜਦਾ ਹੈ। ਸੋ ਕਿੱਸਾ ਕਾਵਿ ਵਿਦਰੋਹੀ ਭਾਵਨਾ ਦਾ ਲਖਾਇਕ ਹੈ।

ਅਧਿਆਤਮਕ ਕਾਵਿ ਤੋਂ ਛੁੱਟ ਗੁਰੂ ਨਾਨਕ ਕਾਲ ਦੀ ਸਭ ਤੋਂ ਪ੍ਰਤਿਨਿਧ ਤੇ ਸ਼੍ਰੇਸ਼ਟ ਕਾਵਿ ਧਾਰਾ, ਕਿੱਸਾ ਸਾਹਿਤ ਹੈ। ਉੱਝ ਤਾਂ ਪੰਜਾਬੀ ਸਾਹਿਤ ਦੇ ਹਰ ਕਾਲ ਵਿੱਚ ਕਿੱਸੇ ਲਿਖੇ ਜਾਂਦੇ ਰਹੇ, ਪਰ ਲਿਖਤੀ ਤੇ ਪ੍ਰਾਪਤ ਰੂਪ ਵਿਚ ਕਿੱਸਾ ਸਾਹਿਤ ਦਾ ਆਰੰਭ ਦਮੋਦਰ ਨਾਲ ਹੀ ਹੁੰਦਾ ਹੈ, ਕਿਉਂਕਿ ਹੋਰ ਕੋਈ ਵੀ ਕਿੱਸਾ ਲਿਖਤੀ ਜਾਂ ਪ੍ਰਮਾਣਿਕ ਰੂਪ ਵਿਚ ਸਾਡੇ ਤਕ ਨਹੀਂ ਪੁੱਜਾ ਹੈ।

ਗੁਰੂ ਨਾਨਕ ਕਾਲ ਦੇ ਉੱਘੇ ਕਿੱਸਾਕਾਰ ਇਸ ਪ੍ਰਕਾਰ ਹਨ—

1. ਦਮੋਦਰ (ਸੋਲਵੀਂ ਸਦੀਂ)
2. ਪੀਲੂ (ਅਕਬਰ ਤੇ ਜਹਾਂਗੀਰ ਦੇ ਸਮੇਂ)
3. ਹਾਫ਼ਜ਼ ਬਰਖ਼ੁਰਦਾਰ (ਔਰੰਗਜੇਬ ਦੇ ਸਮੇਂ)
4. ਅਹਿਮਦ (1660 ਈ. ਵਿਚ ਹੀਰ ਦੇ ਕਿੱਸੇ ਦਾ ਲੇਖਕ)

ਆਉ ਇਹਨਾਂ ਬਾਰੇ ਵਿਚਾਰ ਕਰੀਏ—

**1. ਦਮੋਦਰ—** ਦਮੋਦਰ ਨਾਲ ਪੰਜਾਬੀ ਕਿੱਸਾ ਕਾਵਿ ਪ੍ਰੰਪਰਾ ਦਾ ਆਰੰਭ ਹੁੰਦਾ ਹੈ। ਉਸਨੇ ਸਭ ਤੋਂ ਪਹਿਲਾਂ ਹੀਰ-ਰਾਂਝੇ ਦਾ ਕਿੱਸਾ ਲਿਖਿਆ, ਜਿਹੜਾ ਦਵਈਆਂ ਛੰਦ ਵਿਚ ਹੈ। ਪੰਜਾਬੀ ਵਿਚ ਹੀਰ ਰਾਂਝੇ ਦਾ ਕਿੱਸਾ ਲਿਖਣ ਲਈ ਲਗਭਗ ਦੋ ਸੌ ਕਵੀਆਂ ਨੇ ਵੱਖ ਵੱਖ ਰੂਪਾਂ ਤੇ ਵੱਖ-ਵੱਖ ਛੰਦਾਂ ਵਿਚ ਹੱਥ ਅਜ਼ਮਾਇਆ ਹੈ। ਇਹ ਵਾਰਤਕ ਤੇ ਕਵਿਤਾ ਦੋਹਾਂ ਰੂਪਾਂ ਵਿਚ ਲਿਖਿਆ ਗਿਆ ਤੇ ਪੰਜਾਬੀ ਤੋਂ ਛੁਟ ਬਹੁਤ ਸਾਰੀਆਂ ਭਾਰਤੀ ਤੇ ਬਦੇਸ਼ੀ ਭਾਸ਼ਾਵਾਂ ਵਿਚ ਵੀ ਇਹ ਕਿੱਸਾ ਲਿਖਿਆ ਮਿਲਦਾ ਹੈ।



ਦਮੋਦਰ ਦੇ ਜੀਵਨ ਬਾਰੇ ਜਿੰਨੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਦਾ ਆਧਾਰ ਉਸ ਦਾ ਰਚਿਆ ਇਹ ਕਿੱਸਾ ਹੀ ਹੈ, ਜਿਸ ਵਿਚ ਉਹ ਲਿਖਦਾ ਹੈ—

ਨਾਉਂ ਦਮੋਦਰ ਜਾਤ ਗੁਲ੍ਹਾਟੀ, ਆਇਆ ਸਿੱਕ ਸਿਆਲੀਂ।
ਆਪਣੇ ਮਨ ਵਿਚ ਮਸਕਤ ਕੀਤੀ, ਬਹਿ ਕੇ ਇਥਾਈ ਜਾਲੀ।
ਵੜ੍ਹਿਆ ਵੰਝ ਚੂਚਕ ਦੇ ਸ਼ਹਿਰੇ, ਜਿੱਥੇ ਸਿਆਲ ਅਬਦਾਲੀ।
ਆਖ ਦਮੋਦਰ ਖੁਸ਼ੀ ਹੋਈ, ਉਸ ਦੇਖ ਉਨ੍ਹਾਂ ਦੀ ਚਾਲੀ।
ਉੱਥੇ ਕੀਤਾ ਰਹਿਣ ਦਮੋਦਰ, ਉਹ ਵਸਤੀ ਖੁਸ਼ ਆਹੀ।
ਚੂਚਕ ਬੈਹੁ ਦਿਲਾਸਾ ਦਿੱਤਾ, ਤਾਂ ਦਿਲਗੀਰੀ ਲਾਹੀ।
ਚੂਚਕ ਨੂੰ ਜੋ ਵੰਝ ਮਿਲਿਆ, ਸੋ ਨਾਲੇ ਕੁੰਦੀ ਤਾਈ।
ਆਖ ਦਮੋਦਰ ਹੋਆ ਦਿਲਾਸਾ, ਤਾਂ ਹੱਟੀ ਏਥੇ ਬਣਾਈ।

ਇਸ ਕਥਨ ਅਨੁਸਾਰ ਦਮੋਦਰ ਜ਼ਾਤ ਦਾ ਗੁਲਾਟੀ ਅਰੋੜਾ ਸੀ। ਰੋਜ਼ਗਾਰ ਦੀ ਭਾਲ ਵਿਚ ਹੀਰ ਦੇ ਪਿਤਾ ਚੂਚਕ ਦੇ ਸ਼ਹਿਰ ਝੰਗ ਸਿਆਲਾਂ ਵਿਚ ਗਿਆ ਅਤੇ ਚੂਚਕ ਦੇ ਦਿਲਾਸਾ ਦੇਣ ਤੇ ਉੱਥੇ ਹੀ ਹੱਟੀ ਪਾ ਕੇ ਰਹਿਣ ਲਗ ਪਿਆ। ਇਹ ਹਵਾਲਾ ਕਿਧਰੇ ਨਹੀਂ ਮਿਲਦਾ ਕਿ ਦਮੋਦਰ ਕਦੋਂ ਹੋਇਆ ਅਤੇ ਇਹ ਕਿੱਸਾ ਉਸ ਕਦੋਂ ਲਿਖਿਆ, ਪਰ ਉਸ ਦੇ ਕਿੱਸੇ ਵਿੱਚ ਅਕਬਰ ਬਾਦਸ਼ਾਹ ਦਾ ਜ਼ਿਕਰ ਕਈ ਵਾਰੀਂ ਆਇਆ ਹੋਇਆ ਹੈ, ਜਿਵੇਂ—

1. "ਪਾਤਸ਼ਾਹੀ ਜੋ ਅਕਬਰ ਸੰਦੀ, ਹੀਲ ਨ ਹੁਜਤ ਕਾਈ।"
2. "ਅਕਬਰ ਸ਼ਾਹ ਦਾ ਰਾਜ ਵਡੇਰਾ, ਜੇ ਤੈਨੂੰ ਕਜ਼ਾ ਦਿੱਤੀ ਆਈ।"
3. "ਹਿਕੇ ਦਵੀਹਾਂ ਅਰਬਰ ਗਾਜੀ, ਕੱਛਾ ਆਪ ਕਛੀਹਾਂ।"
4. "ਕਿਸ ਨੂੰ ਆਖਾਂ ਤੁਧ ਸਦਾਈਂ, ਕਿਛ ਅਕਬਰ ਮੈਂ ਤੇ ਧਾਇਆ।"
5. "ਪਾਤਸ਼ਾਹੀ ਜੋ ਅਕਬਰ ਸੰਦੀ, ਦਿਨ ਦਿਨ ਚੜ੍ਹੇ ਸਵਾਏ।"

ਦੂਜਾ ਹਵਾਲਾ ਦਮੋਦਰ ਦੇ ਕਿੱਸੇ ਵਿਚ ਉਸ ਸੰਮਤ ਦਾ ਆਉਂਦਾ ਹੈ, ਜਦੋਂ ਅੰਤ ਵਿਚ ਹੀਰ ਤੇ ਰਾਂਝੇ ਦਾ ਆਪਸ ਵਿਚ ਮੇਲ ਹੁੰਦਾ ਹੈ—

"ਪੰਦਰਾਂ ਸੌ ਉੱਨਤਰੀ ਆਹਾ, ਸੰਮਤ ਬਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ, ਉਸ ਸੰਮਤ ਝੇੜੇ ਰੱਬ ਚੁਕਾਏ।"

ਪਰ ਅਕਬਰ ਦੇ ਰਾਜ ਦਾ ਬਿਕਰਮੀ ਸੰਮਤ 1613 ਤੋਂ 1662 ਬਣਦਾ ਹੈ। ਇਸ ਤੋਂ ਸਪਸ਼ਟ ਹੈ ਕਿ ਹੀਰ ਰਾਂਝੇ ਦਾ ਮੇਲ ਤੇ ਅਕਬਰ ਦੇ ਰਾਜ ਦਾ ਆਪਸੀ ਕੋਈ ਸੰਬੰਧ ਨਹੀਂ ਬਣਦਾ ਹੈ। 1529 ਵਿਚ ਬਹਿਲੋਲ ਲੋਧੀ ਦਾ ਰਾਜ ਸੀ। ਇਕ ਹੋਰ ਹਵਾਲਾ ਵੀ ਮਿਲਦਾ ਹੈ ਕਿ ਜਦ ਰਾਂਝਾ ਹੀਰ ਨੂੰ ਖੇੜਿਆਂ ਤੋਂ ਕੱਢ ਕੇ ਲੈ ਆਇਆ ਤੇ ਪਿੱਛੋਂ ਵਾਹਰ ਨੇ ਉਨ੍ਹਾਂ ਨੂੰ ਆ ਘੇਰਿਆ ਅਤੇ ਦੋਹਾਂ ਨੂੰ ਮਾਰ ਕੁੱਟ ਕੇ ਕੋਟ ਕਬੂਲੇ ਦੇ ਜਿਸ ਹਾਕਮ ਦੇ ਸਾਹਮਣੇ ਪੇਸ਼ ਕੀਤਾ, ਉਸ ਦਾ ਨਾਂ ਅਬਦੁਲ ਫਤਹਿ ਸੀ।

ਦਮੋਦਰ ਆਪਣੇ ਕਿੱਸੇ ਵਿਚ ਬਾਰ ਬਾਰ ਦਾਅਵਾ ਕਰਦਾ ਹੈ ਕਿ ਇਹ ਹੀਰ ਰਾਂਝੇ ਦਾ ਕਿੱਸਾ ਮੈਂ ਅੱਖੀਂ ਦੇਖ ਕੇ ਹੀ ਲਿਖਿਆ ਹੋਇਆ ਹੈ।

"ਅੱਖੀ ਡਿੱਠਾ ਕਿੱਸਾ  ਕੀਤਾ, ਮੈਂ ਤਾਂ ਗੁਣੀ ਨਾ ਕੋਈ।"

ਦਮੋਦਰ ਰਚਿਤ ਇਹ ਇੱਕੋ ਕਿੱਸਾ 'ਹੀਰ ਰਾਂਝਾ' ਸਾਡੇ ਤੱਕ ਪੁਜਾ ਹੈ। ਉਹ ਇਕ ਪ੍ਰੌਢ ਕਵੀ ਸੀ ਤੇ ਉਸ ਵਿਚ ਇਕ ਨਿਪੁੰਨ ਕਲਾਕਾਰ ਵਾਲੇ ਸਾਰੇ ਹੀ ਗੁਣ ਮੌਜੂਦ ਹਨ, ਇਸ ਲਈ ਸੰਭਵ ਹੈ ਕਿ ਹੀਰ ਤੋਂ ਬਿਨਾ ਵੀ ਉਸ ਨੇ ਹੋਰ ਕਾਵਿ ਰਚਨਾ ਵੀ ਕੀਤੀ ਹੋਵੇਗੀ। ਜਿਹੜੀ ਸਾਡੇ ਤੱਕ ਨਹੀਂ ਪੁੱਜ ਸਕੀ। ਸਭ ਤੋਂ ਪਹਿਲਾਂ ਬੇਦੀ ਰੰਗਾ ਸਿੰਘ ਨੇ ਇਕ ਪੁਰਾਣੇ ਲਿਖਤੀ ਹੱਥ ਖਰੜੇ ਨੂੰ ਆਧਾਰ ਬਣਾ ਕੇ ਦਮੋਦਰ ਰਚਿਤ ਕਿੱਸੇ ਨੂੰ ਪ੍ਰਕਾਸ਼ਿਤ ਕੀਤਾ। ਇਸ ਕੁਲ 961 ਬੰਦ ਹਨ। ਵੱਖ-ਵੱਖ ਵਿਦਵਾਨਾਂ ਦੁਆਰਾ ਸੰਪਾਦਿਤ ਹੀਰ ਦਮੋਦਰ ਵਿਚ 950-990 ਤੱਕ ਬੰਦਾਂ ਦਾ ਵਰਣਨ ਮਿਲਦਾ ਹੈ।

ਦਮੋਦਰ ਦੇ ਸਾਰੇ ਕਿੱਸੇ ਵਿੱਚ ਇੱਕੋ ਦੱਵਯਾ ਛੰਦ ਮਿਲਦਾ ਹੈ, ਜਿਹੜਾ 28 ਮਾਤਰਾ ਦਾ ਹੈ। ਇਸ ਦੀ ਬੋਲੀ ਝਾਂਗੀ ਤੇ ਲਹਿੰਦੀ ਪੰਜਾਬੀ ਹੈ ਜਿਸ ਵਿੱਚ ਫ਼ਾਰਸੀ ਤੇ ਤਤਸੱਮ ਸ਼ਬਦ ਵੀ ਵਰਤੇ ਗਏ ਹਨ। ਇਹ ਕਿੱਸਾ ਸੁਆਲਾਂ ਜਵਾਬਾਂ ਜਾਂ ਨਾਟਕੀ ਢੰਗ ਨਾਲ ਲਿਖਿਆ ਗਿਆ ਹੈ। ਭਾਵੇਂ ਕਿੱਸਾਕਾਰ ਵੱਲੋਂ ਆਪਣਾ ਬਿਆਨ ਵੀ ਕਈ ਥਾਵਾਂ 'ਤੇ ਸਿੱਧਾ ਮਿਲਦਾ ਹੈ। ਕਲਾ ਦੀ ਦ੍ਰਿਸ਼ਟੀ ਤੋਂ ਦਮੋਦਰ ਦੀ ਹੀਰ ਦਾ ਕਿੱਸਾ ਵਾਰਿਸ ਨਾਲੋਂ ਕਿਧਰੇ ਵੀ ਘੱਟ ਨਹੀਂ। ਫ਼ਰਕ ਕੇਵਲ ਇੰਨਾ ਹੈ ਕਿ ਵਾਰਸ ਵਿਚ ਵਿਸਥਾਰ ਹੈ ਤੇ ਉਹ  ਇਕੋ ਗੱਲ ਨੂੰ ਲਟਕਾਈ ਜਾਂਦਾ ਹੈ ਜਦ ਕਿ ਦਮੋਦਰ ਵਿਚ ਸੰਜਮ, ਸੰਕੋਚ ਤੇ ਸੰਖੇਪਤਾ ਹੈ। ਕਾਵਿ-ਸੁਹਜ ਵੀ ਦਮੋਦਰ ਵਿਚ ਵਾਰਿਸ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ।

ਕਹਾਣੀ ਦੀਆਂ ਘਟਨਾਵਾਂ, ਪਾਤਰਾਂ ਦੇ ਸੁਭਾਅ ਤੇ ਆਲੇ ਦੁਆਲੇ ਦਾ ਬਿਆਨ ਦਮੋਦਰ ਨੇ ਬੜੀ ਨੀਝ ਤੇ ਬਰੀਕੀ ਨਾਲ ਉਲੀਕਿਆ ਹੈ ਅਤੇ ਆਪਣੀ ਸ਼ਖਸੀਅਤ ਦੀਆਂ ਨਿੱਜੀ ਛੋਹਾਂ ਲਾ ਕੇ ਬਿਆਨ ਨੂੰ ਰੰਗੀਨ ਬਣਾਇਆ ਹੋਇਆ ਹੈ। ਉਸ ਦੀ ਮਨੋਵਿਗਿਆਨ ਸੂਝ ਦੀ ਪਕੇਰੀ ਸੀ, ਜਿਸ ਦੇ ਪ੍ਰਮਾਣ ਪਾਤਰਾਂ ਦੇ ਚਰਿਤਰਾਂ ਵਿੱਚੋਂ ਮਿਲਦੇ ਹਨ।

ਦਮੋਦਰ ਨੇ ਆਪਣੇ ਕਿੱਸੇ ਵਿਚ ਥਾਂ-ਥਾਂ ਤੇ ਸੰਥਾਨਕ  ਰੰਗਣ ਵੀ ਭਰੀ ਹੋਈ ਹੈ ਤੇ  ਆਪਣੇ ਵੇਲੇ ਦੇ ਪੰਜਾਬ ਦੀ ਪੇਂਡੂ ਸਭਿਅਤਾ ਦੇ ਸੋਹਣੇ ਚਿੱਤਰ ਉਲੀਕੇਂ ਹਨ। ਜਨਮ, ਵਿਆਹ ਸ਼ਾਦੀਆਂ ਆਦਿ ਦੀਆਂ ਰਸਮਾਂ ਤੇ ਜਾਤਾਂ ਗੋਤਾਂ ਅਤੇ ਕਿੱਤਿਆਂ ਆਦਿ ਦੇ ਵੇਰਵੇਂ, ਸਾਰੀ ਕਹਾਣੀ ਨੂੰ ਸਜੀਵਤਾ ਬਖ਼ਸ਼ਦੇ ਹਨ।

ਹੀਰ ਦੀ ਸੁੰਦਰਤਾ ਬਿਆਨਣ ਲਗਿਆਂ ਵਾਰਿਸ ਨੇ ਸਾਰਾ ਜ਼ੋਰ ਲਾ ਦਿੱਤਾ ਹੈ ਉੱਥੇ ਦਮੋਦਰ ਨੇ ਉਸ ਤੋਂ ਉਲਟ ਰਾਂਝੇ ਦੀ ਸੁੰਦਰਤਾ ਨੂੰ ਇਸ ਢੰਗ ਨਾਲ ਬਿਆਨਿਆ ਹੈ ਕਿ ਹਰ ਕੋਈ ਉਸ ਉੱਤੇ ਮੋਹਿਤ ਹੋ ਜਾਂਦਾ ਹੈ।

"ਜੇ ਧੀਦੋ ਚੜ੍ਹੇ ਘੋੜ੍ਹੇ, ਬਾਹਰ ਪੰਖੀ ਨਾ ਠਹਿਰਾਇਣ।।
ਨਰ ਨਾਰੀ ਜੋ ਕੋਈ ਦੇਖੇ, ਪਲ ਨ ਪਲਕਾ ਲਾਇਣ।

ਦਮੋਦਰ ਨੇ ਝੀਊਰਾਂ ਦੀ ਕੁੜੀ ਦਾ ਰਾਂਝੇ ਉੱਤੇ ਮੋਹਿਤ ਹੋ ਜਾਣ ਵਾਲੀ ਘਟਨਾ ਬਹੁਤ ਹੀ ਕਲਾਤਮਕ ਢੰਗ ਨਾਲ ਬਿਆਨ ਕੀਤੀ ਹੋਈਆ ਹੈ।



ਦਮੋਦਰ ਰਚਿਤ ਕਿੱਸਾ ਹੀਰ ਵਿਚ ਭਾਵੇਂ ਸਾਰੇ ਹੀ ਰਸ ਆ ਗਏ ਹਨ, ਪਰ ਇਨ੍ਹਾਂ ਵਿਚ ਸ਼ਿੰਗਾਰ, ਬੀਰ ਤੇ ਕਰੁਣਾ ਰਸ ਦੀਆਂ ਅਣਗਿਣਤ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ। ਹੀਰ ਤੇ ਨੂਰ ਖਾਂ ਚੰਧੜ ਦੀ ਲੜਾਈ ਦਾ ਜ਼ਿਕਰ ਕਰਦਾ ਹੋਇਆ ਦਮੋਦਰ ਹੀਰ ਦੀ ਬੀਰਤਾ ਨੂੰ ਇਉਂ ਬਿਆਨ ਕਰਦਾ ਹੈ—

"ਹੀਰੇ ਧਰੂਹ ਕਰ ਮਾਰੀ ਮਿਸਰੀ, ਸਿਰ ਨੂਰੇ ਦੀ ਸੱਟੀ।
ਆ ਰਾਸ, ਨਾ ਗਈ ਘੁਸਾਂਵੀ, ਧਰਤੀ ਰੱਤ ਵਿਰਤੀ।
ਅੱਧਾ ਧੜ੍ਹ ਹੰਨੇ ਵਿਚ ਫਾਥਾ, ਅੱਧਾ ਢੱਠਾ ਧਰਤੀ।
ਆਖ ਦਮੋਦਰ ਕੀਕਣ ਦਿਸੈ, ਜਿਉਂ ਧੋਬੀ ਸੁੱਥਣ ਘੱਤੀ।"

ਕਰੁਣਾ ਰਸ ਦੀ ਉਦਾਹਰਣ ਦੇਖੋ—

"ਰੋਂਦੇ ਆਤਣ ਤੇ ਰੋਂਦੇ ਵਿਹੜੇ, ਜਿਉਂ-ਜਿਉਂ ਵਿਦਾ ਕਰੇਂਦੀ।"

ਰਸਾਂ ਤੋਂ ਬਿਨਾ ਅਲੰਕਾਰਾਂ ਦੀ ਵੰਨ ਸੁੰਵਤਾ ਵੀ ਕਵੀ ਦੇ ਕਾਵਿ ਕੌਸ਼ਲ ਨੂੰ ਉਘਾੜਦੀ ਹੈ। ਸ਼ਬਦਾਂ ਤੇ ਅਰਥ ਦੋਹਾਂ ਵੰਨਗੀਆਂ ਦੇ ਅਲੰਕਾਰ ਸਾਰੀ ਕਵਿਤਾ ਦਾ ਸ਼ਿੰਗਾਰ ਹਨ—

ਰੂਪਕ ਅੰਲਕਾਰ— "ਬਾਬਲ ਬਾਜ ਤੇ ਚਰਗ ਪਿੜ੍ਹੀਏ,  ਸ਼ਿਕਰੇ ਬਾਸੇ ਭਾਈ।"

ਉਪਮਾ ਅਲੰਕਾਰ— "ਤਾਂ ਕੁੱਦੀ ਵਿਚਹੁੰ ਹਰਣੀ ਵਾਂਗਣ, ਜਾਂ ਉਸ ਇਹ ਸੁਣਾਇਆ।"

ਅਨੁਪ੍ਰਾਸ ਅਲੰਕਾਰ— "ਰੱਤੀ ਰਤ ਨਾ ਮਾਸਾ ਮਾਸਹਿ"।

ਦਮੋਦਰ ਦੇ ਕਿਸੇ ਵਿੱਚ ਬਹੁਤ ਸਾਰੇ ਮੁਹਾਵਰੇ ਤੇ ਉਕਤੀਆਂ ਸਹਿਜ-ਸੁਭਾ ਆ ਗਈਆਂ ਹਨ— (ੳ) ਕੂੜੀ ਦੁਨੀਆਂ ਤੇ ਕੂੜਾ ਆਲਮ,

ਅ) ਡਿਠੇ ਬਾਝਹੁੰ ਦੋਸ਼ ਨ ਦੀਜੈ

ੲ) ਮੰਗਣ ਕੋਲੋਂ ਮਰਨ ਚੰਗੇਰਾ।

ਦਮੋਦਰ ਦੇ ਕਿੱਸੇ ਵਿਚ ਜਿੱਥੇ ਬਿਆਨ ਦੀ ਰੰਗੀਨੀ ਹੈ ਅਤੇ ਬਹੁਤੇ ਥਾਂਈ ਸਰੋਦੀ ਅੰਸ਼ ਵੀ ਆ ਗਿਆ ਹੈ।

ਭਾਵੇਂ ਕਿਤੇ ਕਿਤੇ ਕਿੱਸੇ ਵਿਚ ਕਾਵਿ ਦੋਸ਼ ਦਿਖਾਈ ਦਿੰਦੇ ਹਨ ਜਿਵੇਂ ਤੁਕਾਂ ਤੇ ਤੋਲ ਵਿਚ ਫਰਕ ਜਾਂ ਮਾਤ੍ਰਾ ਦਾ ਵਾਧਾ ਘਾਟਾ ਹੈ, ਪਰ ਤਾਂ ਵੀ ਦਮੋਦਰ ਰਚਿੱਤ ਇਹ ਕਿੱਸਾ ਬਹੁਤ ਸਾਰੇ ਕਾਰਣਾਂ ਕਰਕੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ।

## ਪੀਲੂ

ਪੀਲੂ ਦੁਆਰਾ ਰੱਚਿਤ ਕਿੱਸਾ ਮਿਰਜ਼ਾ ਸਾਹਿਬਾਂ ਦਾ ਕਿੱਸਾ ਸਭ ਤੋਂ ਪਹਿਲਾਂ ਪੀਲੂ ਨੇ ਹੀ ਲਿਖਿਆ ਹੈ। ਪੀਲੂ ਕਿਥੋਂ ਦਾ ਰਹਿਣ ਵਾਲਾ ਸੀ ਤੇ ਕਦੋਂ ਹੋਇਆ। ਇਸ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਹਾਫਿਜ਼ ਬਰਖੁਰਦਾਰ ਜਿਸ ਨੇ ਮਿਰਜ਼ਾ ਸਾਹਿਬਾਂ ਤੋਂ ਛੁਟ ਹੀਰ ਦੇ ਕਈ ਕਿੱਸੇ ਲਿਖੇ ਅਤੇ ਜਿਹੜਾ 1676 ਈ. ਅਰਥਾਤ ਔਰੰਗਜੇਬ ਦੇ ਰਾਜ, ਸਮੇਂ ਹੋਇਆ, ਉਹ ਪੀਲੂ ਦੀ ਬਹੁਤ ਤਾਰੀਫ਼ ਕਰਦਾ ਹੈ ਅਤੇ ਆਖਦਾ ਹੈ– ਯਾਰੋ ਪੀਲੂ ਨਾਲ ਬਰਾਬਰੀ

ਸ਼ਾਇਰ ਭੁਲ ਕਰੇਣ।

ਉਹਨੂੰ ਪੰਜ਼ਾਂ ਪੀਰਾਂ ਦੀ ਥਾਪਨਾ, ਕੰਧੀ ਦਸਤ ਧਰੇਣ।

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੀਲੂ ਨਿਸ਼ਚੇ ਹੀ 1676 ਈ. ਤੋਂ ਪਹਿਲਾ ਅਤੇ ਦਮੋਦਰ ਤੋਂ ਪਿੱਛੋਂ ਹੋਇਆ ਹੈ। ਅਹਿਮਦ ਯਾਰ ਨੇ ਆਪਣੇ ਤੋਂ ਪਹਿਲਾਂ ਹੋ ਚੁੱਕੇ ਸਾਰੇ ਕਵੀਆਂ ਬਾਰੇ ਆਪਣੇ ਵਿਚਾਰ ਪ੍ਰਗਟਾਏ ਹਨ। ਪੀਲੂ ਬਾਰੇ ਉਹ ਲਿਖਦਾ ਹੈ—

"ਪੀਲੂ ਨਾਲ ਨ ਰੀਸ ਕਿਸੇ ਦੀ ਉਸ ਵਿਚ ਸੋਜ਼ ਅਲਹਿਦੀ।
ਮਸਤ ਨਿਗਾਹ ਕੀਤੀ ਉਹ ਪਾਸੇ, ਕਿਸੇ ਫ਼ਕੀਰ ਵਲ ਦੀ।"

ਏਸੇ ਤਰ੍ਹਾਂ ਸੈਫੁਲਮਲੂਕ ਦਾ ਕਰਤਾ ਮੁਹੰਮਦ ਬਖ਼ਸ਼ ਵੀ ਪੀਲੂ ਦੀ ਉਸਤਤ ਕਰਦਾ ਹੋਇਆ ਲਿਖਦਾ ਹੈ—

"ਛੜੀ ਛਿੜੀ ਗੱਲ ਆਖੀ ਲੇਕਿਨ ਜੋ ਆਖੀ ਸੋ ਹੱਛੀ
ਪੀਲੂ ਸੁਥਰਾ ਪਹਿਲੋਂ ਹੋਏ, ਬਹੁਤ ਜ਼ਿਮੀ ਜਦ ਕੱਛੀ।"

ਸਿਵਾਇ ਮਿਰਜ਼ਾ ਸਾਹਿਬਾਂ ਦੇ ਕਿੱਸੇ ਦੇ ਪੀਲੂ ਦੀ ਹੋਰ ਕੋਈ ਰਚਨਾ ਸਾਨੂੰ ਨਹੀਂ ਮਿਲਦੀ ਹੈ। ਇਹ ਕਿੱਸਾ ਵੀ ਲਿਖਤੀ ਰੂਪ ਵਿਚ ਨਹੀਂ ਸਗੋਂ ਲੋਕਾਂ ਦੇ ਮੂੰਹੋਂ ਸੁਣ ਕੇ ਸਭ ਤੋਂ ਪਹਿਲਾਂ ਸਵਿਨਰਟਨ ਨੇ ਆਪਣੀ ਪੁਸਤਕ "ਰੋਮਾਂਟਿਕ ਟੇਲਜ਼ ਆਫ ਦੀ ਪੰਜਾਬ" ਵਿਚ ਪ੍ਰਕਾਸ਼ਿਤ ਕੀਤਾ। ਸਰ ਰਿਚਰਡ ਟੈਂਪਲ ਨੇ ਵੀ ਆਪਣੀ ਪੁਸਤਕ "ਲੀਜੰਡਜ ਔਫ ਦੀ ਪੰਜਾਬ" ਵਿਚ ਪੀਲੂ ਦੇ ਕਿੱਸੇ ਦਾ ਕੁਝ ਹਿੱਸਾ ਛਾਪਿਆ। ਇਸ ਤਰ੍ਹਾਂ ਪੀਲੂ ਦਾ ਇਹ ਕਿੱਸਾ ਅਧੂਰੇ ਰੂਪ ਵਿਚ ਪ੍ਰਾਪਤ ਹੈ, ਜਿਸ ਦੀ ਲੜੀ ਵੀ ਕਈ ਥਾਂਈ ਟੁਟਦੀ ਹੈ।

ਡਾ. ਜੀਤ ਸਿੰਘ ਸੀਤਲ ਅਨੁਸਾਰ ਪੀਲੂ ਕੌਮ ਦਾ ਮੁਸਲਮਾਨ ਜੱਟ ਸੀ ਅਤੇ ਪਿੰਡ ਵੈਰੋਵਾਲ, ਤਹਿਸੀਲ ਤਰਨ ਤਾਰਨ, ਜਿਲ੍ਹਾ ਅੰਮ੍ਰਿਤਸਰ ਦਾ ਵਸਨੀਕ ਸੀ। ਉਹ ਅਕਬਰ ਤੇ ਜਹਾਂਗੀਰ  ਬਾਦਸ਼ਾਹ (1556 ਤੋਂ 1627) ਦੇ ਰਾਜ ਸਮੇਂ ਹੋਇਆ। ਮੌਲਾ ਬਖਸ਼ ਕੁਸ਼ਤਾ ਅਨੁਸਾਰ ਆਪ ਫਕੀਰਾਨਾ ਤਬੀਅਤ ਦੇ ਮਾਲਕ ਸਨ। ਜੱਦ ਜ਼ਰਾਂ ਜੁਆਨ ਹੋਏ ਤਾਂ ਸੈਰ ਦੇ ਸ਼ੌਕ ਕਾਰਨ ਘਰ ਤੋਂ ਨਿਕਲੇ। ਗੁਰੂ ਅਰਜਨ ਦੇਵ ਜੀ ਦੇ ਦੀਦਾਰ ਕਰਨ ਅਤੇ ਸ਼ਾਹ ਹੁਸੈਨ ਦੇ ਸੂਫੀਆਨਾ ਕਲਾਮ ਸੁਣਨ ਪਿੱਛੋਂ ਆਪ ਫਕੀਰਾਨਾ ਭੇਸ ਵਿਚ ਇਲਾਕਾ ਬਾਰ ਵਲ ਚਲੇ ਗਏ। ਰਾਵੀ ਤੋਂ ਪਾਰ ਜਦ ਦਾਨਾਵਾਦ ਖਰਲਾਂ ਵਿੱਚ ਗਏ ਤਾਂ ਜਿਵੇਂ ਮਿਰਜਾ ਸਾਹਿਬਾਂ ਦਾ ਚਰਚਾ ਸੁਣਿਆ, ਤਿਵੇਂ ਕਵਿਤਾ ਵਿਚ ਲਿਖ ਦਿੱਤਾ।

ਪੀਲੂ ਦਾ ਮਿਰਜ਼ਾ ਸਾਹਿਬਾਂ ਦਾ ਕਿੱਸਾ ਲੋਕਾਂ ਵਿਚ ਏਨਾ ਹਰਮਨ ਪਿਆਰਾ ਹੈ ਕਿ ਇਸ ਦਾ ਲਗਭਗ ਅੱਧਾ ਭਾਗ ਹਰ ਇਕ ਨੂੰ ਜ਼ੁਬਾਨੀ ਯਾਦ ਹੈ ਤੇ ਜਦ ਕਿਧਰੇ ਕੋਈ ਗਾਇਕ ਮਿਰਜ਼ੇ ਦੇ ਸੱਦ ਰੂਪ ਵਿਚ ਲਿਖੇ ਕਿੱਸੇ ਨੂੰ ਗਾਉਣ ਲਗਦਾ ਹੈ ਤਾਂ ਉਹਨਾਂ ਦੇ ਦਿਲਾਂ ਨੂੰ ਧੂਹ ਪੈਂਦੀ ਹੈ। ਸਾਹਿਬਾਂ ਦੀ ਸੁੰਦਰਤਾ ਦਾ ਵਰਨਣ ਪੀਲੂ ਦੇ ਸ਼ਬਦਾਂ ਵਿਚ ਇਸ ਪ੍ਰਕਾਰ ਹੈ—

"ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ।
ਫੜ੍ਹ ਨ ਜਾਣੇ ਤਕੜੀ ਹਾੜ ਨ ਜਾਣੇ ਵੱਟ।
ਤੇਲ ਭੁਲਾਵੇਂ ਭੁਲਾ ਬਾਣੀਆਂ ਦਿੱਤਾ ਸ਼ਾਇਦ ਉੱਲਟ।



ਵਣਜ ਗਾਵਾ ਲਏ ਬਾਣੀਆਂ, ਬਲ੍ਹਦ ਗਵਾ ਲਏ ਜੱਟ।"

ਪੀਲੂ ਨੇ ਮਿਰਜ਼ੇ ਦੀ ਘੋੜੀ ਦੀ ਤਾਰੀਫ ਵੀ ਬੜ੍ਹੇ ਵਧੀਆ ਸ਼ਬਦਾਂ ਰਾਹੀਂ ਕੀਤੀ ਹੈ—

"ਕੰਨ ਲੰਮੇ ਖੁਰ ਪਤਲੇ, ਦੁੰਮ ਬੱਕੀ ਦੀ ਸਿਆਹ।
ਦੇਖ ਕੇ ਇਸ ਦੀ ਤੋਰ ਨੂੰ ਭੌਰੇ ਚਿੱਤ ਨਾ ਪਾ।
ਬਾਣੀ ਡੁੱਗਰ ਜਿਨ੍ਹਾਂ ਦੇ, ਬਹਿਣ ਪੁਆਂਦੀ ਆ।
. . . . . . . . . . . .
ਮੇਰੀ ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖੁਦਾ।"

ਮਿਰਜ਼ਾ ਸਾਹਿਬਾਂ ਦੇ ਕਿੱਸੇ ਦਾ ਦੁਖਾਂਤ, ਚਰਿੱਤਰ ਦਾ ਦੁਖਾਂਤ ਹੈ। ਮਿਰਜ਼ੇ ਨੂੰ ਆਪਣੀ ਬਹਾਦਰੀ ਉੱਤੇ ਗੁਮਾਨ ਸੀ ਤੇ ਪੀਲੂ ਇਹਨਾਂ ਸ਼ਬਦਾਂ ਨਾਲ ਇਸ ਤੱਥ ਨੂੰ ਪੇਸ਼ ਕਰਦਾ ਹੈ—

"ਮਿਰਜ਼ਾ ਮਾਰਿਆ ਮਲਕੁਤ ਮੌਤ ਨੇ, ਕੁਝ ਮਾਰਿਆ ਖੁਦੀ ਗੁਮਾਨ,
ਵਿਚ ਕਬਰਾਂ ਤੇ ਛੁਪ ਗਿਆ, ਮਿਰਜ਼ਾ ਸੋਹਣਾ ਸ਼ੈਲ ਜਵਾਨ।"

ਮਿਰਜ਼ੇ ਦੀ ਲੋਕ ਪ੍ਰੀਯਤਾ ਕਿਸੇ ਪ੍ਰਮਾਣ ਜਾਂ ਗਵਾਹੀ ਦੀ ਮੁਥਾਜ ਨਹੀਂ। ਉਸ ਦੇ ਕਿੱਸੇ ਦੀਆਂ ਬਹੁਤ ਸਾਰੀਆਂ ਤੁਕਾਂ ਨਾ ਕੇਵਲ ਆਮ ਲੋਕਾਂ ਦੇ ਮੂਹਾਂ ਤੇ ਚੜ੍ਹੀਆਂ ਹੋਈਆਂ ਸਨ ਸਗੋਂ ਪਿੱਛੋਂ ਹੋਏ ਕਵੀਆਂ ਨੇ ਹੂ-ਬ-ਹੂ ਇਹ ਤੁਕਾਂ ਅਪਣਾ ਲਈਆਂ ਹਨ।

### ਹਾਫਿਜ਼ ਬਰਖੁਰਦਾਰ

ਸ਼ੈਫੁਲ ਮਲੂਕ ਦਾ ਕਰਤਾ ਮੁਹਮੰਦ ਬਖ਼ਸ਼ ਹਾਫਿਜ਼ ਬਰਖੁਰਦਾਰ ਬਾਰੇ ਆਖਦਾ ਹੈ—

"ਹਾਫ਼ਿਜ ਬਰਖੁਰਦਾਰ ਮੁਸੰਨਿਫ਼, ਗੋਰ ਜਿਨ੍ਹਾਂ ਦਾ ਚਿੱਟੀ।
ਹਰ ਹਰ ਬੈਂਤ ਉਹਦਾ ਵੀ ਡਿੱਠਾ, ਜਿਉਂ ਮਿਸਰੀ ਦੀ ਖਿੱਟੀ।"

ਹਾਫਿਜ਼  ਬਰਖੁਰਦਾਰ ਦਾ ਜਨਮ ਸ਼ਾਹ ਜਹਾਂ ਦੇ ਸਮੇਂ ਪਿੰਡ ਮੁਸਲਮਾਨੀ ਵਿੱਚ ਹੋਇਆ। ਉਹ ਜਾਤ ਦਾ ਰਾਂਝਾ ਜੱਟ ਸੀ। ਪੜ੍ਹਿਆ ਲਿਖਿਆ ਹੋਇਆ ਵਿਦਵਾਨ ਆਦਮੀ ਸੀ। ਉਸ ਨੇ ਹੇਠ ਲਿਖੇ ਹੋਏ ਕਿੱਸੇ ਲਿਖੇ—

1. ਮਿਰਜ਼ਾ ਸਾਹਿਬਾਂ 2. ਜੂਸਫ਼ ਜੁਲੈਖਾਂ 3. ਸੱਸੀ ਪੁੰਨੂ। ਇਹਨਾਂ ਤੋਂ ਇਲਾਵਾ  ਕੁਝ ਕੁ ਧਾਰਮਿਕ ਰਚਨਾਵਾਂ ਵੀ ਉਸ ਦੇ ਨਾਂ ਨਾਲ ਜੋੜੀਆਂ ਜਾਂਦੀਆਂ ਹਨ। ਇਕ ਬਾਰਾਂਮਾਹ ਤੇ ਤਿੰਨ ਸੀਹਰਫੀਆਂ ਦੇ ਹਵਾਲੇ ਵੀ ਮਿਲਦੇ ਹਨ।

ਹਾਫ਼ਜ ਤੋਂ ਪਹਿਲਾਂ ਪੀਲੂ ਮਿਰਜ਼ਾ ਸਾਹਿਬਾਂ ਦਾ ਕਿੱਸਾ ਲਿਖ ਚੁੱਕਿਆ ਸੀ। ਇਸ ਨੇ ਉਸ ਕਿੱਸੇ ਨੂੰ ਉਸੇ ਬਹਿਰ ਤੇ ਉਸੇ ਛੰਦ ਵਿਚ ਦੁਬਾਰਾ ਲਿਖਿਆ ਤੇ ਕਹਾਣੀ ਦੀ ਟੁੱਟਵੀਂ ਲੜੀ ਨੂੰ ਵੀ ਮੁੱਕਮਲ ਕੀਤਾ। ਇਸ ਨੇ ਨਾਲ ਉਸ ਬਹੁਤ ਸਾਰੀਆਂ ਤੁਕਾਂ ਵੀ ਪੀਲੂ ਵਾਲੀਆਂ ਹੀ ਜੜ੍ਹ ਦਿੱਤੀਆਂ ਹਨ। ਇਸ ਵਿਚ ਕਰਾਮਾਤਾਂ, ਜਾਦੂ ਤੇ ਪਰਾਸਰੀਰਕ ਸ਼ਕਤੀਆਂ ਦਾ ਵੀ ਵਰਨਣ ਹੈ ਅਤੇ ਹੋਣੀ ਨੂੰ ਵੀ ਬਲਵਾਨ ਸਿੱਧ ਕੀਤਾ ਹੈ—

"ਸਾਹਿਬਾਂ ਰੰਗ ਮਜੀਠ ਦਾ, ਜਿਉਂ-ਜਿਉਂ ਧਰਤ ਰੰਗੀਨ
ਉਹਦੀ ਜੁਤੀ ਤੇ ਦੋ ਵਾਲੀਆਂ ਦੇ ਬਤਖਾਂ ਚੋਗ ਚੁੰਗਨ।"

ਹਾਫਿਜ ਬਰਖੁਰਦਾਰ ਦਾ ਦੂਜਾ ਪ੍ਰਸਿੱਧ ਕਿੱਸਾ 'ਸੱਸੀ ਪੁੰਨੂ' ਹੈ। ਜਿਸਦੇ ਪੰਜਾਬੀ ਵਿਚ ਪਹਿਲਾਂ ਹੀ ਲਿਖੇ ਜਾ ਚੁੱਕਣ ਬਾਰੇ ਡਾ. ਮੋਹਨ ਸਿੰਘ ਨੇ ਹਵਾਲਾ ਦਿੱਤਾ ਹੈ। ਪਰ ਇਸ ਕਿੱਸੇ ਨੂੰ ਵਿਸਤਾਰ ਸਹਿਤ ਲਿਖਣ ਦਾ ਸਿਹਰਾ ਹਾਫ਼ਿਜ ਸਿਰ ਹੀ ਹੈ। ਭਾਵੇਂ ਸੱਸੀ ਦਾ ਕਿੱਸਾ ਸਹੀ ਅਰਥਾਂ ਵਿਚ ਹਾਸ਼ਮ ਦੇ ਹੱਥ ਜਾ ਕੇ ਅਮਰ ਹੋਇਆ ਪਰ ਹਾਫਿਜ਼ ਦਾ ਬਿਆਨ ਵੀ ਘੱਟ ਕਲਾਮਈ ਨਹੀਂ ਹੈ। ਸੱਸੀ ਦੀ ਥਲਾਂ ਵਿਚ ਮੌਤ ਨੂੰ ਕਵੀ ਬੜੇ ਕਰੁਣਾਮਈ ਢੰਗ ਨਾਲ ਰੂਪਮਾਨ ਕਰਦਾ ਹੈ—

"ਸੱਸੀ ਦਾ ਮਾਤਮ, ਬਘਿਆੜਾਂ, ਗਿਦੜ ਕੀਤਾ ਆ
ਲੂੰਮੜੀਆਂ ਤੇ ਪਾਹੜੇ ਉਸ ਨੂੰ ਰੋਵਣ ਪਲਾ ਪਾ।"

ਪਰ ਹਾਫਿਜ਼ ਦੀ ਬਹੁਤੀ ਪ੍ਰਸਿੱਧੀ ਉਸਦੇ ਕਿੱਸੇ ਯੂਸਫ਼ ਜੁਲੈਖਾਂ ਕਰਕੇ ਹੋਈ। ਜਿਸ ਨੂੰ ਪਹਿਲੀ ਵਾਰ ਉਸ ਨੇ ਪੰਜਾਬੀ ਵਿਚ ਲਿਖਿਆ। ਇਸ ਦਾ ਹਵਾਲਾ ਕੁਰਾਨ ਸ਼ਰੀਫ ਵਿਚ ਮਿਲਦਾ ਹੈ।

ਹਾਫਿਜ਼ ਬਰਖੁਰਦਾਰ ਦੁਆਰਾ ਲਿਖੇ ਇਸ ਕਿੱਸੇ ਉੱਤੇ ਫ਼ਾਰਸੀ ਦਾ ਪ੍ਰਭਾਵ ਬਾਕੀ ਕਿਸਿਆਂ ਨਾਲੋਂ ਵੱਧ ਹੈ। ਜ਼ੁਲੈਖਾ ਦੀ ਸੁੰਦਰਤਾ ਦਾ ਵਰਣਨ ਇਸ ਪ੍ਰਕਾਰ ਹੈ—

"ਮੂੰਹ ਮਹਿਤਾਬ ਸਨੋਬਰ ਕਾਮਤ, ਅੱਖੀ ਰੋਸਨ ਦੀਵੇ।
ਪਲਕਾਂ ਤੀਰ ਕਮਾਨਾਂ ਅਬਰੂ ਦੰਦ ਚੱਬੇ ਦੀਆਂ ਕਲੀਆਂ।"

ਪਰ ਯੂਸਫ ਦੀ ਸੁੰਦਰਤਾ ਬੇਮਿਸਾਲ ਹੈ।

"ਭੁਲ ਗਏ ਉਹ ਫ਼ਖਰ ਰੰਨਾ ਦੇ, ਲਾੜਾਂ ਬਿਸਰ ਗਈਆਂ।
ਯੂਸਫ਼ ਦੇ ਵੱਲ ਤਾਰਿਆਂ ਵਾਂਗੂੰ ਤਰ ਤਰ ਕੇ ਵੇਖਣ ਪਈਆਂ।"

ਡਾ. ਪਿਆਰ ਸਿੰਘ, ਯੂਸਫ਼ ਜੁਲੈਖਾਂ ਬਾਰੇ ਲਿਖਦੇ ਹਨ— ਬਰਖੁਰਦਾਰ ਦੇ ਕਲਾਮ ਵਿਚ ਖਾਸ ਕਰਕੇ ਯੂਸਫ਼ ਜ਼ੁਲੈਖਾਂ ਵਿਚ ਜੋ ਸੋਜ ਹੈ। ਜੋ ਮਧੁਰਤਾ ਆਉਂਦੀ ਹੈ। ਉਹ ਪੰਜਾਬੀ ਦੀਆਂ ਬਹੁਤ ਘੱਟ ਰਚਨਾਵਾਂ ਦਾ ਵਿਰਸਾ ਹੈ।

ਹਾਫ਼ਿਜ ਨਾਲ ਪੰਜਾਬੀ ਕਿੱਸਾਕਾਰੀ ਦਾ ਇਕ ਨਵਾਂ ਦੌਰ ਸ਼ੁਰੂ ਹੁੰਦਾ ਹੈ। ਡਾ. ਮੋਹਨ ਸਿੰਘ ਅਨੁਸਾਰ, "ਹਾਫ਼ਿਜ਼ ਬਰਖੁਰਦਾਰ ਇਕ ਮਹਾਨ ਸਾਹਿਤਕਾਰ ਸੀ। ਜਿਹੜਾ ਸਾਹਿਬਜਾਦਿਆਂ ਤੇ ਕਿਰਸਾਨਾਂ, ਅਨਪੜ੍ਹਾਂ ਤੇ ਵਿਦਵਾਨਾਂ ਨਾਲ ਇਕ ਸਮਾਨ ਘੁਲਿਆ ਮਿਲਿਆ ਹੈ। ਉਹ ਜਨ ਸਾਧਾਰਨ ਤੇ ਲੋਕ ਸਾਹਿਤ ਦੇ ਮਹਾਨ ਕਾਰਜ ਨੂੰ ਸੰਪੂਰਨ ਕਰ ਸਕਿਆ।

ਡਾ. ਜੀਤ ਸਿੰਘ ਸੀਤਲ ਹਾਫਿਜ਼ ਬਰਖੁਰਦਾਰ ਦੀ ਕਾਵਿ ਕਲਾ ਦਾ ਮੁਲਾਂਕਣ ਕਰਦੇ ਹੋਏ ਲਿਖਦੇ ਹਨ— "ਹਾਫਿਜ਼ ਬਰਖੁਰਦਾਰ ਇਸ ਗਲ ਦੀ ਸੋਧ, ਸ਼ਬਦਾਂ ਤੇ ਕਥਾ ਵਸਤੂ ਦਾ ਸੰਕੋਚ, ਮਤਲਬ ਦਾ ਖੁਲ੍ਹਾ ਡੁਲ੍ਹਾ ਢੁਕਵੇਂ ਰੂਪਕ ਤੇ ਦ੍ਰਿਸ਼ਟਾਂਤ, ਉੱਚੇ ਭਾਵ ਤੇ ਸੋਚ ਉਡਾਰੀ ਆਦਿ ਵਰਗੇ ਅੰਸ਼ ਉਸਨੂੰ ਕਾਵਿ ਕਲਾ ਵਿਚ ਨਿਪੁੰਨ ਬਣਾਉਂਦੇ



ਹਨ। ਬਰਖੁਰਦਾਰ ਵਿਚ ਤਰਤੀਬ ਪੱਧਰੀ ਤੇ ਸੰਵਾਰੀ ਹੋਈ ਹੈ ਤੇ ਬਣਤਰ ਸੰਤੁਲਤ ਹੈ।

ਨਿਸ਼ਚੇ ਹੀ ਹਾਫ਼ਿਜ਼ ਬਰਖੁਰਦਾਰ ਦਾ ਪੰਜਾਬੀ ਕਿੱਸਾ ਕਾਵਿ ਵਿਚ ਵਿਸ਼ੇਸ਼ ਸਥਾਨ ਹੈ। ਜੇ ਉਸ ਨੇ ਪੀਲੂ ਦੇ ਕਿਸੇ ਮਿਰਜ਼ੇ-ਸਾਹਿਬਾਂ ਨੂੰ ਆਧਾਰ ਬਣਾ ਕੇ ਕੁਝ ਭਾਗ ਹੂ-ਬ-ਹੂ ਨਕਲ ਕਰਕੇ ਵੀ ਪੇਸ਼ ਕੀਤੇ ਹਨ, ਤਾਂ ਵੀ ਉਸ ਦੀ ਰਚਨਾ ਵਿਚ ਉਸ ਦਾ ਆਪਣਾ ਵੱਖਰਾ ਰੰਗ ਹਰ ਥਾਂ ਕਾਇਮ ਰਹਿੰਦਾ ਹੈ।

### ਅਹਿਮਦ

ਅਮਿਹਦ ਔਰੰਗਜ਼ੇਬ ਦੇ ਰਾਜ ਸਮੇਂ ਹੋਇਆ। ਉਸ ਦੀ ਪ੍ਰਸਿੱਧੀ ਇਸ ਗੱਲ ਵਿਚ ਹੈ ਕਿ ਉਸ ਨੇ ਪਹਿਲੀ ਵਾਰ ਹੀਰ ਦਾ ਕਿੱਸਾ ਬੈਂਤਾਂ ਵਿਚ ਲਿਖਿਆ ਅਤੇ 1662 ਈ. ਵਿਚ ਸੰਪੂਰਨ ਕੀਤਾ। ਕਿਸੇ ਦੇ ਅਖੀਰ ਵਿਚ ਇਹ ਸਤਰਾਂ ਦਰਜ ਕੀਤੀਆਂ ਗਈਆਂ ਹਨ—

"ਸੰਨ ਬੀਸ ਤੇ ਚਾਰ ਔਰੰਗਸ਼ਾਹੀ ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।" ਅਹਿਮਦ ਦੇ ਕਿੱਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਏਸੇ ਕਿੱਸੇ ਨੂੰ ਆਧਾਰ ਬਣਾ ਕੇ ਪਿੱਛੋਂ ਮੁਕਬਲ ਤੇ ਵਾਰਿਸ ਨੇ ਆਪਣੇ ਕਿੱਸਿਆਂ ਦੀ ਉਸਾਰੀ ਕੀਤੀ। ਏਥੋਂ ਤੱਕ ਕਿ ਮੁਕਬਲ ਤੇ ਵਾਰਿਸ ਦੀਆਂ ਕਈ ਤੁਕਾਂ ਥੋੜੇ ਬਹੁਤ ਫਰਕ ਨਾਲ ਅਹਿਮਦ ਨਾਲ ਮਿਲਦੀਆਂ ਹਨ। ਅਹਿਮਦ ਦੀ ਬੋਲੀ ਠੇਠ ਹੈ ਤੇ ਬਿਆਨ ਵਿਚ ਸਾਦਗੀ ਹੈ। ਉਹ ਆਪਣੇ ਕਿੱਸੇ ਵਿੱਚੋਂ ਵਿਦਵਾਨ ਪ੍ਰਤੀਤ ਨਹੀਂ ਹੁੰਦਾ। ਉਸ ਦੀ ਸਾਦਗੀ ਹੀ ਉਸ ਦੀ ਵਿਸ਼ੇਸ਼ਤਾ ਹੈ।

--------

# ਗੁਰੂ ਨਾਨਕ ਕਾਲ ਦੀ ਬੀਰ ਰਸੀ ਸਾਹਿਤ

ਗੁਰੂ ਨਾਨਕ ਕਾਲ ਦੀ ਸਭ ਤੋਂ ਪ੍ਰਸਿੱਧ, ਪ੍ਰਤੀਨਿਧ ਤੇ ਸ੍ਰੇਸ਼ਟ ਬੀਰ-ਰਸੀ ਰਚਨਾ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਹੈ। ਜਿਸ ਬਾਰੇ ਗੁਰਮਤਿ ਕਾਵਿ ਧਾਰਾ ਦੇ ਭਾਗ ਵਿਚ ਵਿਚਾਰ ਕੀਤੀ ਜਾ ਚੁੱਕੀ ਹੈ। ਜਿੱਥੋਂ ਤਕ ਬੀਰ ਸਾਹਿਤ ਦੇ ਪ੍ਰਸਿੱਧ ਕਾਵਿ ਰੂਪ 'ਵਾਰ' ਦਾ ਸੰਬੰਧ ਹੈ, ਇਸ ਕਾਲ ਵਿਚ ਸਭ ਤੋਂ ਵੱਧ ਵਾਰਾਂ ਲਿਖੀਆਂ ਗਈਆਂ, ਜਿਨ੍ਹਾਂ ਵਿਚ ਅਧਿਆਤਮਕ ਤੇ ਲੌਕਿਕ ਦੋ ਪ੍ਰਕਾਰ ਦੀਆਂ ਵਾਰਾਂ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ 22 ਵਾਰਾਂ, ਭਾਈ ਗੁਰਦਾਸ ਦੀਆਂ 39 ਤੇ ਭਾਈ ਗੁਰਦਾਸ ਦੂਜੇ ਦੀਆਂ ਦੋ ਵਾਰਾਂ ਦਾ ਜ਼ਿਕਰ ਅਸੀਂ ਪਿੱਛੋਂ ਕਰ ਚੁੱਕੇ ਹਾਂ। ਇਸ ਕਾਲ ਦੇ ਸਾਹਿਤ ਵਿਚ ਯੋਧਿਆਂ ਦੀਆਂ ਦੋ ਪ੍ਰਕਾਰ ਦੀਆਂ ਵਾਰਾਂ ਦੇ ਨਮੂਨੇ ਮਿਲਦੇ ਹਨ। ਇਕ ਤਾਂ ਵੱਖ-ਵੱਖ ਕਬੀਲਿਆਂ ਦੇ ਆਗੂਆਂ ਜਾਂ ਰਾਤਾਂ ਵਿਚਕਾਰ ਹੁੰਦੀਆਂ ਲੜਾਈਆਂ ਦੇ ਹਾਲ ਅਤੇ ਦੂਜਾ ਸਿੱਖਾਂ ਤੇ ਸ਼ਾਹੀ ਫ਼ੌਜਾਂ ਦੇ ਟਾਕਰਿਆਂ ਨਾਲ ਸੰਬੰਧਤ ਵਾਰਾਂ ਹਨ, ਜਿਹੜੀਆਂ ਢਾਡੀ ਤੇ ਮਰਾਸੀ ਗਾਉਂਦੇ ਫਿਰਦੇ ਹਨ। ਰਾਜਸੀ ਗੜਬੜ ਕਰਕੇ ਇਹ ਵਾਰਾਂ ਲਿਖਤੀ ਰੂਪ ਵਿਚ ਸੰਭਾਲੀਆਂ ਨਹੀਂ ਜਾ ਸਕੀਆਂ। ਉਹਨਾਂ ਵਿੱਚੋਂ ਤਿੰਨ ਵਾਰਾਂ ਇਸ ਕਾਲ ਦੀਆਂ ਹਨ—

1. ਮਲਕ ਮੁਰੀਦ ਤਥਾ ਚੰਦਰਹੜਾ ਸੋਹੀਆਂ ਦੀ ਵਾਰ।
2. ਜੋਧੇ ਪੀਰ ਪੁਰਬਾਣੀ ਕੀ ਵਾਰ ਅਤੇ
3. ਰਾਣਾ ਕੈਲਾਸ਼ ਤਥਾ ਮਾਲਦੇਵ ਦੀ ਵਾਰ

1. ਮਲਕ ਮੁਰੀਦ ਤਥਾ ਚੰਦਰਹੜਾ ਸੋਹੀਆਂ ਦੀ ਵਾਰ ਵਿਚ ਅਕਬਰ ਬਾਦਸ਼ਾਹ ਦੇ ਦੋ ਰਾਜਪੂਤ ਸਰਦਾਰ ਮਲਕ ਮੁਰੀਦ ਤੇ ਚੰਦਰਹੜਾ ਇਕ ਦੂਜੇ ਨਾਲ ਲੜਦੇ ਹੋਏ ਵਿਖਾਏ ਗਏ ਹਨ। ਦੋਹਾਂ ਦੀ ਆਪੋ ਵਿਚ ਲਗਦੀ ਸੀ, ਪਰ ਉਪਰੋਂ-ਉਪਰੋਂ ਦੋਸਤੀ ਜਾਹਰ ਕਰਦੇ ਹਨ। ਅਕਬਰ ਨੇ ਜਦੋਂ ਮੁਰੀਦ ਨੂੰ ਸਰਹੱਦੀ ਇਲਾਕੇ ਦੀ ਸੋਧ ਲਈ ਭੇਜਿਆ, ਪਿੱਛੋਂ ਚੰਦਰਹੜੇ ਨੇ ਉਸ ਵਿਰੁਧ ਬਗਾਵਤ ਦਾ ਇਲਜ਼ਾਮ ਲਾ ਦਿੱਤਾ। ਅਕਬਰ ਵਲੋਂ ਮੁਰੀਦ ਨੂੰ ਸੋਧਣ ਲਈ ਚੰਦਰਹੜੇ ਨੂੰ ਭੇਜਿਆ ਗਿਆ। ਲੜਾਈ ਵਿਚ ਦੋਹਾਂ ਫੌਜਾਂ ਵਿਚ ਕੋਈ ਵੀ ਨਹੀਂ ਹਾਰੀ। ਆਖਿਰ ਦੋਵੇਂ ਸਰਦਾਰ ਫੌਜਾਂ ਨੂੰ ਪਿੱਛੇ ਹਟਾ ਕੇ ਆਪ ਹੱਥੋਂ ਹੱਥੀ ਲੜਨ ਲਗੇ ਤੇ ਬਿਨਾਂ ਜਿੱਤ ਹਾਰ ਦੇ ਨਿਰਣੇ ਤੋਂ ਲੜਦੇ ਲੜਦੇ ਘਾਇਲ ਹੋ ਗਏ। ਦੋਵਾਂ ਦੀ ਲੜਾਈ ਦਾ ਕਾਰਣ ਈਰਖਾ ਤੇ ਵੈਰ ਸੀ। ਮਾਝ ਦੀ ਵਾਰ ਨੂੰ ਇਸ ਵਾਰ ਦੀ ਧੁਨੀ ਤੇ ਗਾਉਣ ਦਾ ਹੁਕਮ ਹੈ—



"ਕਾਬਲ ਵਿਚ ਮੁਰੀਦ ਖਾਂ, ਫੜਿਆ ਬਡ ਜ਼ੋਰ।
ਚੰਦ੍ਰਹੜਾ ਲੈ ਫੌਜ ਕੋ, ਚੜਿਆ ਬਡ ਤੌਰ।
ਦੂਹਾਂ ਕੰਧਾਰਾਂ ਮੂੰਹ ਜੁੜੇ, ਦੋਮਾਮੇ-ਦੌਰ।
ਮਸ਼ਤਰ ਪੁੰਜ ਕੇ ਸੂਰਿਆ, ਸਿਰ ਬੰਧੇ ਟੋਰ।
ਹੋਲੀ ਖੇਲੇ ਚੰਦਰਹੜਾ, ਰੰਗ ਲਗੇ ਸੋਰ।
ਦੋਵੇਂ ਤਰਫਾਂ ਜੁੱਟੀਆਂ ਸਗ ਵਗਨ ਕੌਰ।
ਮੈਂ ਵੀ ਰਾਇ ਸਦਾਇਸਮਾਂ, ਵੜ੍ਹਿਆ ਲਾਹੌਰ।
ਦੋਨੋਂ ਸੂਰੇ ਸਾਹਮਣੇ, ਜੂਝੇ ਵਿਚ ਠੌਰ।

2. **ਜੋਧੇ ਵੀਰੇ ਪੂਰਬਾਣੀ ਦੀ ਵਾਰ**— ਇਸ ਵਾਰ ਵਿਚ ਜੋਧਾ ਤੇ ਵੀਰਾਂ ਦੋ ਭਰ੍ਹਾ ਸਨ। ਦੋਵੇਂ ਹੀ ਧਾੜ੍ਹਵੀ ਅਤੇ ਦਲੇਰ ਸਨ। ਦੁਖੀਆਂ ਤੇ ਅਨਾਥਾਂ ਦੀ ਮਦਦ ਕਰਨਾ ਆਪਣਾ ਫਰਜ਼ ਸਮਝਦੇ ਸਨ। ਇਹ ਲੱਖੀ ਜੰਗਲ ਵਿਚ ਰਹਿੰਦੇ ਅਤੇ ਸ਼ਾਹੀ ਖਜਾਨਿਆਂ ਦੀ ਲੁਟ ਮਾਰ ਕਰਦੇ ਸਨ। ਇਕ ਵਾਰ ਅਕਬਰ ਨੇ ਇਨ੍ਹਾਂ ਨੂੰ ਲਿਖ ਭੇਜਿਆ ਕਿ ਉਹ ਜੰਗਲ ਦੇਸ਼ ਦੇ ਹਾਕਮ ਥਾਪ ਦਿੱਤੇ ਜਾਣਗੇ ਜੇ ਉਹ ਧਾੜੇ ਮਾਰਨੇ ਬੰਦ ਕਰ ਦੇਣ ਪਰ ਇਹਨਾਂ ਦੋਵਾਂ ਭਰਾਵਾਂ ਨੇ ਅਕਬਰ ਬਾਦਸ਼ਾਹ ਦੀ ਕੋਈ ਪਰਵਾਹ ਨਾ ਕੀਤੀ ਅਤੇ ਨਾ ਹੀ ਉਸ ਦੀ ਈਨ ਮੰਨੀ। ਢਾਡੀਆਂ ਨੇ ਇਹਨਾਂ ਭਰਾਵਾਂ ਦੀ ਦਲੇਰੀ ਤੇ ਸੂਰਮਗਤੀ ਤੇ ਵਾਰ ਰਚੀ। ਰਾਮਕਲੀ ਦੀ ਵਾਰ ਨੂੰ ਇਸ ਦੀ ਧਾਰਨਾ ਤੇ ਗਾਉਣ ਦਾ ਹੁਕਮ ਕੀਤਾ ਗਿਆ ਹੈ—

ਜੋਧੇ ਵੀਰੇ ਦੋਹੇਂ ਸਾਮ੍ਹਣੇ ਬਾਤਾਂ ਕਰੈਂ ਕਰਾਰੀਆਂ
ਬਸੰਤ੍ ਧੋਵੋਂ ਕਪੜੇ, ਰਾਜਾਂ ਪਰਨ ਦੇਹਿ ਬਮਾਰੀਆਂ।
ਚੜ੍ਹਿਆ ਰਾਣਾ ਜੋਧ ਬੀਰ, ਹਾਥੀ ਸੋਹਨ ਹਬਾਰੀਆਂ।
ਧੂਹ ਮਿਆਣੋਂ ਕੱਢੀਆਂ, ਬਿਜਲੀ ਜਿਉਂ ਚਮਕਾਰੀਆਂ।
ਕੇਹੀ ਕੀਤੀ ਜੋਧੇ ਬੀਰ, ਪੂਰਬਾਣੀ ਗੱਲਾਂ ਭਾਰੀਆ।
ਜੋਧਬੀਰ ਪੁਰਬਾਣੀਏਂ ਦੋਹੇਂ ਗਲਾਂ ਕਰਨ ਕਰਾਰੀਆਂ।
ਫੌਜਾਂ ਚਾੜ੍ਹੀਆਂ ਬਾਦਸ਼ਾਹੀ, ਅਕਬਰ ਨੇ ਭਾਰੀਆਂ।
ਸਨਮੁੱਖ ਹੋਏ ਰਾਜਪੂਤ, ਸੂਤਰੀ ਰਣ ਕਾਰੀਆਂ।
ਇੰਦਰ ਮਣੇ ਉਪੱਛਰਾਂ, ਦੋਹਾਂ ਨੂੰ ਕਰਨ ਜੁਹਾਰੀਆਂ।
ਏਹੀ ਕੀਤੀ ਜੋਧਵੀਰ, ਪਾਤਸ਼ਾਹੀ ਗੱਲਾਂ ਸਾਰੀਆਂ।

3. **ਰਾਣੇ ਕੈਲਾਸ਼ ਤਥਾ ਮਾਲਦੇਵ ਦੀ ਵਾਰ**— ਰਾਣਾ ਕੈਲਾਸ਼ ਤੇ ਰਾਣਾ ਮਾਲਦੇਵ ਰਾਜਪੂਤ ਦੋ ਭਰਾ ਜਹਾਂਗੀਰ ਦੇ ਸਮੇਂ ਜੰਮੂ ਕਸ਼ਮੀਰ ਉਤੇ ਰਾਜ ਕਰਦੇ ਅਤੇ ਸ਼ਾਹੀ ਕਰ ਭਰਦੇ ਸਨ। ਦੋਵੇਂ ਬਹੁਤ ਹੀ ਸੂਰਬੀਰ ਸਨ। ਜਹਾਂਗੀਰ ਨੇ ਇਹਨਾਂ ਦੀ ਬਗਾਵਤ ਦੇ ਡਰ ਤੋਂ ਨੀਤੀ ਵਰਤ ਕੇ ਦੋਹਾਂ ਨੂੰ ਇਕ ਦੂਜੇ ਦਾ ਵੈਰੀ ਬਣਾ ਦਿੱਤਾ। ਦੋਵੇਂ ਹੀ ਰਣਭੂਮੀ ਵਿਚ ਡੱਟ ਕੇ ਇਕ ਦੂਜੇ ਦੇ ਆਹੂ ਲਾਹੁਣ ਲਗ ਪਏ। ਪਰ ਇਕ ਸਿਆਣੇ ਸੰਬੰਧੀ ਨੇ ਜਹਾਂਗੀਰ ਦੀ ਨੀਤੀ ਨੂੰ ਤਾੜ ਕੇ ਦੋਹਾਂ ਦਾ ਮੇਲ ਕਰਾ ਦਿੱਤਾ—

"ਧਰਤ ਘੋੜਾ, ਪਰਬਤ ਪਲਾਨ ਸਿਰ ਟੱਟਰ ਅੰਬਰ।

ਨਉਂ ਸੈ ਸਦੀ ਨੜ੍ਹਿਨਵੇਂ, ਰਾਣਾ ਜਲ ਕੰਬਰ।
ਢੁਕਾ ਗਏ ਅਮੀਰ ਦੇਵ, ਕਰ ਮੇਂਘ ਅੰਡਬਰ।
ਅਨਤ ਖੰਡਾ ਰਾਣਿਆ ਕੈਲਾਸ਼ੇ ਅੰਦਰ।
ਬਿਜਲੀ ਜਿਉਂ ਚਮਕਾਣੀਆਂ ਤੇਗਾਂ ਵਿਚ ਅੰਬਰ।
ਮਾਲਦੇਵ ਕੈਲਾਸ਼ ਨੂੰ, ਬੰਨਿਆਂ ਕਰ ਸੰਬਰ।
ਫਿਰ ਅੱਧਾ ਧੰਨ ਮਾਲ ਕੇ ਛਡਿਆ ਗੜ੍ਹ ਅੰਦਰ।
ਮਾਲ ਦਿਓ ਜੱਸ ਖਟਿਆ ਵਾਂਗ ਸ਼ਾਹ ਸਿਕੰਦਰ।"

ਗੁਰੂ ਹਰਗੋਬਿੰਦ ਦੇ ਦਰਬਾਰ ਵਿਚ ਹਰ ਰੋਜ਼ ਸ਼ਾਮ ਦੇ ਦੀਵਾਨ ਵਿਚ ਢਾਡੀ ਜੋਧਿਆਂ ਦੀਆਂ ਵਾਰਾਂ ਗਾਇਆ ਕਰਦੇ ਸਨ। ਇਨ੍ਹਾਂ ਢਾਡੀਆਂ ਵਿਚ ਅਬਦੁੱਲਾ ਤੇ ਨੱਥੂ ਮਲ ਦਾ ਜ਼ਿਕਰ ਸਿੱਖ ਇਤਿਹਾਸ ਵਿਚ ਵਿਸ਼ੇਸ਼ ਤੌਰ ਤੇ ਆਉਂਦਾ ਹੈ...... "ਨੱਥੂ ਢੱਡ ਵਜਾਏ, ਅਬੱਦੁਲ ਹੱਥ ਰਬਾਬ ਲੈ।" ਇਨ੍ਹਾਂ ਨੇ ਗੁਰੂ ਹਰ ਗੋਬਿੰਦ ਬਾਰੇ ਵੀ ਇਕ ਵਾਰ ਆਖੀ ਜੋ ਇਕ ਪ੍ਰਕਾਰ ਹੈ—

ਦੋ ਤਲਵਾਰੀ ਬੱਧੀਆਂ ਇਕ ਮੀਰੀ ਦੀ ਤੇ ਇਕ ਪੀਰੀ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜ਼ਾ ਬਲਖ ਬਖੀਰ ਦੀ।
ਕੱਟਕ ਸਿਪਾਹੀ ਨੀਲ ਨਰ, ਮਾਰ ਦੁਸ਼ਟਾਂ ਕਰੇ ਤਗੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਗੁਰੂ ਗੋਬਿੰਦ ਸਿੰਘ ਜੀ ਦੇ ਦੋ ਦਰਬਾਰੀ ਕਵੀ ਮੀਰ ਛਬੀਲਾ ਤੇ ਮੀਰ ਮੁਸ਼ਕੀ ਸਨ। ਉਹਨਾਂ ਨੇ ਭੰਗਾਣੀ ਦੇ ਜੁੱਧ ਦੀ ਵਾਰ ਲਿਖੀ, ਜਿਸ ਦੀਆਂ ਕੁਝ ਤੁਕਾਂ ਇਸ ਪ੍ਰਕਾਰ ਹਨ—

"ਤੂੰ ਸਾਂਢ ਤਿੱਹਥੀ ਮੇਦਨੀ, ਸਭੇ ਧੰਧੇ ਲਾਈ।
ਤੂੰ ਵੱਡਾ ਪੁਰਖ ਮਹਾਂਬਲੀ, ਧੁਰ ਅਜਮਤ ਪਾਈ।
ਤੂੰ ਜੱਗ ਆਇਓ ਬਲਰਾਜ ਹੋਇ, ਤੂੰ ਵੇਲ ਵਧਾਈ।
ਤੂੰ ਜਨਕ ਧਰੇ ਸਿਰ ਸਿਹਰੇ, ਸੀਤਾ ਪਰਨਾਈ।
ਤੂੰ ਨਾਮੇ ਉੱਤੇ ਬਹੁੜਿਉਂ ਮੋਈ ਗਊ ਜਿਵਾਈ।
ਤੂੰ ਦਰੋਪਤੀ ਦੀ ਪੈਜ਼ ਰਾਖੀਆਂ ਕਾਇਮ ਕਜਵਾਈ।
ਤੂੰ ਮੱਛ ਅਕਾਸ਼ੋਂ ਲਾਹਿਆ, ਪਰ ਧਨਖ ਚਲਾਈ।
ਨਾਨਕ, ਅੰਗਦ, ਅਮਰਦਾਸ, ਰਲਿ ਭਗਤ ਕਮਾਈ।
ਤੂੰ ਚਹੁੰ ਜੁਗਾਂ ਵਿਚ ਪੜ੍ਹਦਾ ਚਾਰ ਵੇਦ ਉਗਾਹੀ।
ਤੇਗ ਬੱਧੀ ਗੁਰੂ ਗੋਬਿੰਦ ਸਿੰਘ, ਦਸਵੀਂ ਪਾਤਸ਼ਾਹੀ।"

ਇਸੇ ਕਾਲ ਦੀ ਇਕ ਹੋਰ ਵਾਰ ਮਿਲਦੀ ਹੈ, ਜਿਹੜੀ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹੈ। ਇਸ ਦਾ ਨਾਂ "ਭੇੜੇ ਕੀ ਵਾਰ ਪਾਤਸ਼ਾਹੀ 10" ਹੈ। ਇਸ ਵਿਚ ਆਨੰਦਪੁਰ ਛੱਡਣ ਦਾ ਹਾਲ ਹੈ। ਵਾਰ ਦੀ ਬੋਲੀ ਠੇਠ



ਪੰਜਾਬੀ ਹੈ, ਪਰ ਗਾਉਣ ਦੀ ਧਾਰਨਾ ਨੂੰ ਕਾਇਮ ਰੱਖਣ ਲਈ ਛੰਦਾਂ ਵਿਚ ਖੁਲ ਲਈ ਗਈ ਹੈ। ਉਦਾਹਰਣ ਦੇਖੋ।

"ਅਨੰਦ ਗੜ੍ਹੇ ਨੂੰ ਰਾਜਿਆਂ, ਮਿਲਿ ਹਾਥੀ ਢੋਇਆ।
ਕੁੰਡੇ ਮਾਰੇ ਮੁਹਾਵਤਾਂ ਭੀਰਾਵਲ ਹੋਇਆ।
ਬਰਛਾ ਸਿੰਘ ਬਚਿੱਤਰ ਦਾ, ਮੁਲ ਮਹਿੰਗੇ ਹੋਇਆ।
ਲਾਇ ਸੁ ਤਣ ਰਾਜ ਹਸਤਿ ਦੇ, ਮੀਨ ਸੀਖ ਪਰੋਇਆ।
ਸੈ ਰਾਜਪੂਤਾਂ ਮਾਰ ਕੇ, ਜਮ ਹਾਥੀ ਹੋਇਆ।"

**ਚੰਡੀ ਦੀ ਵਾਰ—** ਇਸ ਕਾਲ ਵਿਚ ਰਚੀ ਗਈ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਸਮੁੱਚੇ ਪੰਜਾਬੀ ਵਾਰ ਸਾਹਿਤ ਦੀ ਸਭ ਤੋਂ ਉਤਮ ਵਾਰ ਹੈ। ਇਸ ਦੀ ਕਹਾਣੀ ਮਾਰਕਡੇ ਪੁਰਾਣ ਵਿਚੋਂ ਲਈ ਗਈ ਹੈ। ਇਹ ਬੀਰ ਰਸ ਨਾਲ ਭਰਪੂਰ ਹੈ। ਤਸਬੀਹਾਂ ਬਹੁਤ ਹੀ ਢੁੱਕਵੀਆਂ ਹਨ। ਵਾਤਾਵਰਣ ਚਿਤਰਨ ਬੜਾ ਸੰਜੀਵ ਹੈ। ਜੰਗੀ ਨਾਦ ਵਜ ਰਹੇ ਹਨ, ਨਘਾਰੇ ਘੁਰ ਰਹੇ ਹਨ ਤੇ ਜੋਧੇ ਬੜ੍ਹੇ ਕ੍ਰੋਧਵਾਨ ਹੋ ਕੇ ਇਕ ਦੂਜੇ ਉੱਤੇ ਵਾਰ ਕਰ ਰਹੇ ਹਨ। ਬੇਅੰਤ ਸੂਰਮੇ ਮਰ ਰਹੇ ਹਨ। ਇਸ ਵਿਚ ਨਿਸ਼ਾਨੀ ਤੇ ਸਿਰਖੰਡੀ ਛੰਦ ਦੀ ਵਰਤੋਂ ਹੈ—

"ਜੰਗ ਮੁਸਾਫ਼ਾਂ ਬਜਿਆ ਰਣਘੁਰੇ ਨਗਾਰੇ ਚਾਵਲੇ।
ਝੁਲਣ ਨੇਜ਼ੇ ਬੈਰਕਾਂ ਨੀਸਾਣ ਲਸਣਿ ਲਸਾਵਲੇ।
ਢੋਲ ਨਗਾਰੇ ਪਾਉਣ ਦੇ ਉੱਘਣ ਜਾਣ ਜੱਟਾਵਲੇ।
ਦੁਰਗਾ ਦਾਨੋ ਡਹੇ ਰਣ ਨਾਦ ਵੱਜਣ ਖੇਤ ਭੀਹਾਵਲੇ।
ਬੀਰ ਪਰੋਤੇ ਬਰਛੀਏ ਜਣ ਡਾਲ ਚਮੁਟੇ ਆਵਲੇ।
ਇਕ ਵੱਢੇ ਤੇਗੀ ਤੜਫੀਅਨ ਮਦ ਪੀਤੇ ਲੋਟਨ ਬਾਵਲੇ।"

ਸਮੁੱਚੇ ਤੌਰ ਤੇ ਇਸ ਕਾਲ ਵਿਚ 'ਚੰਡੀ ਦੀ ਵਾਰ' ਦੀ ਰਚਨਾ ਨਾਲ ਪੰਜਾਬੀ ਵਾਰ ਸਾਹਿਤ ਆਪਣੇ ਸਿਖਰ ਤੇ ਪੁੱਜਾ ਹੈ।

ਇਨ੍ਹਾਂ ਵਾਰਾਂ ਤੋਂ ਬਿਨਾਂ ਹੋਰ ਵੀ ਵਾਰ ਲਿਖੇ ਜਾਣ ਦੀ ਸੰਭਾਵਨਾ ਹੈ, ਪਰ ਉਹ ਸਾਡੇ ਤੱਕ ਨਹੀਂ ਪੁੱਜ ਸਕੀਆਂ ਹਨ। ਪਰ ਮੁਹੰਮਦ ਕਾਸਬੀ ਦੁਆਰਾ ਲਿਖਿਆ 'ਜੰਗਨਾਮਾ ਇਮਾਮ ਹੁਸੈਨ" ਬਰਖੁਰਦਾਰ ਦਾ ਵੀ ਏਸੇ ਨਾਂ ਹੇਠ ਲਿਖਿਆ ਜੰਗਨਾਮਾ ਅਤੇ ਮਿਹਰਵਾਨ ਦੁਆਰਾ ਰਚੀ ਗਈ 'ਪੀਰਾਂ ਦੀ ਵਾਰ' ਦੇ ਹਵਾਲੇ ਮਿਲਦੇ ਹਨ। ਮੌਲਾ ਬਖ਼ਸ਼ ਕੁਸਤਾ ਨੇ ਦੀਵਾਨ ਨਿਆਮਤ ਖ਼ਾਨ ਜਾਨ ਦੁਆਰਾ ਲਿਖੀ ਇਕ ਹੋਰ ਵਾਰ ਦਾ ਵੀ ਜਿਕਰ ਕੀਤਾ ਹੈ ਜਿਸ ਦਾ ਨਾਂ 'ਦੀਵਾਨ ਅਲਿਫ਼ ਖ਼ਾਨ ਦੀ 'ਵਾਰ' ਹੈ। ਇਸ ਵਾਰ ਵਿੱਚੋਂ ਇਕ ਉਦਾਹਰਣ ਇਸ ਪ੍ਰਕਾਰ ਹੈ।

ਪਹਿਲੇ ਅੱਲਾ ਸਿਮਰੀਏ, ਜਿਨ ਸਭ ਉਪਾਇਆ।
ਖੇਲ ਜਲਾਵਣ ਕਾਰਨੇ ਰੱਖੇ ਨਹੀਂ ਕਾਇਆ।
ਨਾਮ ਮੁਹੰਮਦ ਲੀਜੀਏ, ਸਭਨਾਂ ਸਰਦਾਰ।
ਪੰਧ ਵਿਖਾਲਿਆ ਦੀਨ ਦਾ ਸਗਲੇ ਸੰਸਾਰ।
ਜਿਨ੍ਹਾਂ ਕਲਮਾ ਆਖਿਆ, ਸੇ ਲਗੇ ਪਾਰ।
ਦਿਲ ਵਿਚ ਰੱਖੀ ਜਿਨ ਦਗ਼ਾ, ਤੇ ਸੁੱਟੀ ਮਾਰ।

**ਸੰਖੇਪ ਜਵਾਬ ਵਾਲੇ ਪ੍ਰਸ਼ਨ ਉੱਤਰ**

**ਪ੍ਰਸ਼ਨ 1. ਕੁਝ ਕਿਹਾ ਕਵਿਤਾ ਦਾ ਕੇਂਦਰੀ ਭਾਵ ਦੋ ਚਾਰ ਸਤਰਾਂ ਵਿੱਚ ਪੇਸ਼ ਕਰੋ ?**

ਉੱਤਰ—ਸੁਰਜੀਤ ਪਾਤਰ ਦੀ ਇਹ ਗ਼ਜ਼ਲ "ਕੁਝ ਕਿਹਾ ਤਾਂ" ਪ੍ਰਗਟਾਵੇਂ ਤੇ ਖਾਮੋਸ਼ੀ ਦੇ ਦਵੰਦ ਤੋਂ ਸ਼ੁਰੂ ਹੋ ਕੇ ਜੁਹਾਗਰਦੀ ਦੀ ਆਸਾ ਤਕ ਪਹੁੰਚਦੀ ਹੈ ਅਤੇ ਸਮੇਂ ਦੀ ਉਸ "ਹਵਾ" ਨੂੰ ਚਰਚਿਤ ਕਰਦੀ ਹੈ, ਜੋ ਮਨੁੱਖ ਦੀਆਂ ਸਭ ਅਸਾਵਾਂ ਨੂੰ ਮੇਟ ਰਹੀ ਹੈ।

**ਪ੍ਰਸ਼ਨ 2. ਗ਼ਜ਼ਲ ਬਾਰੇ ਪਰਿਭਾਸ਼ਾ ਦੋ ?**

ਉੱਤਰ—ਅਰਬੀ ਭਾਸ਼ਾ ਵਿਚ ਗ਼ਜ਼ਲ ਦਾ ਅਰਥ ਹੈ, ਇਸਤਰੀਆਂ ਨਾਲ ਵਾਰਤਾਲਾਪ, ਭਾਵ ਪ੍ਰੇਮ ਪੂਰਿਤ ਕਾਵਿ। ਗ਼ਜ਼ਲ ਪ੍ਰੇਮਿਕਾ ਨਾਲ ਕੀਤੀ ਹੋਈ ਗਲਬਾਤ ਨੂੰ ਕਹਿੰਦੇ ਹਨ। ਉਰਦੂ ਵਿਚ ਗ਼ਜ਼ਲ ਦੇ ਜੋ ਸਰਬ-ਪ੍ਰਮਾਣਿਤ ਅਰਥ ਲਏ ਜਾਂਦੇ ਹਨ। ਉਹਨਾਂ ਅਨੁਸਾਰ ਗ਼ਜ਼ਲ ਸੇਅਰ ਰਚਨਾ ਦੀ ਉਸ ਕਲਾ ਨੂੰ ਕਹਿੰਦੇ ਹਨ, ਜਿਸ ਦਾ ਵਿਸ਼ਾ ਹੁਸਨ ਤੇ ਇਸ਼ਕ ਹੁੰਦਾ ਹੈ।

**ਪ੍ਰਸ਼ਨ 3. ਕਿਸ ਸਾਹਿਤਕਾਰ ਦੀ ਕਾਲ ਵੰਡ ਮੰਨਣਯੋਗ ਹੈ ?**

ਉੱਤਰ—ਡਾ. ਸੀਤਲ ਸਿੰਘ ਦੁਆਰਾ ਦਿੱਤੀ ਹੋਈ ਕਾਲਵੰਡ ਵਧੇਰੇ ਵਜਨਦਾਰ ਹੈ। ਉਹਨਾਂ ਕਾਲ ਵੰਡ ਦਾ ਆਧਾਰ ਪੂਰਵ ਨਾਨਕ ਕਾਲ, ਨਾਨਕ ਕਾਲ, 18ਵੀਂ ਸਦੀ ਦਾ ਸਾਹਿਤ ਅਤੇ 19 ਵੀ ਸਦੀ ਦਾ ਸਾਹਿਤ ਆਦਿ ਆਧਾਰ ਬਣਾ ਕੇ ਕਾਲ ਵੰਡ ਕੀਤੀ ਹੋਈ ਹੈ। ਇਸ ਲਈ ਡਾ. ਸੀਤਲ ਸਿੰਘ ਦੀ ਕਾਲ ਵੰਡ ਵਧੇਰੇ ਪ੍ਰਵਾਨ ਕਰਨ ਯੋਗ ਹੈ।

**ਪ੍ਰਸ਼ਨ 4. ਕਵਿਤਾ ਕੀ ਹੈ ਅਤੇ ਇਸ ਦੀਆਂ ਪਰਿਭਾਸ਼ਾਵਾਂ ਦੋ ?**

ਉੱਤਰ—ਕਵਿਤਾ ਸਾਹਿਤ ਦਾ ਉਹ ਪ੍ਰਮੁੱਖ ਰੂਪ ਹੈ। ਜਿਸਦੇ ਮਾਧਿਅਮ ਰਾਹੀਂ ਮਨੁੱਖ ਆਪਣੀ ਭਾਵਨਾ, ਕਲਪਨਾ ਤੇ ਬੁਧੀ ਦੀ ਅਭਿਵਿਅਕਤੀ ਕਰਦਾ ਹੈ। ਯੂਨਾਨੀ ਵਿਦਵਾਨ ਅਰਸਤੂ ਦਾ ਕਥਨ ਹੈ ਕਿ ਕਵਿਤਾ ਭਾਵਾਤਮਕ ਤੇ ਲੈਅ ਭਰਪੂਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਕਿਰਤੀ ਦੀ ਨਕਲ ਹੈ।

* ਸ਼ੈਲੇ ਕਹਿੰਦਾ ਹੈ ਕਿ "ਇਹ ਕਲਪਨਾ ਦਾ ਪ੍ਰਗਟਾਅ ਹੈ।"
* ਹਡਸਨ ਅਨੁਸਾਰ "ਕਵਿਤਾ ਕਲਪਨਾਂ ਅਤੇ ਮਨੋਵੇਗਾਂ ਦੁਆਰਾ ਜੀਵਨ ਦੀ ਵਿਆਖਿਆ ਹੈ।"
* ਵਿਸਵਨਾਥ ਅਨੁਸਾਰ "ਰਸਾਤਮਕ ਵਾਕ ਹੀ ਕਾਵਿ ਹੈ।"



**ਪ੍ਰਸ਼ਨ 5. ਸਾਹਿਤ ਦੀ ਪਰਿਭਾਸ਼ਾ ਲਿਖੋ ?**

ਉੱਤਰ—ਹਡਸਨ ਅਨੁਸਾਰ "ਸਾਹਿਤ ਉਹਨਾਂ ਬਹੁਤ ਸਾਰੇ ਮਾਰਗਾ ਵਿੱਚੋ ਇਕ ਹੈ, ਜਿਹਨਾਂ ਅੰਦਰ ਯੁਗ ਦੀ ਸ਼ਕਤੀ ਆਪਣੇ ਆਪ ਨੂੰ ਕਿਸੇ ਰਾਜਨੀਤਿਕ ਅੰਦੋਲਨ, ਕਿਸੇ ਧਾਰਮਿਕ ਵਿਚਾਰਧਾਰਾ ਅਤੇ ਕਿਸੇ ਦਾਰਸ਼ਨਿਕ ਵਿਚਾਰਧਾਰਾ ਅਤੇ ਕਲਾ ਰਾਹੀਂ ਪ੍ਰਗਟਾਉਂਦੀ ਹੈ।"

**ਪ੍ਰਸ਼ਨ 6. ਕਿੱਸਾ ਕੀ ਹੈ ?**

ਉੱਤਰ—ਕਿੱਸਾ ਅਰਬੀ ਫਾਰੀ ਦਾ ਸ਼ਬਦ ਹੈ। ਜਿਸਦਾ ਅਰਥ ਹੈ ਕਹਾਣੀ ਕਥਾ ਜਾਂ ਗਾਥਾ ਆਦਿ। ਕਿੱਸਾ ਉਹ ਹੈ ਜਿਸ ਵਿਚ ਕਿਸੇ ਕਹਾਣੀ ਜਾ ਪ੍ਰੇਮ ਪ੍ਰਸੰਗ ਦਾ ਵਰਨਣ ਹੁੰਦਾ ਹੈ। ਇਹ ਫਾਰਸੀ ਦੇ ਮਸ਼ਨਵੀ ਕਾਵਿ ਰੂਪ ਅਤੇ ਸੰਸਕ੍ਰਿਤ ਦੇ ਮਹਾਂਕਾਵਿ ਤੋਂ ਪ੍ਰਭਾਵਿਤ ਹੋਇਆ ਹੈ।

**ਪ੍ਰਸ਼ਨ 7. ਕੋਈ ਚਾਰ ਨਾਥ ਯੋਗੀਆਂ ਦੇ ਨਾਂ ਦਸੋ ?**

ਉੱਤਰ—ਗੋਰਖਨਾਥ, ਚਰਪਟ ਨਾਥ, ਚੌਰੰਗੀ ਨਾਥ ਅਤੇ ਰਤਨ ਨਾਥ, ਗੋਪੀ ਨਾਥ, ਮੰਛਦਰ ਨਾਥ ਅਤੇ ਜਲੰਧਰ ਨਾਥ।

**ਪ੍ਰਸ਼ਨ 8. ਕੋਈ ਚਾਰ ਸੂਫੀ ਕਵੀਆਂ ਦੇ ਨਾਂ ਦਸੋ ?**

ਉੱਤਰ—ਬਾਬਾ ਫਰੀਦ ਜੀ, ਵਜੀਦ, ਸ਼ਾਹ ਹੁਸੈਨ ਅਤੇ ਸੁਲਤਾਨ ਬਾਹੂ

**ਪ੍ਰਸ਼ਨ 9. ਰੋਜ਼ਾ ਕਿਹਨੂੰ ਕਹਿੰਦੇ ਹਨ ?**

ਉੱਤਰ—ਹਿੰਦੂਆ ਵਾਂਗ ਮੁਸਲਮਾਨਾਂ ਵਿਚ ਵੀ ਧਾਰਮਿਕ ਵਰਤ ਰੱਖਣ ਦੀ ਪ੍ਰਥਾ ਹੈ।

**ਪ੍ਰਸ਼ਨ 10. ਜ਼ਕਾਤ ਕੀ ਹੈ ?**

ਉੱਤਰ—ਖਾਂਦੇ ਪੀਂਦੇ ਜਾਂ ਅਮੀਰ ਮੁਸਲਮਾਨਾਂ ਨੂੰ ਆਪਣੀ ਕਮਾਈ ਜਾਂ ਪੂੰਜੀ ਵਿੱਚੋਂ ਗਰੀਬ ਮੁਸਲਮਾਨ ਨੂੰ ਕੁਝ ਨੀਯਤ ਦਾਨ ਦੇਣ ਦਾ ਹੁਕਮ ਹੈ। ਇਸ ਦਾਨ ਦੀ ਰਾਸ਼ੀਂ ਨੂੰ ਜ਼ਕਾਤ ਕਹਿੰਦੇ ਹਨ।

**ਪ੍ਰਸ਼ਨ 11. ਸਰੀਅਤ ਕੀ ਹੈ ?**

ਉੱਤਰ—ਸਰੀਅਤ ਉਹ ਵਿਦਿਆ ਹੈ, ਜਿਸ ਦੀ ਸਹਾਇਤਾ ਨਾਲ ਰੱਬ ਤੱਕ ਪੁੱਜਣ ਲਈ ਉਲਝਣਾਂ ਖੁੱਲਦੀਆਂ ਹਨ ਜਾਂ ਰਬ ਤਕ ਪੁਜੱਣ ਦਾ ਰਾਹ ਸਾਫ਼ ਹੁੰਦਾ ਹੈ।

**ਪ੍ਰਸ਼ਨ 12. ਤਰੀਕਤ ਕੀ ਹੈ ?**

ਉੱਤਰ—ਇਹ ਰੱਬ ਨੂੰ ਪਾਉਣ ਦੀ ਦੂਜੀ ਪਾਉੜੀ ਅਥਵਾਂ ਮੰਜਿਲ ਹੈ। ਇਸ ਪਾਉੜੀ ਤੇ ਅਪੜ ਕੇ ਮਨੁੱਖ ਦੁਨਿਆਵੀ ਮੋਹ ਦੇ ਵੰਧਨਾਂ ਚੋ ਨਿਕਲਕੇ ਰੱਬੀ ਕਾਇਨਾਤ ਨਾਲ ਪਿਆਰ ਕਰਨਾ ਸ਼ੁਰੂ ਕਰ ਦਿੰਦਾ ਹੈ।

**ਪ੍ਰਸ਼ਨ 13. ਮਾਰਫਤ ਕੀ ਹੈ ?**

ਉੱਤਰ—ਸੂਫੀਆਂ ਦੀ ਰੱਬ ਤੱਕ ਪਹੁੰਚਣ ਦੀ ਇਹ ਤੀਸਰੀ ਮੰਜਿਲ ਹੈ। ਇਸ ਨੂੰ ਜਬਰੂਤ ਵੀ ਆਖਿਆ ਜਾਂਦਾ ਹੈ। ਜਿੱਥੇ ਪਹੁੰਚ ਕੇ ਸਾਧਕ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ।

**ਪ੍ਰਸ਼ਨ 14. ਹਕੀਕਤ ਕੀ ਹੈ ?**

ਉੱਤਰ—ਇਹ ਚੌਥੀ ਤੇ ਅੰਤਿਮ ਮੰਜਿਲ ਹੈ। ਇਥੇ ਸੂਫੀ ਸਾਧਕਾਂ ਅਨੁਸਾਰ ਈਸ਼ਵਰ ਵਿਚ ਫਨਾਹ ਹੋ ਜਾਣਾ ਹੈ, ਅਭਾਵ ਹਾਸਿਲ ਕਰ ਲੈਣਾ ਹੀ ਹਕੀਕਤ ਅਖਵਾਉਂਦਾ ਹੈ।

**ਪ੍ਰਸ਼ਨ 15. ਸੂਫੀ ਕੌਣ ਹਨ ?**

ਉੱਤਰ—ਸੂਫੀ 'ਸੂਫ' ਦੇ ਕਪੜੇ ਪਹਿਨਣ ਵਾਲੇ ਮੁਸਲਮਾਨ ਹਨ। ਇਹ ਗਲ ਸੂਫ਼ ਦੇ ਕਪੜੇ ਪਾ ਕੇ ਪਹਿਲੀ ਕਤਾਰ ਵਿਚ ਖੜੇ ਹੋ ਕੇ ਪ੍ਰਮਾਤਮਾ ਦੀ ਬੰਦਗੀ ਕਰਦੇ ਹਨ। ਇਹ ਵੀ ਪਹਿਲਾਂ ਸਰੀਅਤ ਅਨੁਆਈ ਸਨ ਪਰ ਫਿਰ ਇਹ ਸਰੀਅਤ ਕਟੜਤਾ ਤੋ ਵੱਖ ਹੋ ਕੇ ਉਹਨਾਂ ਦੇ ਵਿਰੋਧ ਵਿਚ ਗਲਾ ਕਰਨ ਲਗ ਪਏ। ਇਸ ਪ੍ਰਕਾਰ ਇਹ ਇਕ ਵੱਖਰਾ ਹੀ ਫਿਰਕਾ ਹੈ।

**ਪ੍ਰਸ਼ਨ 16. ਗੁਰਮਤਿ ਕਾਵਿ ਤੋਂ ਕੀ ਭਾਵ ਹੈ ?**

ਉੱਤਰ—ਗੁਰਮਤਿ ਕਾਵਿ ਉਹ ਕਾਵਿ ਹੈ ਜਿਹੜਾ ਗੁਰੂ ਸਾਹਿਬਾਂ ਦੇ ਮੁਖਾਰ ਬਿੰਦ ਵਿੱਚੋ ਉਚਰਿਆ। ਗੁਰੂ ਸਾਹਿਬਾਂ ਦੁਆਰਾ ਰਚੀ ਹੋਈ ਬਾਣੀ ਨੂੰ ਗੁਰਮਤਿ ਕਾਵਿ ਕਿਹਾ ਜਾਂਦਾ ਹੈ।

**ਪ੍ਰਸ਼ਨ 17. ਵਾਰ ਤੋਂ ਕੀ ਭਾਵ ਹੈ ?**

ਉੱਤਰ—ਵਾਰ ਤੋਂ ਭਾਵ ਉਹ ਵਾਰਤਾ ਹੈ ਜੋ ਆਪਣੇ ਵਿਚ ਕਿਸੇ ਹੱਲੇ ਜਾ ਟਰੱਕ ਦਾ ਜ਼ਿਕਰ ਰਖਦੀ ਹੋਵੇ ਅਤੇ ਪਾਠਕਾਂ ਜਾਂ ਸਰੋਤਿਆਂ ਨੂੰ ਉਤਸਾਹਿਤ ਕਰੇ।

**ਪ੍ਰਸ਼ਨ 18. ਵਾਰਤਕ ਕੀ ਹੈ ?**

ਉੱਤਰ—ਵਾਰਤਕ ਟਿਕਵੀ ਬੁੱਧੀ ਦਾ ਦਲੀਲਮਈ ਪ੍ਰਗਟਾ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ ਵਾਰਤਕ ਰੂਹ ਦੀ ਨੰਗੀ ਤਸਵੀਰ ਨਹੀ ਸਗੋਂ ਦਿਮਾਗ ਦੀ ਨੰਗੀ ਤਸਵੀਰ ਹੈ। ਵਾਰਤਕ ਸਾਫ਼, ਸ਼ੁੱਧ ਤੇ ਸਧਾਰਨ ਬੋਲੀ ਹੈ, ਜੋ ਵਿਚਾਰਾਂ ਨੂੰ ਤੋਲ ਤੁਕਾਂਤ ਦੀ ਕੈਦ ਤਿਆਗ ਕੇ ਆਪਣੇ ਜੀਵਨ ਵਰਗੀ ਤੇ ਧਰਤੀ ਵਰਗੀ ਲੈਅ ਵਿਚ ਪੇਸ਼ ਕਰਦੀ ਹੈ।

**ਪ੍ਰਸ਼ਨ 19. ਲੇਖ ਕੀ ਹੈ ?**

ਉੱਤਰ—ਲੇਖ ਦਾ ਸ਼ਬਦੀ ਅਰਥ ਹੈ, ਲਿਖਿਆ ਹੋਇਆ। ਅੰਗਰੇਜੀ ਲੇਖ ਲਈ Essay ਸ਼ਬਦ ਹੈ, ਜਿਸ ਦਾ ਅਰਥ ਹੈ ਯਤਨ ਕਰਨਾ। ਹਰਬਰਟ ਰੀਡ ਵੀ ਲੇਖ ਨੂੰ ਪ੍ਰਤੀਯਤਨ ਹੀ ਕਹਿੰਦਾ ਹੈ। ਲੇਖ ਵਾਰਤਕ ਦਾ ਸਭ ਤੋਂ ਵੱਧ ਸ਼ੁਧ ਸ੍ਰੋਮਣੀ ਬੱਝਵੇਂ ਖਿਆਲਾ ਦਾ ਸੁੱਚਜਾ ਰੂਪ ਹੈ। ਲੇਖ ਆਪਣੇ ਵਿਚਾਰਾਂ ਦੀ ਲੜੀਦਾਰ ਸੂਚੀ ਹੈ। ਜੋ ਵਿਚਾਰਾਂ ਨੂੰ ਆਪਣੇ ਅਨੋਖੇ ਢੰਗ ਨਾਲ ਪੇਸ਼ ਕਰਦੀ ਹੈ। ਲੇਖ ਵਿਚ ਕਿਸੇ ਗੱਲ ਨੂੰ ਸੁਲਝਾਇਆ ਜਾਂਦਾ ਹੈ।

**ਪ੍ਰਸ਼ਨ 20. ਸਫਰਨਾਮਾ ਕੀ ਹੈ ?**



ਉੱਤਰ—ਸਫ਼ਰਨਾਮਾ ਉਹ ਸਾਹਿਤਕ ਰੂਪ ਹੈ, ਜਿਸ ਵਿਚ ਕਿਸੇ ਸਫ਼ਰ ਦਾ ਵਿਰਤਾਂਤਿਕ ਵਰਨਣ ਹੁੰਦਾ ਹੈ।

**ਪ੍ਰਸ਼ਨ 21. ਰੰਗਮੰਚ ਕੀ ਹੈ ?**

ਉੱਤਰ—ਰੰਗ ਮੰਚ ਨਾਟਕ ਦੀ ਦੇਹ ਹੈ। ਰੰਗਮੰਚ ਤੋਂ ਬਿਨਾ ਨਾਟਕ ਇਕ ਕਿਤਾਬ ਹੈ, ਅਹਿਲ ਹੈ, ਕੈਦ ਹੈ, ਅਪਰਸ ਹੈ। ਜੇ ਸਾਹਿਤ ਦਾ ਮਾਧਿਅਮ ਸ਼ਬਦ ਹਨ ਤਾਂ ਨਾਟਕ ਦਾ ਮਾਧਿਅਮ ਥੇਈਟਰ ਭਾਵ ਰੰਗਮੰਚ ਹੈ। ਰੰਗਮੰਚ ਨੂੰ ਅਸੀ ਥੀਏਟਰ ਜਾਂ ਸਟੇਜ ਵੀ ਕਹਿੰਦੇ ਹਾਂ, ਜਿੱਥੇ ਨਾਟਕ ਜਾਮਾ ਪਹਿਨਦਾ ਹੈ।

**ਪ੍ਰਸ਼ਨ 22. ਨਾਟਕ ਕੀ ਹੈ ?**

ਉੱਤਰ—ਨਾਟਕ ਜੀਵਨ ਘਟਨਾਵਾਂ ਦਾ ਐਸਾ ਸੰਗ੍ਰਹਿ ਹੈ। ਐਸਾ ਲੜੀਵਾਰ ਸੰਯੋਗ ਹੈ, ਐਸੀ ਸਮਾਧੀ ਇਕੱਠ ਹੈ ਜਿਸ ਵਿਚ ਸਾਰੀਆਂ ਘਟਨਾਵਾਂ, ਘਟਨਾਵਾਂ ਨੂੰ ਉਸਾਰਨ ਵਾਲੇ ਪਾਤਰ ਜਾ ਵਾਰਤਾਲਾਪ ਕਰਮ ਪ੍ਰਤੀਕਰਮ ਕਿਸੇ ਦ੍ਰਿਸਟੀਕੋਣ ਦੇ ਅਧੀਨ ਲੀਨ ਹੋ ਕੇ ਕਰਮਾਤਮਕ ਢੰਗ ਨਾਲ ਕਿਸੇ ਘੋਲ ਨੂੰ ਪ੍ਰਗਟਾਉਂਦੇ ਹਨ।

**ਪ੍ਰਸ਼ਨ 23. ਇਕਾਂਗੀ ਕੀ ਹੈ ?**

ਉੱਤਰ—ਇਕਾਂਗੀ ਨਾਟਕ ਦਾ ਹੀ ਛੋਟਾ ਰੂਪ ਹੈ। ਇਹ 30-45 ਮਿੰਟ ਤੋਂ ਵੀ ਘਟ ਸਮੇਂ ਵਿਚ ਪੂਰੀ ਹੋ ਜਾਂਦੀ ਹੈ। ਇਕਾਂਗੀ ਵਿਚ ਇਕੋ ਵਾਰ ਪਰਦਾ ਉੱਠਦਾ ਹੈ ਤੇ ਅੰਤ ਵਿਚ ਹੀ ਥਲੇ ਸੁੱਟਿਆ ਜਾਂਦਾ ਹੈ। ਇਕਾਂਗੀ ਆਪਣੀ ਤੇਜ ਰਫਤਾਰ ਨਾਲ ਸਿਖਰ ਤੇ ਚੜਦੀ ਅਤੇ ਝੱਟ ਹੀ ਹੇਠ ਵਲ ਅੰਤ ਤੇ ਪਹੁੰਚਦੀ ਹੈ। ਇਕਾਂਗੀ ਵਿਚ ਵੱਡੀ ਤੋਂ ਵੱਡੀ ਗਲ ਥੋੜੇ ਸ਼ਬਦਾਂ ਵਿਚ ਕਹੀ ਜਾ ਸਕਦੀ ਹੈ। ਇਕਾਂਗੀ ਅਸਲ ਵਿਚ ਦਰਿਆ ਨੂੰ ਕੁੱਜੇ ਵਿਚ ਪਾ ਕੇ ਉਸਦੀ ਤਰੰਗ ਆਤਮਿਕ ਵੇਗ ਨੂੰ ਸੁਰਜੀਤ ਕਰਨ ਦਾ ਨਾਂ ਹੈ।

ਵਸਤੂ ਨਿਸ਼ਠ ਪ੍ਰ.

1. 'ਰਉਂ ਰੁੱਖ' ਕਵਿਤਾ ਦਾ ਕਵੀ ਹੈ'

ੳ) ਭਾਈ ਵੀਰ ਸਿੰਘ

ਅ) ਹਰਿਭਜਨ ਸਿੰਘ

ੲ) ਕਿਰਪਾ ਸਾਗਰ

ਸ) ਮਨਜੀਤ ਟਿਵਾਣਾ

2. ਭਾਈ ਵੀਰ ਸਿੰਘ ਕਵੀ ਹੈ —

ੳ) ਰੁਮਾਂਟਿਕ

ਅ) ਪ੍ਰਗਤੀਵਾਦੀ

ੲ) ਪਿਆਰ ਦਾ

ਸ) ਕੁਦਰਤ ਦਾ

3. ਭਾਈ ਵੀਰ ਸਿੰਘ ਨੇ ਦਰਸਾਇਆ ਹੈ—

ੳ) ਪਿਆਰ ਦੀ ਮਹੱਤਾ

ਅ) ਬਿਰਹਾ ਦੀ ਮਹੱਤਾ

ੲ) ਨਿਮਰਤਾ ਦੀ ਮਹੱਤਾ

ਸ) ਪ੍ਰਗਤੀਵਾਦ ਦੀ ਮਹੱਤਾ

4. ਭਾਈ ਵੀਰ ਸਿੰਘ ਨੇ ਸੰਵਾਦ ਰਚਾਇਆ ਹੈ—

ੳ) ਵਿਸ਼ੇਸ਼ਤਾ ਦਾ ਸੰਵਾਦ

ਅ) ਸੁੰਦਰਤਾ ਦਾ ਸੰਵਾਦ



ੲ) ਅਭਿਵਿਅਕਤੀ ਦਾ ਸੰਵਾਦ

ਸ) ਪ੍ਰਸ਼ਨੋਂਉਤਰੀ ਦਾ ਸੰਵਾਦ

5. 'ਰਾਧਾ ਸੰਦੇਸ਼' ਦਾ ਕਵੀ ਹੈ—

ੳ) ਭਾਈ ਵੀਰ ਸਿੰਘ

ਅ) ਧਨੀ ਰਾਮ ਚਾਤ੍ਰਿਕ

ੲ) ਸੁਰਜੀਤ ਪਾਤਰ

ਸ) ਹਰਿਭਜਨ ਸਿੰਘ

6. 'ਰਾਧਾ ਸੰਦੇਸ਼' ਵਿਚ ਕਿਸ ਪਿਆਰ ਦਾ ਵਰਨਣ ਕੀਤਾ ਗਿਆ ਹੈ—

ੳ) ਸੀਤਾ ਰਾਮ

ਅ) ਰਾਧਾ ਕ੍ਰਿਸ਼ਨ

ੲ) ਹੀਰ ਰਾਂਝਾ

ਸ) ਸੱਸੀ ਪੁੰਨੂ

7. 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਦਾ ਕਵੀ ਹੈ+

ੳ) ਭਾਈ ਵੀਰ ਸਿੰਘ

ਅ) ਧਨੀ ਰਾਮ ਚਾਤ੍ਰਿਕ

ੲ) ਪ੍ਰੋ. ਪੂਰਨ ਸਿੰਘ

ਸ) ਕਿਰਪਾ ਸਾਗਰ

8. 'ਖੈਰ ਪੰਜਾਬੀ ਦੀ' ਦਾ ਕਵੀ ਹੈ—

ੳ) ਧਨੀ ਰਾਮ ਚਾਤ੍ਰਿਕ

ਅ) ਕਿਰਪਾ ਸਾਗਰ

ੲ) ਫੀਰੋਜ਼ਦੀਨ ਸ਼ਰਫ਼

ਸ) ਪ੍ਰੋ. ਪੂਰਨ ਸਿੰਘ

9. 'ਚੁੰਮ ਚੁੰਮ ਰੱਖੋ' ਸ਼ਾਇਰੀ ਦਾ ਕਵੀ ਹੈ—

ੳ) ਨੰਦ ਲਾਲ ਨੂਰਪੁਰੀ

ਅ) ਪ੍ਰੋ. ਪੂਰਨ ਸਿੰਘ

ੲ) ਫ਼ੀਰੋਜ਼ਦੀਨ ਸ਼ਰਫ਼

ਸ) ਭਾਈ ਵੀਰ ਸਿੰਘ

10. 'ਚੁੰਮ ਚੁੰਮ ਰੱਖੋ' ਸ਼ਾਇਰ ਦੀ ਵੰਨਗੀ ਹੈ—

ੳ) ਗਜ਼ਲ

ਅ) ਰੁਬਾਈ

ੲ) ਗੀਤ

ਸ) ਕਵਿਤਾ

11. 'ਮਜਦੂਰ' ਕਵਿਤਾ ਦਾ ਕਵੀ ਹੈ—

ੳ) ਭਾਈ ਵੀਰ ਸਿੰਘ

ਅ) ਪ੍ਰੋ. ਪੂਰਨ ਸਿੰਘ

ੲ) ਪ੍ਰੋ. ਮੋਹਨ ਸਿੰਘ

ਸ) ਫ਼ੀਰੋਜ਼ਦੀਨ ਸ਼ਰਫ਼

12. 'ਮਜਦੂਰ' ਕਵਿਤਾ ਵਿਚ ਤਸਵੀਰ ਪੇਸ਼ ਕੀਤੀ ਗਈ ਹੈ—

ੳ) ਇਕ ਗਰੀਬ ਦੀ

ਅ) ਇਕ ਅਮੀਰ ਦੀ

ੲ) ਇਕ ਕ੍ਰਾਂਤੀਕਾਰੀ ਦੀ

ਸ) ਇਕ ਮਜਦੂਰ ਦੀ

13. 'ਬਾਰਾਂਮਾਂਹ' ਕਵਿਤਾ ਦੀ ਸਿਰਜਕ ਹੈ—

ੳ) ਅੰਮ੍ਰਿਤਾ ਪ੍ਰੀਤਮ



ਅ) ਮਨਜੀਤ ਟਿਵਾਣਾ

ੲ) ਪ੍ਰਭਜੋਤ ਕੌਰ

ਸ) ਸੁਖਵਿੰਦਰ

14. 'ਰਉਂ' ਰੁੱਖ ਦਾ ਵਿਸ਼ਾ ਸੰਬੰਧਤ ਹੈ—

ੳ) ਪਿਆਰ ਨਾਲ

ਅ) ਆਦਰਸ਼ ਨਾਲ

ੲ) ਪ੍ਰਗਤੀਵਾਦ ਨਾਲ

ਸ) ਨਿਮਰਤਾ ਨਾਲ

15. 'ਪੁਰਾਣੇ ਪੰਜਾਬ ਨੂੰ ਆਵਾਜ਼ਾਂ' ਕਵਿਤਾ ਰਾਹੀਂ ਤੁਲਣਾਇਆ ਹੈ-

ੳ) ਅੱਜ ਦੇ ਅਮਰੀਕੀ ਸਭਿਆਚਾਰ ਨੂੰ

ਅ) ਅੱਜ ਦੇ ਪੰਜਾਬੀ ਸਭਿਆਚਾਰ ਨੂੰ

ੲ) ਅੱਜ ਦੇ ਬੰਗਾਲੀ ਸਭਿਆਚਾਰ ਨੂੰ

ਸ) ਅੱਜ ਦੇ ਭਾਰਤੀ ਸਭਿਆਚਾਰ ਨੂੰ

ਪ੍ਰਸ਼ਨ 15

1. ਆਈ. ਸੀ. ਨੰਦਾ ਦਾ ਇਕਾਂਗੀ-

ੳ) ਮਾਂ ਦਾ ਡਿਪਟੀ

ਅ) ਦੂਜਾ ਵਿਆਹ

ੲ) ਮਨ ਦੀਆਂ ਮਨ ਵਿਚ

ਸ) ਅਪਮਾਨ

2. 'ਮਾਂ ਦਾ ਡਿਪਟੀ' ਦਾ ਵਿਸ਼ਾ

ੳ) ਅਣਮੇਲ ਵਿਆਹ ਦੀ ਸਮੱਸਿਆ

ਅ) ਬੇਰੁਜਗਾਰੀ ਦੀ ਸਮੱਸਿਆ

ੲ) ਰਿਸ਼ਤਿਆਂ ਦੀ ਟੁੱਟ-ਭੁੱਜ ਦੀ ਸਮੱਸਿਆ

ਸ) ਗਰੀਬੀ ਦੀ ਸਮੱਸਿਆ

3. ਵਸਾਵਾ ਸਿੰਘ ਕਿਸ ਇਕਾਂਗੀ ਦਾ ਪਾਤਰ ਹੈ—

ੳ) ਮਨ ਦੀਆਂ ਮਨ ਵਿਚ

ਅ) ਮਾਂ ਦਾ ਡਿਪਟੀ

ੲ) ਅਪਮਾਨ

ਸ) ਦੂਜਾ ਵਿਆਹ

4. ਨਾਰਾਇਣ ਸਿੰਘ ਇਕ ਇਕਾਂਗੀ ਦਾ ਪਾਤਰ ਹੈ—

ੳ) ਅਪਮਾਨ

ਅ) ਮਾਂ ਦਾ ਡਿਪਟੀ

ੲ) ਮਨ ਦੀਆਂ ਮਨ ਵਿੱਚ

ਸ) ਦੂਜਾ ਵਿਆਹ

5. ਹਰਚਰਨ ਸਿੰਘ ਦਾ ਇਕਾਂਗੀ

ੳ) ਮਨ ਦੀਆਂ ਮਨ ਵਿਚ

ਅ) ਮਾਂ ਦਾ ਡਿਪਟੀ

ੲ) ਦੂਜਾ ਵਿਆਹ

ਸ) ਅਪਮਾਨ

6. 'ਮਨ ਦੀਆਂ ਮਨ ਵਿਚ' ਦਾ ਵਿਸ਼ਾ

ੳ) ਧਾਰਮਿਕ ਅਤੇ ਦਾਰਸ਼ਨਿਕ

ਅ) ਸਭਿਆਚਾਰਕ ਅਤੇ ਰਾਜਨੀਤਿਕ

ੲ) ਪਰਿਵਾਰਕ ਅਤੇ ਸਿਖਿਅਕ

ਸ) ਸਮਾਜਕ ਅਤੇ ਯਥਾਰਥਕ



7. 'ਮਨ ਦੀਆਂ ਮਨ ਵਿੱਚ' ਇਕਾਂਗੀ ਸਮੱਸਿਆ ਨਾਲ ਸੰਬੰਧਿਤ ਹੈ—

ੳ) ਪਰਿਵਾਰਕ ਸਮੱਸਿਆ

ਅ) ਸਿੱਖਿਆ ਸੰਬੰਧੀ ਸਮੱਸਿਆ

ੲ) ਧਰਮ ਸੰਬੰਧੀ ਸਮੱਸਿਆ

ਸ) ਅਣਜੋੜ ਵਿਆਹ ਦੀ ਸਮੱਸਿਆ

8. ਅੱਥੋ ਕਿਸ ਇਕਾਂਗੀ ਦੀ ਪਾਤਰ ਹੈ

ੳ) ਮਨ ਦੀਆਂ ਮਨ ਵਿਚ

ਅ) ਦੂਜਾ ਵਿਆਹ

ੲ) ਮਾਂ ਦਾ ਡਿਪਟੀ

ਸ) ਅਪਮਾਨ

9. ਸ਼ੇਰੂ ਕਿਸ ਇਕਾਂਗੀ ਦਾ ਪਾਤਰ ਹੈ—

ੳ) ਮਾਂ ਦਾ ਡਿਪਟੀ

ਅ) ਮਨ ਦੀਆਂ ਮਨ ਵਿੱਚ

ੲ) ਦੂਜਾ ਵਿਆਹ

ਸ) ਅਪਮਾਨ

10. 'ਮਨ ਦੀਆਂ ਮਨ ਵਿਚ' ਦਾ ਵਿਸ਼ਾ+

ੳ) ਧਰਮ ਨਾਲ ਸੰਬੰਧਿਤ ਹੈ

ਅ) ਰਾਜਨੀਤੀ ਨਾਲ ਸੰਬੰਧਿਤ ਹੈ

ੲ) ਔਰਤ ਦੀ ਸਥਿਤੀ ਦੇ ਦੁਖਾਂਤ ਨਾਲ ਸੰਬੰਧਿਤ ਹੈ

ਸ) ਪੰਜਾਬ ਦੀ ਸਮੱਸਿਆ ਨਾਲ ਸੰਬੰਧਿਤ ਹੈ

11. ਸੁਰਜੀਤ ਸਿੰਘ ਸੇਠੀ ਦਾ ਇਕਾਂਗੀ—

ੳ) ਮਾਂ ਦਾ ਡਿਪਟੀ

ਅ) ਅਪਮਾਨ

ੲ) ਮਨ ਦੀਆਂ ਮਨ ਵਿਚ

ਸ) ਦੂਜਾ ਵਿਆਹ

12. 'ਅਪਮਾਨ' ਦਾ ਵਿਸ਼ਾ ਹੈ—

ੳ) ਸਭਿਆਚਾਰਕ

ਅ) ਸਮਾਜਕ

ੲ) ਰਾਜਨੀਤਿਕ (ਸ) ਮਨੋਵਿਗਿਆਨਕ

13. 'ਅਪਮਾਨ' ਦਾ ਨਾਇਕ ਹੈ—

ੳ) ਜਗਬੀਰ

ਅ) ਨੂਰਾ

ੲ) ਬਿਪਨ

ਸ) ਰੌਬਰਟ

14. 'ਅਪਮਾਨ' ਦੀ ਨਾਇਕਾ ਹੈ—

ੳ) ਸੁਮਨ

ਅ) ਸਪਨਮਾਲਾ

ੲ) ਸੁਸ਼ਮਾ

ਸ) ਸੁਧਾ

15. ਮਨ ਦੀਆਂ ਮਨ ਵਿੱਚ ਪ੍ਰਮੁੱਖ ਪਾਤਰ ਹਨ—

ੳ) ਸੱਤ

ਅ) ਪੰਜ

ੲ) ਤਿੰਨ

ਸ) ਨੌਂ